PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 08 ਅਕਤੂਬਰ ਤੋਂ 14 ਅਕਤੂਬਰ, 2026 | Email :- editor@punjabstar.com, Vo. 20. Issue:1258


## ਲੈਂਗਲੀ 'ਚ ਪੰਜਾਬੀ ਦੀ ਹੱਤਿਆ

### ਦੋ ਪੰਜਾਬੀ ਹਥਿਆਰਾਂ ਦੀ ਖੇਪ ਸਮੇਤ ਕਾਬੂ




(ਪੰਜਾਬ ਸਟਾਰ ਬਿਓਰੋ): ਇੱਥੋਂ ਨੇੜਲੇ ਸ਼ਹਿਰ ਲੈਂਗਲੀ ਵਿੱਚ ਅਣਪਛਾਤਿਆਂ ਵੱਲੋਂ ਇੱਕ ਪੰਜਾਬੀ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ। ਦੂਜੇ ਪਾਸੇ, ਵਿੰਨੀਪੈਗ ਨੇੜੇ ਪੁਲੀਸ ਨੇ ਦੋ ਪੰਜਾਬੀਆਂ ਨੂੰ ਨਜਾਇਜ਼ ਹਥਿਆਰਾਂ, ਕਾਰਤੂਸਾਂ ਦੀ ਵੱਡੀ ਖੇਪ ਅਤੇ ਨਕਦੀ ਸਮੇਤ ਬਰਾਮਦ ਕੀਤਾ ਹੈ। ਲੈਂਗਲੀ ਵਿੱਚ ਮਾਰੇ ਗਏ ਵਿਅਕਤੀ ਦੀ ਪਛਾਣ ਪੁਲੀਸ ਨੇ ਅਜੇ ਤੱਕ ਜਾਰੀ ਨਹੀਂ ਕੀਤੀ ਹੈ, ਪਰ ਇਹ ਪੁਸ਼ਟੀ ਹੋ ਗਈ ਹੈ ਕਿ ਉਹ 23 ਸਾਲਾਂ ਦਾ ਇੱਕ ਪੰਜਾਬੀ ਨੌਜਵਾਨ ਹੈ, * ਬਾਕੀ ਸਫ਼ਾ 2 'ਤੇ

## ਟਰੰਪ ਖ਼ਿਲਾਫ਼ ਆਪਣਿਆਂ 'ਚ ਹੀ ਬਗਾਵਤ !

### ਮਿਡਟਰਮ ਚੋਣਾਂ ਤੋਂ ਪਹਿਲਾਂ ਰਿਪਬਲਿਕਨ ਪਾਰਟੀ 'ਚ ਵਧੀ ਬੇਚੈਨੀ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਮਿਡਟਰਮ ਚੋਣਾਂ ਤੋਂ ਪਹਿਲਾਂ ਆਪਣੀ ਹੀ ਰਿਪਬਲਿਕਨ ਪਾਰਟੀ ਵਿੱਚ ਚਿੰਤਾ ਵਧਦੀ ਨਜ਼ਰ ਆ ਰਹੀ ਹੈ। ਟਰੰਪ ਦੀ ਲੋਕਪ੍ਰਿਯਤਾ ਵਿੱਚ ਕਮੀ ਦੇ ਸੰਕੇਤਾਂ ਵਿਚਕਾਰ ਕਈ ਰਿਪਬਲਿਕਨ ਉਮੀਦਵਾਰ ਉਨ੍ਹਾਂ ਤੋਂ ਦੂਰੀ ਬਣਾਉਣ ਲੱਗੇ ਹਨ। ਪਾਰਟੀ ਆਗੂਆਂ ਨੂੰ ਡਰ ਹੈ ਕਿ ਜੇ ਚੋਣਾਂ ਵਿੱਚ ਟਰੰਪ ਦੀਆਂ * ਬਾਕੀ ਸਫ਼ਾ 2 'ਤੇ

## ਨਾਈਜੀਰੀਆ 'ਚ ਫੌਜੀ ਜਹਾਜ਼ ਕਰੈਸ਼

### 32 ਲੋਕਾਂ ਦੀ ਮੌਤ

### 25 ਯਾਤਰੀਆਂ ਅਤੇ 7 ਚਾਲਕ ਦਲ ਦੇ ਮੈਂਬਰ ਸਨ ਮੌਜੂਦ



(ਪੰਜਾਬ ਸਟਾਰ ਬਿਓਰੋ): ਦੱਖਣੀ ਨਾਈਜੀਰੀਆ ਵਿੱਚ ਸੋਮਵਾਰ ਨੂੰ 25 ਯਾਤਰੀਆਂ ਅਤੇ ਚਾਲਕ ਦਲ ਦੇ ਸੱਤ ਮੈਂਬਰਾਂ ਨੂੰ ਲੈ ਕੇ ਜਾ ਰਿਹਾ ਇੱਕ ਫੌਜੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਸਵਾਰ ਸਾਰੇ 32 ਲੋਕਾਂ ਦੀ ਮੌਤ ਹੋ ਗਈ।

ਨਾਈਜੀਰੀਆ ਦੇ ਰਾਸ਼ਟਰਪਤੀ ਬੋਲਾ ਟੀਨੂਬੂ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਰਾਸ਼ਟਰਪਤੀ ਅਤੇ ਹਵਾਈ ਸੈਨਾ ਅਨੁਸਾਰ, ਇਹ ਜਹਾਜ਼ ਦੱਖਣੀ ਨਾਈਜੀਰੀਆ ਦੇ ਬੇਨਿਨ ਸ਼ਹਿਰ ਤੋਂ ਆਰਥਿਕ ਕੇਂਦਰ ਲਾਗੋਸ ਲਈ ਇੱਕ ਰੁਟੀਨ ਮਿਸ਼ਨ 'ਤੇ ਸੀ, ਸਵੇਰੇ 9:00 ਵਜੇ ਤੋਂ ਥੋੜ੍ਹੀ ਦੇਰ ਬਾਅਦ ਓਂਡੋ ਰਾਜ ਦੇ ਇਗਬੋਕੋਡਾ ਵਿਖੇ ਇਹ ਹਾਦਸਾਗ੍ਰਸਤ ਹੋ ਗਿਆ।

ਟਿਨੂਬੂ ਦੇ ਦਫ਼ਤਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਨੇ 25 ਯਾਤਰੀਆਂ ਅਤੇ ਚਾਲਕ ਦਲ ਦੇ ਸੱਤ ਮੈਂਬਰਾਂ ਦੇ ਪਰਿਵਾਰਾਂ * ਬਾਕੀ ਸਫ਼ਾ 2 'ਤੇ

## ਕਾਂਗੋ ਦਰਿਆ 'ਤੇ ਵੱਡਾ ਹਾਦਸਾ

### ਕਿਸ਼ਤੀਆਂ ਦੀ ਟੱਕਰ ਤੋਂ ਬਾਅਦ ਘੱਟੋ-ਘੱਟ 30 ਲੋਕਾਂ ਦੀ ਮੌਤ ਅਤੇ ਦਰਜਨਾਂ ਲਾਪਤਾ



(ਪੰਜਾਬ ਸਟਾਰ ਬਿਓਰੋ): ਡੈਮੋਕਰੇਟਿਕ ਰਿਪਬਲਿਕ ਆਫ਼ ਕਾਂਗੋ ਵਿੱਚ ਕਾਂਗੋ ਦਰਿਆ 'ਤੇ ਲੱਕੜ ਦੀਆਂ ਦੋ ਮੋਟਰ-ਚਾਲਿਤ ਕਿਸ਼ਤੀਆਂ ਵਿਚਕਾਰ ਹੋਈ ਭਿਆਨਕ ਟੱਕਰ ਤੋਂ ਬਾਅਦ ਘੱਟੋ-ਘੱਟ 30 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਲੋਕ ਲਾਪਤਾ ਹਨ। ਸਥਾਨਿਕ ਅਧਿਕਾਰੀਆਂ ਨੇ ਸੋਮਵਾਰ ਨੂੰ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ ਹੈ। ਇਕਵੇਟਰ ਸੂਬੇ ਦੇ ਸੂਬਾਈ ਗ੍ਰਹਿ ਮੰਤਰੀ ਕ੍ਰਿਸਪਿਨ ਮਾਪੁਤੂ ਅਨੁਸਾਰ, ਕਿਸ਼ਤੀ ਹਾਦਸਾ ਨਗੋਮਬੇ-ਲੁਕੋਲੇਲਾ ਖੇਤਰ ਨੇੜੇ ਵਾਪਰਿਆ। * ਬਾਕੀ ਸਫ਼ਾ 2 'ਤੇ

## ਅਮਰੀਕਾ ਨੇ ਭਾਰਤੀ ਸਮੇਤ 40 ਲੋਕਾਂ ਦੀ ਨਾਗਰਿਕਤਾ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕਾ ਨੇ ਆਧੁਨਿਕ ਇਤਿਹਾਸ ਦੀ 'ਨਾਗਰਿਕਤਾ' ਰੱਦ ਕਰਨ ਦੀ ਸਭ ਤੋਂ ਵੱਡੀ ਪ੍ਰਕਿਰਿਆ ਸ਼ੁਰੂ ਕਰ ਦਿਤੀ ਹੈ, ਜਿਸ ਵਿਚ ਇਕ ਭਾਰਤੀ-ਅਮਰੀਕੀ ਸਮੇਤ 40 ਵਿਅਕਤੀਆਂ ਦੀ ਅਮਰੀਕੀ ਨਾਗਰਿਕਤਾ ਰੱਦ ਕਰਨ ਲਈ ਵੱਖ-ਵੱਖ ਅਦਾਲਤਾਂ ਵਿਚ ਕਾਰਵਾਈ ਸ਼ੁਰੂ ਕੀਤੀ ਗਈ ਹੈ। * ਬਾਕੀ ਸਫ਼ਾ 2 'ਤੇ

## ਕੈਨੇਡੀਅਨ ਬੈਂਕਾਂ ਨੇ ਚੁੱਪ-ਚਪੀਤੇ ਵਧਾਈਆਂ interest ਦਰਾਂ

### * ਫ਼ਿਕਸਡ ਮੌਰਗੇਜ ਵਾਲੇ ਲੋਕਾਂ 'ਤੇ ਹਜ਼ਾਰਾਂ ਡਾਲਰ ਦਾ ਬੋਝ
### * ਬੈਂਕ ਆਫ਼ ਕੈਨੇਡਾ ਦੀ ਸਮੀਖਿਆ ਮੀਟਿੰਗ 28 ਅਕਤੂਬਰ ਨੂੰ




ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿਚ ਚੁੱਪ-ਚਪੀਤੇ ਵਧੀਆਂ ਵਿਆਜ ਦਰਾਂ ਨੇ ਲੋਕਾਂ ਉਤੇ ਹਜ਼ਾਰਾਂ ਡਾਲਰ ਦਾ ਬੋਝ ਪਾ ਦਿਤਾ ਹੈ। ਜੀ ਹਾਂ, ਬੈਂਕ ਆਫ਼ ਕੈਨੇਡਾ ਵੱਲੋਂ ਵਿਆਜ ਦਰਾਂ ਸਥਿਰ ਰੱਖਣ ਦੇ ਬਾਵਜੂਦ ਸੀ.ਆਈ.ਬੀ.ਸੀ. ਅਤੇ ਟੀ.ਡੀ. ਨੇ ਪਿਛਲੇ ਦਿਨੀਂ ਫ਼ਿਕਸ ਮੌਰਗੇਜ ਦਰਾਂ ਵਿਚ 20 ਆਧਾਰ ਅੰਕਾਂ ਦਾ ਵਾਧਾ ਕਰ ਦਿਤਾ। ਸਪੱਸ਼ਟ ਲਫ਼ਜ਼ਾਂ ਵਿਚ ਸਮਝਿਆ ਜਾਵੇ ਤਾਂ 25 ਸਾਲ ਮਿਆਦ ਵਾਲਾ ਪੰਜ ਲੱਖ ਡਾਲਰ ਦਾ ਮਕਾਨ ਕਰਜ਼ਾ ਨਵਿਆਉਣ 'ਤੇ 55 ਡਾਲਰ ਮਹੀਨਾ ਦਾ ਵਾਧਾ ਹੋ ਜਾਵੇਗਾ ਅਤੇ ਪੰਜ ਸਾਲ ਦੀ ਕੁਲ ਰਕਮ 3,300 ਡਾਲਰ ਬਣਦੀ ਹੈ।

ਦੋਹਾਂ ਬੈਂਕਾਂ ਤੋਂ ਪਹਿਲਾਂ ਬੀ.ਐਮ.ਓ., ਨੈਸ਼ਨਲ ਬੈਂਕ, ਆਰ.ਬੀ.ਸੀ. ਅਤੇ ਸਕੋਸ਼ੀਆ ਬੈਂਕ ਨੇ ਵੀ 5 ਆਧਾਰ ਅੰਕਾਂ ਤੋਂ 40 ਆਧਾਰ ਅੰਕਾਂ ਤੱਕ ਵਿਆਜ ਦਰਾਂ ਵਧਾ ਦਿਤੀਆਂ। ਆਰਥਿਕ ਮਾਹਰਾਂ ਦਾ * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਹਿੰਦੂ ਮੰਦਰ ਵਿਰੁੱਧ ਵੱਡੀ ਕਾਰਵਾਈ



ਬਰੈਂਪਟਨ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਇੰਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕਰਦਿਆਂ ਇੰਡੀਆ ਤੋਂ ਕਾਮਿਆਂ ਦੀ ਭਰਤੀ ਕਰਨ ਦੇ ਦੋਸ਼ ਹੇਠ ਬਰੈਂਪਟਨ ਦੇ ਹਿੰਦੂ ਮੰਦਰ ਨੂੰ 10 ਹਜ਼ਾਰ ਡਾਲਰ ਜੁਰਮਾਨਾ ਲਾਇਆ ਗਿਆ ਹੈ। ਬਰੈਂਪਟਨ ਦੇ ਵਿਲਕਿਨਸਨ ਰੋਡ 'ਤੇ ਸਥਿਤ ਸ੍ਰੀ ਭੁਵਨੇਸ਼ਵਰੀ ਹਿੰਦੂ ਟੈਂਪਲ ਵਿਚ ਪੁੱਜੇ ਇੰਸਪੈਕਟਰ ਨੂੰ ਸਬੰਧਤ ਦਸਤਾਵੇਜ਼ ਮੁਹੱਈਆ ਨਾ ਕਰਵਾਏ ਜਾਣ ਮਗਰੋਂ ਇਹ ਕਾਰਵਾਈ ਕੀਤੀ ਗਈ ਪਰ ਟੈਂਪਰੇਰੀ ਫ਼ੌਰਨ ਵਰਕਰਜ਼ ਪ੍ਰੋਗਰਾਮ ਤਹਿਤ ਭਵਿੱਖ ਵਿਚ ਕਾਮਿਆਂ ਦੀ ਭਰਤੀ ਕਰਨ ਉਤੇ ਪਾਬੰਦੀ ਲਾਗੂ ਨਹੀਂ ਕੀਤੀ ਗਈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਹਿੰਦੂ ਮੰਦਰ ਦੇ ਪ੍ਰਬੰਧਕਾਂ ਨੇ ਇੰਮੀਗ੍ਰੇਸ਼ਨ ਐਂਡ ਰਫ਼ਿਊਜੀਜ਼ ਪ੍ਰੋਟੈਕਸ਼ਨ ਐਕਟ ਦੀ ਧਾਰਾ 209.4 1 ਬੀ ਦੀ ਉਲੰਘਣਾ ਕੀਤੀ ਜਿਸ ਦੇ ਸਿੱਟੇ ਵਜੋਂ ਪ੍ਰਸ਼ਾਸਕੀ ਨਿਗਰਾਨੀ * ਬਾਕੀ ਸਫ਼ਾ 2 'ਤੇ

## ਚੋਣ ਤੋਂ ਪਹਿਲਾਂ ਵਿੰਨੀਪੈਗ ਵਾਸੀ ਪ੍ਰਬੰਧ ਤੋਂ ਨਾਖ਼ੁਸ਼

### ਸੜਕਾਂ, ਸੁਰੱਖਿਆ ਤੇ ਨਸ਼ਾ: ਲੋਕਾਂ ਦਾ ਮੂਡ ਖ਼ਰਾਬ, ਮੌਜੂਦਾ ਪ੍ਰਬੰਧ ਲਈ ਵੱਡੀ ਚੁਣੌਤੀ




(ਪੰਜਾਬ ਸਟਾਰ ਬਿਓਰੋ): ਵਿੰਨੀਪੈਗ ਦੇ ਅੱਧੇ ਤੋਂ ਵੱਧ ਲੋਕਾਂ ਦਾ ਮੰਨਣਾ ਹੈ ਕਿ ਸ਼ਹਿਰ ਗ਼ਲਤ ਦਿਸ਼ਾ ਵੱਲ ਜਾ ਰਿਹਾ ਹੈ। ਐਬਾਕਸ ਡਾਟਾ ਦੇ ਨਵੇਂ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਵੱਡੀ ਗਿਣਤੀ ਵਿੱਚ ਵਸਨੀਕ ਸ਼ਹਿਰ ਦੇ ਮੌਜੂਦਾ ਪ੍ਰਬੰਧ ਅਤੇ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹਨ। ਸੜਕਾਂ ਅਤੇ ਖੱਡੇ ਲੋਕਾਂ ਦੀਆਂ ਸਭ ਤੋਂ ਵੱਡੀਆਂ ਸ਼ਿਕਾਇਤਾਂ ਵਿੱਚ ਸ਼ਾਮਲ ਹਨ।

ਇਹ ਸਰਵੇਖਣ ਅਜਿਹੇ ਸਮੇਂ ਆਇਆ ਹੈ ਜਦੋਂ ਵਿੰਨੀਪੈਗ ਵਿੱਚ 2026 ਦੀ ਮਿਊਂਸੀਪਲ ਚੋਣ 28 ਅਕਤੂਬਰ ਨੂੰ ਹੋਣੀ ਹੈ। ਲੋਕ ਮੇਅਰ, ਆਪਣੇ ਵਾਰਡ ਦੇ ਕੌਂਸਲਰ ਅਤੇ ਸਕੂਲ ਟਰੱਸਟੀ ਲਈ ਵੋਟ ਪਾਉਣਗੇ। ਸੜਕਾਂ ਦੀ ਮੁਰੰਮਤ, ਜਨਤਕ ਆਵਾਜਾਈ, ਸੁਰੱਖਿਆ, ਕੂੜਾ ਪ੍ਰਬੰਧਨ ਅਤੇ ਰਹਿਣ-ਸਹਿਣ ਦੇ ਵਧ ਰਹੇ ਖ਼ਰਚੇ ਚੋਣਾਂ ਦੇ ਮੁੱਖ ਮੁੱਦੇ ਬਣੇ ਹੋਏ ਹਨ।

'ਵਿੰਨੀਪੈਗ ਫ਼ਰੀ ਪ੍ਰੈੱਸ' ਲਈ ਕਰਵਾਏ ਗਏ ਸਰਵੇਖਣ ਵਿੱਚ ਲਗਭਗ ਅੱਧੇ ਜਵਾਬਦੇਹਾਂ * ਬਾਕੀ ਸਫ਼ਾ 2 'ਤੇ

## ਚੋਣਾਂ ਤੋਂ ਪਹਿਲਾਂ ਮੁੜ ਸਿਆਸਤ ਦੇ ਕੇਂਦਰ 'ਚ 'ਨਸ਼ਿਆਂ ਦਾ ਮੁੱਦਾ'

### ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ 'ਆਪ' ਸਰਕਾਰ



(ਪੰਜਾਬ ਸਟਾਰ ਬਿਓਰੋ): ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਸੂਬੇ ਵਿੱਚ ਨਸ਼ਿਆਂ ਦਾ ਮੁੱਦਾ ਇੱਕ ਵਾਰ ਫਿਰ ਸਿਆਸੀ ਬਹਿਸ ਦੇ ਕੇਂਦਰ ਵਿੱਚ ਆ ਗਿਆ ਹੈ। ਵਿਰੋਧੀ ਧਿਰਾਂ ਨੇ ਨਸ਼ਿਆਂ ਦੀ ਸਮੱਗਲਿੰਗ ਅਤੇ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਸਰਕਾਰ ਖ਼ਿਲਾਫ਼ ਤਿੱਖਾ ਮੋਰਚਾ ਖੋਲ੍ਹ ਦਿੱਤਾ ਹੈ। ਦੂਜੇ ਪਾਸੇ, ਭਗਵੰਤ ਮਾਨ ਸਰਕਾਰ ਨੇ ਆਪਣੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਹੈ ਕਿ ਲਗਭਗ 80,000 ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਵਿਰੋਧੀ ਧਿਰਾਂ 'ਤੇ ਸਿਆਸੀ ਲਾਹਾ ਲੈਣ ਲਈ ਪੰਜਾਬ ਨੂੰ ਬਦਨਾਮ ਕਰਨ ਦੇ ਦੋਸ਼ ਲਾਏ ਹਨ।

ਭਾਰਤੀ ਜਨਤਾ ਪਾਰਟੀ (BJP) ਨੇ ਇਸ ਮੁੱਦੇ ਨੂੰ ਆਪਣੀ ਚੋਣ ਮੁਹਿੰਮ ਦਾ ਮੁੱਖ ਹਥਿਆਰ ਬਣਾਉਂਦਿਆਂ 13 ਦਿਨਾਂ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਕੱਢੀ, ਜੋ 117 ਵਿਧਾਨ ਸਭਾ ਹਲਕਿਆਂ ਵਿੱਚ 4,000 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਜਲੰਧਰ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਨਾਲ ਸਮਾਪਤ ਹੋਈ। ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ 2027 'ਚ ਭਾਜਪਾ ਸਰਕਾਰ ਬਣਨ 'ਤੇ 31 ਦਸੰਬਰ 2029 ਤੱਕ ਪੰਜਾਬ ਨੂੰ 'ਚਿੱਟੇ' ਤੋਂ ਮੁਕਤ ਕਰ ਦਿੱਤਾ ਜਾਵੇਗਾ।

**ਪੰਜਾਬ ਦੀ 'ਆਪ' ਸਰਕਾਰ**

ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਦੀ ਯਾਤਰਾ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਪੰਜਾਬ ਨੂੰ ਬਦਨਾਮ ਕਰ ਰਹੀਆਂ ਹਨ। ਉਨ੍ਹਾਂ ਭਾਜਪਾ ਨੂੰ ਗੁਜਰਾਤ ਅਤੇ ਆਪਣੇ ਸ਼ਾਸਨ ਵਾਲੇ ਹੋਰ ਰਾਜਾਂ ਵਿੱਚ ਨਸ਼ਿਆਂ ਦੀ ਸਪਲਾਈ ਰੋਕਣ ਦੀ ਸਲਾਹ ਦਿੱਤੀ। ਮਾਨ ਨੇ ਦੱਸਿਆ ਕਿ ਪੁਲੀਸ ਨੇ 60,000 ਤੋਂ ਵੱਧ ਐੱਫ.ਆਈ.ਆਰ. ਦਰਜ ਕਰਕੇ 3,800 ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਹੈ ਅਤੇ ਨਸ਼ਿਆਂ ਖ਼ਿਲਾਫ਼ ਫੈਸਲਾਕੁੰਨ ਜੰਗ ਲਈ ਪੁਲੀਸ ਵਿੱਚ 10,000 ਨਵੀਆਂ ਭਰਤੀਆਂ ਕੀਤੀਆਂ ਜਾ ਰਹੀਆਂ ਹਨ। * ਬਾਕੀ ਸਫ਼ਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
**ਹੁਣੇ ਹੀ ਕਾਲ ਕਰੋ**
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਕੈਨੇਡਾ ਪੁੱਜਣ ਮਗਰੋਂ ਲੁੱਟੇ ਗਏ ਪੰਜਾਬੀ ਨੌਜਵਾਨ

## * ਇੰਮੀਗ੍ਰੇਸ਼ਨ ਮਹਿਕਮੇ ਨੇ ਨਵੇਂ ਆਇਆਂ ਨੂੰ ਕੀਤਾ ਸੁਚੇਤ
## * ਏ.ਆਈ. ਰਾਹੀਂ ਜਾਅਲੀ ਵੀਡੀਓਜ਼ ਅਤੇ ਈਮੇਲ ਹੋ ਰਹੀਆਂ ਜਾਰੀ




ਔਟਾਵਾ : ਕੈਨੇਡਾ ਦੇ ਇੰਮੀਗ੍ਰੇਸ਼ਨ ਅਫ਼ਸਰ ਬਣ ਕੇ ਨਵੇਂ ਆਏ ਲੋਕਾਂ ਨੂੰ ਠੱਗਣ ਵਾਲੇ ਗਿਰੋਹ ਸਰਗਰਮ ਹੋ ਚੁੱਕੇ ਹਨ ਅਤੇ ਆਈ.ਆਰ.ਸੀ.ਸੀ. ਵੱਲੋਂ ਵਿਦੇਸ਼ੀ ਨਾਗਰਿਕਾਂ ਖ਼ਾਸ ਤੌਰ 'ਤੇ ਪੰਜਾਬੀ ਨੌਜਵਾਨਾਂ ਨੂੰ ਸੁਚੇਤ ਕੀਤਾ ਗਿਆ ਹੈ ਜਿਨ੍ਹਾਂ ਦੇ ਕਈ ਸਾਥੀ ਸ਼ਾਤਰ ਠੱਗਾਂ ਦੇ ਜਾਲ ਵਿਚ ਫ਼ਸਣ ਮਗਰੋਂ ਮੋਟੀ ਰਕਮ ਗਵਾ ਬੈਠੇ। ਜੀ ਹਾਂ, ਇੰਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦਾ ਕਹਿਣਾ ਹੈ ਕਿ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਦਿਆਂ ਜਾਅਲੀ ਵੀਡੀਓਜ਼, ਵੁਆਇਸ ਕਾਲ ਅਤੇ ਹੋਰ ਕੰਟੈਂਟ ਵਰਤਿਆ ਜਾ ਰਿਹਾ ਹੈ ਜੋ ਆਈ.ਆਰ.ਸੀ.ਸੀ. ਨਾਲ ਬਿਲਕੁਲ ਵੀ ਸਬੰਧਤ ਨਹੀਂ।

ਪਬਲਿਕ ਐਡਵਾਇਜ਼ਰੀ ਜਾਰੀ ਕਰਦਿਆਂ ਇੰਮੀਗ੍ਰੇਸ਼ਨ ਮਹਿਕਮੇ ਨੇ ਕਿਹਾ ਹੈ ਕਿ ਕੈਨੇਡਾ ਪੁੱਜ ਚੁੱਕੇ ਜਾਂ ਆਉਣ ਦੀ ਤਿਆਰੀ ਕਰ ਰਹੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਕੋਈ ਵੱਡੀ ਸਮੱਸਿਆ ਪੇਸ਼ ਕਰ ਦਿਤੀ ਜਾਂਦੀ ਹੈ ਅਤੇ ਸਮੱਸਿਆ ਦੇ ਨਿਪਟਾਰੇ ਵਾਸਤੇ ਡਾਲਰਜ਼ ਦੇ ਰੂਪ ਵਿਚ ਫ਼ੀਸ ਮੰਗੀ ਜਾਂਦੀ ਹੈ।

ਆਈ.ਆਰ.ਸੀ.ਸੀ. ਨੇ ਨਵੇਂ ਆਇਆਂ ਜਾਂ ਸੰਭਾਵਤ ਪ੍ਰਵਾਸੀਆਂ ਨੂੰ ਸੁਝਾਅ ਦਿਤਾ ਹੈ ਕਿ ਕੋਈ ਮੁਸ਼ਕਲ ਪੈਦਾ ਹੋਣ 'ਤੇ ਅਧਿਕਾਰਤ ਵੈਬਸਾਈਟ ਰਾਹੀਂ ਜਾਂ ਇੰਮੀਗ੍ਰੇਸ਼ਨ ਦਫ਼ਤਰ ਨਾਲ ਸੰਪਰਕ ਕਰਦਿਆਂ ਤਸਦੀਕ ਕੀਤੀ। ਨਵੇਂ ਆਏ ਪ੍ਰਵਾਸੀਆਂ ਨੂੰ ਕੈਨੇਡੀਅਨ ਏਜੰਸੀਆਂ ਦੇ ਕੰਮਕਾਜੀ ਤੌਰ-ਤਰੀਕਿਆਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੁੰਦੀ ਅਤੇ ਉਹ ਠੱਗਾਂ ਦਾ ਸੌਖਾ ਸ਼ਿਕਾਰ ਬਣ ਜਾਂਦੇ ਹਨ। ਆਮ ਤੌਰ 'ਤੇ ਠੱਗ ਕੈਨੇਡਾ ਸਰਕਾਰ ਦੇ ਅਫ਼ਸਰ ਬਣ ਕੇ ਗੱਲ ਕਰਦੇ ਹਨ ਅਤੇ ਜਾਅਲੀ ਈਮੇਲ, ਟੈਕਸਟ ਮੈਸੇਜ ਜਾਂ ਕੰਪਿਊਟਰ ਵਾਇਰਸ ਸਕੈਮ ਦੀ ਵਰਤੋਂ ਕੀਤੀ ਜਾਂਦੀ ਹੈ।

ਆਈ.ਆਰ.ਸੀ.ਸੀ. ਨੇ ਕਿਹਾ ਹੈ ਕਿ ਕਿਸੇ ਵੀ ਪ੍ਰਵਾਸੀ ਨੂੰ ਨੌਕਰੀ ਦੀ ਕੋਈ ਗਾਰੰਟੀ ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਨਹੀਂ ਦਿਤੀ ਜਾਂਦੀ ਅਤੇ ਨਾ ਹੀ ਕੋਈ ਵੀਜ਼ਾ ਗਾਰੰਟੀ ਦਾ ਜ਼ਿਕਰ ਹੁੰਦਾ ਹੈ। ਕੈਨੇਡੀਅਲ ਅੰਬੈਸੀਜ਼, ਹਾਈ ਕਮਿਸ਼ਨ ਜਾ ਕੌਂਸਲੇਟ ਵਿਚ ਤੈਨਾਤ ਅਫ਼ਸਰ ਹੀ ਵੀਜ਼ੇ ਬਾਰੇ ਫ਼ੈਸਲਾ ਕਰ ਸਕਦੇ ਹਨ। ਦੂਜੇ ਪਾਸੇ ਕਿਸੇ ਵੀ ਬਿਨੈਕਾਰ ਨੂੰ ਨਿਜੀ ਬੈਂਕ ਖਾਤੇ ਵਿਚ ਜਮ੍ਹਾਂ ਕਰਵਾਉਣ ਜਾਂ ਪ੍ਰਾਈਵੇਟ ਮਨੀ ਟ੍ਰਾਂਸਫ਼ਰ ਸਰਵਿਸ ਰਾਹੀਂ ਰਕਮ ਦੇ ਤਬਾਦਲੇ ਵਾਸਤੇ ਨਹੀਂ ਆਖਿਆ ਜਾਂਦਾ ਅਤੇ ਨਾ ਹੀ ਕਿਸੇ ਨੂੰ ਗ੍ਰਿਫ਼ਤਾਰ ਕਰਨ ਜਾਂ ਡਿਪੋਰਟ ਕਰਨ ਦੀ ਧਮਕੀ ਦਿਤੀ ਜਾਂਦੀ ਹੈ। ਇੰਮੀਗ੍ਰੇਸ਼ਨ ਮਹਿਕਮਾ ਕਦੇ ਵੀ ਬਿਨੈਕਾਰਾਂ ਨਾਲ ਸੰਪਰਕ ਕਰਨ ਵਾਸਤੇ ਜੀਮੇਲ, ਹੌਟਮੇਲ ਜਾਂ ਯਾਹੂਮੇਲ ਵਰਗੀਆਂ ਮੁਫ਼ਤ ਸੇਵਾ ਦੇਣ ਵਾਲੀਆਂ ਈਮੇਲਜ਼ ਦੀ ਵਰਤੋਂ ਨਹੀਂ ਕੀਤੀ ਜਾਂਦੀ ਜਿਸ ਦੇ ਮੱਦੇਨਜ਼ਰ ਕੈਨੇਡਾ ਆਉਣ ਦੀ ਤਿਆਰੀ ਕਰ ਰਹੇ ਜਾਂ ਨਵੇਂ ਆਏ ਪ੍ਰਵਾਸੀ ਸੁਚੇਤ ਰਹਿਣ।

# H-1B ਵੀਜ਼ਾ ਧੋਖਾਧੜੀ 'ਤੇ ਅਮਰੀਕਾ 'ਚ ਵੱਡੀ ਸਖ਼ਤੀ

## 2.4 ਕਰੋੜ ਤੱਕ ਜੁਰਮਾਨੇ ਦੀ ਤਜਵੀਜ਼




ਵਾਸ਼ਿੰਗਟਨ: ਅਮਰੀਕਾ ਵਿੱਚ H-1B ਵੀਜ਼ਾ ਰਾਹੀਂ ਹੋਣ ਵਾਲੀ ਧੋਖਾਧੜੀ ਅਤੇ ਨਿਯਮਾਂ ਦੀ ਉਲੰਘਣਾ 'ਤੇ ਹੁਣ ਹੋਰ ਸਖ਼ਤੀ ਦੀ ਤਿਆਰੀ ਹੈ। ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਵਿੱਚ ਇੱਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਗੰਭੀਰ ਵੀਜ਼ਾ ਉਲੰਘਣਾਵਾਂ ਲਈ ਜੁਰਮਾਨੇ ਦੀ ਰਕਮ ਕਈ ਗੁਣਾ ਵਧਾਉਣ ਦਾ ਪ੍ਰਸਤਾਵ ਹੈ। ਗੰਭੀਰ ਮਾਮਲਿਆਂ ਵਿੱਚ ਜੁਰਮਾਨਾ ਵੱਧ ਤੋਂ ਵੱਧ 2.5 ਲੱਖ ਡਾਲਰ ਯਾਨੀ ਕਰੀਬ 2.4 ਕਰੋੜ ਰੁਪਏ ਤੱਕ ਕਰਨ ਦੀ ਗੱਲ ਕਹੀ ਗਈ ਹੈ।

**ਨਿਯਮ ਤੋੜਨ ਵਾਲੇ ਨਿਯੋਗਤਾਵਾਂ 'ਤੇ 10 ਸਾਲ ਤੱਕ ਪਾਬੰਦੀ**

ਇਹ ਬਿੱਲ ਰਿਪਬਲਿਕਨ ਸੰਸਦ ਮੈਂਬਰ ਬੈਥ ਵੈਨ ਡਿਊਨ ਨੇ ਸੋਮਵਾਰ ਨੂੰ ਪ੍ਰਤੀਨਿਧੀ ਸਭਾ ਵਿੱਚ ਪੇਸ਼ ਕੀਤਾ। ਇਸ ਦਾ ਮਕਸਦ H-1B ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਨੂੰ ਰੋਕਣ ਲਈ ਮੌਜੂਦਾ ਨਿਯਮਾਂ ਨੂੰ ਹੋਰ ਸਖ਼ਤ ਕਰਨਾ ਹੈ। ਪ੍ਰਸਤਾਵ ਵਿੱਚ ਵੀਜ਼ਾ ਨਿਯਮਾਂ ਦੀ ਗੰਭੀਰ ਉਲੰਘਣਾ ਕਰਨ ਵਾਲੇ ਨਿਯੋਗਤਾਵਾਂ 'ਤੇ ਪਾਬੰਦੀ ਦੀ ਮਿਆਦ 10 ਸਾਲ ਤੱਕ ਵਧਾਉਣ ਦੀ ਗੱਲ ਵੀ ਕੀਤੀ ਗਈ ਹੈ। ਬੈਥ ਵੈਨ ਡਿਊਨ ਦਾ ਕਹਿਣਾ ਹੈ ਕਿ ਮੌਜੂਦਾ ਜੁਰਮਾਨੇ ਇੰਨੇ ਘੱਟ ਹਨ ਕਿ ਉਹ ਨਿਯੋਗਤਾਵਾਂ ਨੂੰ H-1B ਵੀਜ਼ਾ ਪ੍ਰੋਗਰਾਮ ਦੀ ਗਲਤ ਵਰਤੋਂ ਕਰਨ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਰੋਕਦੇ।

**5 ਹਜ਼ਾਰ ਤੋਂ ਵਧਾ ਕੇ 1 ਲੱਖ ਡਾਲਰ ਕਰਨ ਦੀ ਤਜਵੀਜ਼**

ਬਿੱਲ ਵਿੱਚ H-1B ਵੀਜ਼ਾ ਨਿਯਮਾਂ ਦੀ ਜਾਣਬੁੱਝ ਕੇ ਉਲੰਘਣਾ ਕਰਨ 'ਤੇ ਵੱਧ ਤੋਂ ਵੱਧ ਜੁਰਮਾਨਾ 5 ਹਜ਼ਾਰ ਡਾਲਰ ਤੋਂ ਵਧਾ ਕੇ 1 ਲੱਖ ਡਾਲਰ ਕਰਨ ਦਾ ਪ੍ਰਸਤਾਵ ਹੈ। ਇਸ ਤੋਂ ਇਲਾਵਾ ਜੇਕਰ ਕੋਈ ਨਿਯੋਗਤਾ ਜਾਣਬੁੱਝ ਕੇ ਅਮਰੀਕੀ ਕਾਮਿਆਂ ਨੂੰ ਨੌਕਰੀ ਤੋਂ ਹਟਾਉਣ ਨਾਲ ਸਬੰਧਤ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਅਜਿਹੇ ਮਾਮਲੇ ਵਿੱਚ ਜੁਰਮਾਨਾ 35 ਹਜ਼ਾਰ ਡਾਲਰ ਤੋਂ ਵਧਾ ਕੇ 2.5 ਲੱਖ ਡਾਲਰ ਕਰਨ ਦੀ ਗੱਲ ਹੈ। ਇਸ ਬਿੱਲ ਨੂੰ ਟੈਕਸਾਸ ਤੋਂ ਰਿਪਬਲਿਕਨ ਸੰਸਦ ਮੈਂਬਰ ਬ੍ਰਾਇਨ ਬੇਬਿਨ, ਪੈਟ ਫਾਲਨ, ਬ੍ਰੈਂਡਨ ਗਿੱਲ, ਕੀਥ ਸੈਲਫ ਅਤੇ ਪੀਟ ਸੈਸ਼ਨਜ਼ ਨੇ ਵੀ ਸਹਿ-ਪ੍ਰਾਯੋਜਿਤ ਕੀਤਾ ਹੈ।

# ਅਮਰੀਕਾ : ਸਿਟੀਜ਼ਨਸ਼ਿਪ ਗਵਾਉਣ ਵਾਲੇ ਪੰਜਾਬੀਆਂ ਦੀ ਗਿਣਤੀ ਵਧੀ

## * ਕੈਲੇਫੋਰਨੀਆ ਦੇ ਬਲਵਿੰਦਰ ਸਿੰਘ ਦੀ ਨਾਗਰਿਕਤਾ ਵੀ ਹੋਵੇਗੀ ਰੱਦ
## * ਫ਼ਰਜ਼ੀ ਜਾਣਕਾਰੀ ਦੇ ਆਧਾਰ 'ਤੇ ਸਿਟੀਜ਼ਨਸ਼ਿਪ ਹਾਸਲ ਕਰਨ ਦੇ ਦੋਸ਼




ਕੈਲੇਫੋਰਨੀਆ : ਅਮਰੀਕਾ ਦੀ ਸਿਟੀਜ਼ਨਸ਼ਿਪ ਗਵਾਉਣ ਵਾਲੇ ਪੰਜਾਬੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਡਿਪਾਰਟਮੈਂਟ ਆਫ਼ ਜਸਟਿਸ ਵੱਲੋਂ ਜਾਰੀ 40 ਜਣਿਆਂ ਦੀ ਨਵੀਂ ਸੂਚੀ ਵਿਚ ਕੈਲੇਫੋਰਨੀਆ ਰਹਿੰਦੇ ਬਲਵਿੰਦਰ ਸਿੰਘ ਦਾ ਨਾਂ ਵੀ ਨਜ਼ਰ ਆ ਰਿਹਾ ਹੈ। ਟਰੰਪ ਸਰਕਾਰ ਦਾ ਕਹਿਣਾ ਹੈ ਕਿ ਅਮਰੀਕਾ ਦੀ ਨਾਗਰਿਕਤਾ ਹਾਸਲ ਕਰਦਿਆਂ ਸੂਚੀ ਵਿਚ ਸ਼ਾਮਲ ਸਾਰੇ 40 ਪ੍ਰਵਾਸੀਆਂ ਨੇ ਫ਼ਰੌਡ ਕੀਤਾ। ਨਿਆਂ ਵਿਭਾਗ ਦਾ ਕਹਿਣਾ ਹੈ ਕਿ ਬਲਵਿੰਦਰ ਸਿੰਘ ਨੇ 1992 ਵਿਚ ਇੰਮੀਗ੍ਰੇਸ਼ਨ ਅਰਜ਼ੀ ਦਾਖ਼ਲ ਕੀਤੀ ਪਰ 2003 ਵਿਚ ਗਰੀਨ ਕਾਰਡ ਹਾਸਲ ਕਰਨ ਵਾਸਤੇ ਕੋਈ ਹੋਰ ਸ਼ਨਾਖ਼ਤ ਦਰਜ ਕਰਵਾਈ।

ਬਲਵਿੰਦਰ ਸਿੰਘ ਨੂੰ 2009 ਵਿਚ ਸ਼ਨਾਖ਼ਤ ਦੇ ਦੂਜੇ ਸਬੂਤ ਤਹਿਤ ਯੂ.ਐਸ. ਸਿਟੀਜ਼ਨਸ਼ਿਪ ਮਿਲ ਗਈ ਪਰ ਪੜਤਾਲ ਦੌਰਾਨ ਫ਼ਿੰਗਰ ਪ੍ਰਿੰਟਸ ਸਾਰੇ ਭੇਤ ਖੋਲ੍ਹ ਦਿਤੇ। ਬਲਵਿੰਦਰ ਸਿੰਘ ਦੀ ਸਿਟੀਜ਼ਨਸ਼ਿਪ ਰੱਦ ਕਰਨ ਬਾਰੇ ਪ੍ਰਕਿਰਿਆ ਆਰੰਭ ਦਿਤੀ ਗਈ ਹੈ ਅਤੇ ਗੁੰਮਰਾਹਕੁਨ ਜਾਣਕਾਰੀ ਪੇਸ਼ ਕਰਨ ਸਣੇ ਗੈਰਕਾਨੂੰਨੀ ਸਰਗਰਮੀਆਂ ਵਿਚ ਸ਼ਮੂਲੀਅਤ ਦੇ ਸੱਤ ਦੋਸ਼ ਆਇਦ ਕੀਤੇ ਗਏ ਹਨ। ਨਵੀਂ ਸੂਚੀ ਵਿਚ ਸ਼ਾਮਲ ਜ਼ਿਆਦਾਤਰ ਪ੍ਰਵਾਸੀ ਪਾਕਿਸਤਾਨ, ਮੈਕਸੀਕੋ, ਕੰਬੋਡੀਆ, ਨੇਪਾਲ ਅਤੇ ਅਫ਼ਗਾਨਿਸਤਾਨ ਨਾਲ ਸਬੰਧਤ ਦੱਸੇ ਜਾ ਰਹੇ ਹਨ। ਇਸ ਤੋਂ ਪਹਿਲਾਂ ਕੈਨਸਸ ਸੂਬੇ ਦੇ ਵਿਚੀਤਾ ਨਾਲ ਸਬੰਧਤ ਹਰਿੰਦਰ ਸਿੰਘ ਉਰਫ਼ ਰਸ਼ਪਾਲ ਸਿੰਘ ਦੀ ਸਿਟੀਜ਼ਨਸ਼ਿਪ ਰੱਦ ਕਰਨ ਬਾਰੇ ਕਾਰਵਾਈ ਅਗਸਤ ਦੇ ਪਹਿਲੇ ਹਫ਼ਤੇ ਆਰੰਭੀ ਗਈ। ਹਰਿੰਦਰ ਸਿੰਘ ਸਾਲ 2000 ਵਿਚ ਗਰੀਨ ਕਾਰਡ ਮਿਲਿਆ ਅਤੇ ਅੱਠ ਸਾਲ ਬਾਅਦ ਸਿਟੀਜ਼ਨਸ਼ਿਪ ਮਿਲ ਗਈ ਪਰ ਟਰੰਪ ਸਰਕਾਰ ਇਕੋ ਸ਼ਖਸ ਦੇ ਕਈ ਰੂਪ ਹੋਣ ਦਾ ਦਾਅਵਾ ਕਰ ਰਹੀ ਹੈ। ਇਸੇ ਤਰ੍ਹਾਂ 65 ਸਾਲਾ ਨਰਿੰਦਰ ਸਿੰਘ ਦੀ ਸਿਟੀਜ਼ਨਸ਼ਿਪ ਵੀ ਰੱਦ ਕੀਤੀ ਜਾ ਰਹੀ ਹੈ। ਨਰਿੰਦਰ ਸਿੰਘ 1996 ਵਿਚ ਅਮਰੀਕਾ ਦਾਖ਼ਲ ਹੋਇਆ ਅਤੇ ਮਈ 2008 ਵਿਚ ਸਿਟੀਜ਼ਨਸ਼ਿਪ ਹਾਸਲ ਕਰ ਲਈ ਪਰ ਟਰੰਪ ਸਰਕਾਰ ਦਾ ਕਹਿਣਾ ਹੈ ਕਿ ਦੂਹਰੀ ਪਛਾਣ ਦੇ ਆਧਾਰ 'ਤੇ ਅਸਲ ਤੱਥਾਂ ਉਤੇ ਪਰਦਾ ਪਾਇਆ ਗਿਆ। ਅਮਰੀਕਾ ਦੇ ਅਟਾਰਨੀ ਜਨਰਲ ਟੌਡ ਬਲੈਂਚ ਨੇ ਸੋਮਵਾਰ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁਲਕ ਦੇ ਇਤਿਹਾਸ ਵਿਚ ਸਿਟੀਜ਼ਨਸ਼ਿਪ ਰੱਦ ਕਰਨ ਦੀ ਸਭ ਤੋਂ ਵੱਡੀ ਮੁਹਿੰਮ ਚੱਲ ਰਹੀ ਹੈ ਅਤੇ ਇੰਮੀਗ੍ਰੇਸ਼ਨ ਸਿਸਟਮ ਨਾਲ ਧੋਖਾਧੜੀ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇੰਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਅਮਰੀਕਾ ਦੇ ਕਿਸੇ ਵੀ ਨਾਗਰਿਕ ਦੀ ਸਿਟੀਜ਼ਨਸ਼ਿਪ ਰੱਦ ਕਰਨ ਦਾ ਅਖਤਿਆਰ ਸਰਕਾਰ ਨੂੰ ਦਿੰਦਾ ਹੈ ਜਿਸ ਨੇ ਝੂਠੇ ਦਸਤਾਵੇਜ਼ਾਂ ਦੇ ਆਧਾਰ 'ਤੇ ਸਹੂਲਤ ਹਾਸਲ ਕੀਤੀ।

# ਪੇਜ ਇੱਕ ਦੀ ਬਾਕੀ

## ਲੈਂਗਲੀ 'ਚ ਪੰਜਾਬੀ...

ਜਿਸ ਦੀ ਪਛਾਣ ਸੂਤਰਾਂ ਨੇ ਜੀਵਨ ਜੌਹਲ ਦੱਸੀ ਹੈ।

ਦੂਜੇ ਪਾਸੇ, ਵਿੰਨੀਪੈਗ ਬਰਾਮਦਗੀ ਬਾਰੇ ਪੁਲੀਸ ਨੇ ਦੋਵਾਂ ਵਿਅਕਤੀਆਂ ਦੀ ਪਛਾਣ ਰਵਿੰਦਰ ਚਾਹਲ (48) ਅਤੇ ਕੁਲਵਿੰਦਰ ਚਾਹਲ (38) ਵਜੋਂ ਕੀਤੀ ਹੈ, ਜੋ ਵੈਸਟ ਸੇਂਟ ਪਾਲ ਕਸਬੇ ਦੇ ਰਹਿਣ ਵਾਲੇ ਹਨ ਅਤੇ ਭਾਈਚਾਰੇ ਵਿੱਚ ਚੰਗੀ ਜਾਣ-ਪਛਾਣ ਰੱਖਦੇ ਹਨ।

ਲੈਂਗਲੀ ਪੁਲੀਸ ਨੇ ਦੱਸਿਆ ਕਿ ਬੀਤੀ ਰਾਤ ਉਨ੍ਹਾਂ ਨੂੰ 200 ਸਟਰੀਟ ਅਤੇ 60 ਐਵੇਨਿਊ ਸਥਿਤ ਪਲਾਜ਼ਾ ਵਿੱਚ ਗੋਲੀ ਚੱਲਣ ਦੀ ਸੂਚਨਾ ਮਿਲੀ। ਮੌਕੇ 'ਤੇ ਪਹੁੰਚ ਕੇ ਵੇਖਿਆ ਕਿ ਇੱਕ ਮਹਿੰਗੀ ਕਾਰ ਵਿੱਚ ਗੋਲੀਆਂ ਨਾਲ ਜ਼ਖ਼ਮੀ ਨੌਜਵਾਨ ਤੜਫ਼ ਰਿਹਾ ਸੀ। ਡਾਕਟਰੀ ਮਦਦ ਨਾਲ ਉਸ ਦੀ ਜਾਨ ਬਚਾਉਣ ਦੇ ਯਤਨਾਂ ਦੌਰਾਨ ਹੀ ਉਸ ਨੇ ਦਮ ਤੋੜ ਦਿੱਤਾ।

ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ 75 ਐਵੇਨਿਊ ਅਤੇ 232 ਸਟਰੀਟ 'ਤੇ ਇੱਕ ਕਾਰ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ, ਜਿਸ ਨੂੰ ਹੱਤਿਆਰਿਆਂ ਦੀ ਹੀ ਕਾਰਵਾਈ ਮੰਨਿਆ ਜਾ ਰਿਹਾ ਹੈ। ਅਕਸਰ ਬਦਮਾਸ਼ਾਂ ਵੱਲੋਂ ਵੱਡੀ ਵਾਰਦਾਤ ਤੋਂ ਬਾਅਦ ਪਛਾਣ ਦੇ ਸਬੂਤ ਮਿਟਾਉਣ ਲਈ ਇਹ ਢੰਗ ਅਪਣਾਇਆ ਜਾਂਦਾ ਹੈ।

ਵਿੰਨੀਪੈਗ ਨੇੜਲੀ ਘਟਨਾ ਬਾਰੇ ਉੱਥੋਂ ਦੀ ਪੁਲੀਸ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਨੇਡਾ ਬਾਰਡਰ ਸਰਵਿਸ ਏਜੰਸੀ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਵੈਸਟ ਸੇਂਟ ਪਾਲ ਕਸਬੇ ਦੇ ਇੱਕ ਘਰ ਦਾ ਤਲਾਸ਼ੀ ਵਾਰੰਟ ਲੈ ਕੇ ਜਾਂਚ ਕੀਤੀ ਗਈ। ਉੱਥੋਂ 13 ਮਾਰੂ ਹਥਿਆਰ, 2 ਹਜ਼ਾਰ ਕਾਰਤੂਸ, 20 ਹਜ਼ਾਰ ਡਾਲਰ ਨਕਦੀ ਅਤੇ ਹੋਰ ਕਈ ਤਰ੍ਹਾਂ ਦਾ ਨਜਾਇਜ਼ ਸਾਮਾਨ ਬਰਾਮਦ ਕੀਤਾ ਗਿਆ।

ਪੁਲੀਸ ਅਨੁਸਾਰ ਦੋ ਵਿਅਕਤੀਆਂ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਜਾਂਚ ਤੋਂ ਬਾਅਦ ਅੱਜ ਉਨ੍ਹਾਂ 'ਤੇ 23 ਦੋਸ਼/ਜੁਰਮ ਆਇਦ ਕੀਤੇ ਗਏ ਹਨ। ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਨਾਈਜੀਰੀਆ 'ਚ ਫੌਜੀ...

ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਹਵਾਬਾਜ਼ੀ ਮੰਤਰੀ ਫੈਸਟਸ ਕੇਯਾਮੋ ਨੇ ਇਸ ਤੋਂ ਪਹਿਲਾਂ 'ਐਕਸ' (X) 'ਤੇ ਦੱਸਿਆ ਸੀ ਕਿ ਜਹਾਜ਼ ਇੱਕ ਜਲ-ਸੈਨਾ ਅੱਡੇ ਨੇੜੇ ਹਾਦਸਾਗ੍ਰਸਤ ਹੋਇਆ। ਕੇਯਾਮੋ ਅਤੇ ਟਿਨੂਬੂ ਨੇ ਜਹਾਜ਼ ਦੀ ਪਛਾਣ ਅਠ੍ਰ-42 ਵਜੋਂ ਕੀਤੀ ਹੈ; ਇਹ ਦੋ-ਇੰਜਣ ਵਾਲਾ ਟਰਬੋਪ੍ਰੋਪ ਜਹਾਜ਼ ਹੈ ਜੋ 30 ਤੋਂ 50 ਯਾਤਰੀਆਂ ਨੂੰ ਲਿਜਾਣ ਦੇ ਸਮਰੱਥ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਦਰਿਆ ਨੇੜੇ ਲੋਕਾਂ ਦੀ ਭੀੜ ਇਕੱਠੀ ਦਿਖਾਈ ਦੇ ਰਹੀ ਹੈ, ਜਦਕਿ ਇੱਕ ਬਚਾਅ ਦਲ ਕਿਸ਼ਤੀ ਰਾਹੀਂ ਉਸ ਇਲਾਕੇ ਵਿੱਚ ਤਲਾਸ਼ੀ ਲੈ ਰਿਹਾ ਸੀ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੇ ਨਾਈਜੀਰੀਅਨ ਹਵਾਈ ਸੈਨਾ ਨੂੰ ਹਾਦਸੇ ਦੇ ਕਾਰਨਾਂ ਦੀ ਤੁਰੰਤ ਡੂੰਘਾਈ ਨਾਲ ਜਾਂਚ ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਿਆ ਜਾ ਸਕੇ।

## ਕਾਂਗੋ ਦਰਿਆ 'ਤੇ...

ਹਾਦਸੇ ਦੇ ਕਾਰਨਾਂ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਮਾਪੁਤੂ ਨੇ ਦੱਸਿਆ ਕਿ ਇਸ ਘਟਨਾ ਵਿੱਚ ਮਾਰੇ ਗਏ 30 ਲੋਕਾਂ ਨੂੰ ਦਫ਼ਨਾ ਦਿੱਤਾ ਗਿਆ ਹੈ। ਹਾਦਸੇ ਤੋਂ ਬਾਅਦ ਲਾਪਤਾ ਲੋਕਾਂ ਦੀ ਭਾਲ ਕਰਨ ਅਤੇ ਜੇਕਰ ਕੋਈ ਬਚਿਆ ਹੋਵੇ ਤਾਂ ਉਸ ਦਾ ਪਤਾ ਲਗਾਉਣ ਲਈ ਕਾਰਵਾਈ ਜਾਰੀ ਹੈ।

ਅਧਿਕਾਰੀਆਂ ਅਨੁਸਾਰ, ਇੱਕ ਕਿਸ਼ਤੀ ਉਬਾਂਗੀ ਦੇ ਉੱਤਰ-ਪੱਛਮੀ ਖੇਤਰ ਤੋਂ ਰਾਜਧਾਨੀ ਕਿਨਸ਼ਾਸਾ ਵੱਲ ਜਾ ਰਹੀ ਸੀ, ਜਦੋਂ ਕਿ ਦੂਜੀ ਕਿਨਸ਼ਾਸਾ ਤੋਂ ਲੁਕੋਲੇਲਾ ਵੱਲ ਜਾ ਰਹੀ ਸੀ। ਇਹ ਟੱਕਰ ਉਸ ਖੇਤਰ ਦੇ ਨੇੜੇ ਹੋਈ ਜੋ ਲੁਕੋਲੇਲਾ ਲਈ ਪ੍ਰਵੇਸ਼-ਦੁਆਰ ਵਜੋਂ ਕੰਮ ਕਰਦਾ ਹੈ। ਅਧਿਕਾਰੀਆਂ ਨੂੰ ਖਦਸ਼ਾ ਹੈ ਕਿ ਮ੍ਰਿਤਕਾਂ ਦੀ ਗਿਣਤੀ ਵੱਧ ਸਕਦੀ ਹੈ ਕਿਉਂਕਿ ਬਹੁਤ ਸਾਰੇ ਲੋਕ ਅਜੇ ਵੀ ਲਾਪਤਾ ਹਨ। ਰਾਹਤ ਅਤੇ ਬਚਾਅ ਦਲ ਕਾਂਗੋ ਨਦੀ ਵਿੱਚ ਭਾਲ ਮੁਹਿੰਮ ਚਲਾ ਰਹੇ ਹਨ।

ਸੁਰੱਖਿਆ ਬਲ ਦੇ ਇੱਕ ਜਵਾਨ ਨੇ, ਜਿਸ ਨੇ ਦਰਿਆ ਦੇ ਕੰਢੇ ਤੋਂ ਇਹ ਹਾਦਸਾ ਵਾਪਰਦਾ ਦੇਖਣ ਦਾ ਦਾਅਵਾ ਕੀਤਾ ਸੀ, ਏਪੀ (AP) ਨੂੰ ਦੱਸਿਆ ਕਿ ਉਬਾਂਗੀ ਤੋਂ ਵਾਪਸ ਆ ਰਹੀ ਕਿਸ਼ਤੀ ਵਿੱਚ ਸਮਰੱਥਾ ਤੋਂ ਵੱਧ ਸਾਮਾਨ ਲੱਦਿਆ ਹੋਇਆ ਸੀ ਅਤੇ ਉਹ ਕਿਨਸ਼ਾਸਾ ਤੋਂ ਆ ਰਹੀ ਇੱਕ ਹੋਰ ਕਿਸ਼ਤੀ ਨਾਲ ਟਕਰਾ ਗਈ। ਉਸ ਨੇ ਦੱਸਿਆ ਕਿ ਕਿਸ਼ਤੀ 'ਤੇ ਸਵਾਰ ਲਗਭਗ ਸਾਰੇ ਯਾਤਰੀ ਪਾਣੀ ਦੇ ਹੇਠਾਂ ਫਸ ਗਏ ਅਤੇ ਕਿਸ਼ਤੀ ਪੂਰੀ ਤਰ੍ਹਾਂ ਡੁੱਬ ਗਈ। ਉਨ੍ਹਾਂ ਨੇ ਇਹ ਜਾਣਕਾਰੀ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦਿੱਤੀ, ਕਿਉਂਕਿ ਉਨ੍ਹਾਂ ਨੂੰ ਆਪਣੇ ਉੱਚ ਅਧਿਕਾਰੀਆਂ ਦੀ ਮਨਜ਼ੂਰੀ ਤੋਂ ਬਿਨਾਂ ਜਨਤਕ ਤੌਰ 'ਤੇ ਬੋਲਣ ਦੀ ਇਜਾਜ਼ਤ ਨਹੀਂ ਸੀ।

## ਅਮਰੀਕਾ ਨੇ ਭਾਰਤੀ...

ਨਿਆਂ ਵਿਭਾਗ ਨੇ ਇਸ ਸਬੰਧੀ ਜਾਣਕਾਰੀ ਦਿਤੀ। ਇਹ 40 ਵਿਅਕਤੀ ਕਈ ਅਮਰੀਕੀ ਅਦਾਲਤਾਂ ਵਿਚ ਰੱਦ ਕਰਨ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ।

ਉਨ੍ਹਾਂ 'ਤੇ ਕਈ ਗੰਭੀਰ ਅਪਰਾਧਾਂ ਦੇ ਦੋਸ਼ ਹਨ, ਜਿਨ੍ਹਾਂ ਵਿਚ ਵਿਦੇਸ਼ੀ ਸਰਕਾਰ ਦੇ ਏਜੰਟ ਵਜੋਂ ਕੰਮ ਕਰਨਾ, ਅਣਇੱਛਤ ਕਤਲੇਆਮ ਅਤੇ ਇਕ ਅਪਾਹਜ ਵਿਅਕਤੀ ਵਿਰੁਧ ਗੰਭੀਰ ਜਿਨਸੀ ਹਮਲਾ ਸ਼ਾਮਲ ਹੈ। ਕੈਲੀਫ਼ੋਰਨੀਆ ਦੇ ਬਲਵਿੰਦਰ ਸਿੰਘ 'ਤੇ ਰਾਜ ਦੀ ਪੂਰਬੀ ਜ਼ਿਲ੍ਹਾ ਅਦਾਲਤ ਵਿਚ ਰੱਦ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ। ਉਸ 'ਤੇ ਅਮਰੀਕਾ ਵਿਚ ਦਾਖ਼ਲ ਹੋਣ ਅਤੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਲਈ ਝੂਠੀ ਪਛਾਣ ਦੀ ਵਰਤੋਂ ਕਰਨ ਦਾ ਦੋਸ਼ ਹੈ।

ਬਲਵਿੰਦਰ ਸਿੰਘ ਦੇ ਨਾਮ ਅਤੇ ਪਛਾਣ ਹੇਠ ਇਮੀਗ੍ਰੇਸ਼ਨ ਲਈ ਅਰਜ਼ੀ ਦਿਤੀ ਸੀ। 2003 ਵਿਚ ਉਸ ਨੇ ਇਕ ਵੱਖਰੀ ਪਛਾਣ ਹੇਠ ਸਥਾਈ ਨਿਵਾਸੀ ਦਰਜੇ ਲਈ ਅਰਜ਼ੀ ਦਿਤੀ ਅਤੇ ਉਸ ਨੂੰ ਇਹ ਦਰਜਾ ਦਿਤਾ ਗਿਆ। ਸ਼ਿਕਾਇਤ ਵਿਚ ਗਲਤ ਜਾਣਕਾਰੀ ਪ੍ਰਦਾਨ ਕਰਨ ਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਦੇ ਸੱਤ ਦੋਸ਼ ਲਗਾਏ ਗਏ ਹਨ। ਨਿਆਂ ਵਿਭਾਗ ਨੇ ਕਿਹਾ ਕਿ ਉਹ ਜਿਨਚਾਓ ਵੇਈ ਦੀ ਨਾਗਰਿਕਤਾ ਵੀ ਰੱਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਕਿ ਇਕ ਸਾਬਕਾ ਚੀਨ 'ਚ ਜਨਮੇ ਅਮਰੀਕੀ ਨੇਵੀ ਮਲਾਹ ਹੈ ਜਿਸ ਨੂੰ ਜਾਸੂਸੀ ਨਾਲ ਸਬੰਧਤ ਅਪਰਾਧਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ।

ਨਿਆਂ ਵਿਭਾਗ ਅਨੁਸਾਰ, ਵੇਈ 2021 ਵਿਚ ਅਮਰੀਕੀ ਜਲ ਸੈਨਾ ਵਿਚ ਭਰਤੀ ਹੋਇਆ ਸੀ ਅਤੇ ਫ਼ਰਵਰੀ 2022 ਤਕ ਚੀਨ ਨੂੰ ਫ਼ੌਜੀ ਭੇਦ ਵੇਚਣ ਦੀ ਸਾਜ਼ਸ਼ ਰਚਣੀ ਸ਼ੁਰੂ ਕਰ ਦਿਤੀ। ਉਸ ਨੇ ਮਈ 2022 ਵਿਚ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ। ਵੇਈ ਨੂੰ ਅਗੱਸਤ 2025 ਵਿਚ ਜਾਸੂਸੀ, ਜਾਸੂਸੀ ਅਤੇ ਰਖਿਆ ਸਮੱਗਰੀ ਨਾਲ ਸਬੰਧਤ ਤਕਨੀਕੀ ਡੇਟਾ ਦੇ ਗ਼ੈਰ-ਕਾਨੂੰਨੀ ਭੇਜਣ ਦੀ ਸਾਜ਼ਸ਼ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ 200 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਜਲ ਸੈਨਾ ਤੋਂ ਛੁੱਟੀ ਦੇ ਦਿਤੀ ਗਈ। ਜਿਨ੍ਹਾਂ ਲੋਕਾਂ ਵਿਰੁਧ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ, ਉਨ੍ਹਾਂ ਵਿਚ ਪਾਕਿਸਤਾਨ, ਮੈਕਸੀਕੋ, ਕੰਬੋਡੀਆ, ਨੇਪਾਲ ਅਤੇ ਅਫ਼ਗਾਨਿਸਤਾਨ ਦੇ ਵਿਅਕਤੀ ਵੀ ਸ਼ਾਮਲ ਹਨ।

## ਚੋਣਾਂ ਤੋਂ ਪਹਿਲਾਂ ਮੁੜ...

**ਕਾਂਗਰਸ : ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ**

ਕਾਂਗਰਸ ਨੇ ਕੇਂਦਰ ਅਤੇ ਸੂਬਾ ਸਰਕਾਰ ਦੋਵਾਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਸ ਗੰਭੀਰ ਮੁੱਦੇ 'ਤੇ ਸਿਆਸਤ ਕਰਨ ਦੀ ਬਜਾਏ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਵਿਜੇ ਇੰਦਰ ਸਿੰਗਲਾ ਨੇ ਸਰਹੱਦੀ ਸੁਰੱਖਿਆ ਮਜ਼ਬੂਤ ਕਰਨ ਅਤੇ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

**ਸ਼੍ਰੋਮਣੀ ਅਕਾਲੀ ਦਲ: ਮਾਵਾਂ-ਧੀਆ ਇਨਸਾਫ਼ ਯਾਤਰਾ**

ਉੱਥੇ ਹੀ, ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ 'ਮਾਵਾਂ-ਧੀਆ ਇਨਸਾਫ਼ ਯਾਤਰਾ' ਸ਼ੁਰੂ ਕਰਦਿਆਂ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਤਸਕਰਾਂ ਦੀ ਜ਼ਮਾਨਤ 10 ਸਾਲ ਤੱਕ ਨਾ ਹੋਣ ਦੇਣ ਵਾਲਾ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ।

**'ਖਾਲਸਾ ਵਹੀਰ' ਸ਼ੁਰੂ**

'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਵੀ ਕਿਹਾ ਕਿ ਪਿਛਲੀਆਂ ਸਰਕਾਰਾਂ ਨਸ਼ਾ ਖ਼ਤਮ ਕਰਨ 'ਚ ਨਾਕਾਮ ਰਹੀਆਂ ਹਨ, ਜਿਸ ਕਾਰਨ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੋੜਨ ਲਈ 'ਖਾਲਸਾ ਵਹੀਰ' ਸ਼ੁਰੂ ਕੀਤੀ ਸੀ।

## ਚੋਣ ਤੋਂ ਪਹਿਲਾਂ...

ਨੇ ਕਿਹਾ ਕਿ ਸ਼ਹਿਰ ਗ਼ਲਤ ਦਿਸ਼ਾ ਵੱਲ ਜਾ ਰਿਹਾ ਹੈ, ਜਦਕਿ ਲਗਭਗ 10 ਵਿੱਚੋਂ 3 ਲੋਕ ਇਸ ਬਾਰੇ ਅਨਿਸ਼ਚਿਤ ਹਨ। ਐਬਾਕਸ ਡਾਟਾ ਦੇ ਕਰਟਸ ਬ੍ਰਾਊਨ ਨੇ ਕਿਹਾ ਕਿ ਸ਼ਹਿਰ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਲੋਕਾਂ ਵਿੱਚ ਅਸੰਤੁਸ਼ਟੀ ਕਾਫ਼ੀ ਵੱਧ ਹੈ। ਸਰਵੇਖਣ ਵਿੱਚ ਸ਼ਹਿਰ ਦੀ ਦਿਸ਼ਾ, ਟੈਕਸ ਦੇ ਪੈਸੇ ਦੀ ਕੀਮਤ ਅਤੇ ਨਗਰ ਨਿਗਮ ਦੀਆਂ ਸੇਵਾਵਾਂ ਬਾਰੇ ਲੋਕਾਂ ਦੀ ਰਾਏ ਲਈ ਗਈ। ਸੜਕਾਂ ਨੇ ਸਭ ਤੋਂ ਵੱਧ ਨਾਰਾਜ਼ਗੀ ਪੈਦਾ ਕੀਤੀ, ਜਦਕਿ ਜਨਤਕ ਆਵਾਜਾਈ ਨੂੰ ਲੈ ਕੇ ਵੀ ਲੋਕਾਂ ਵਿੱਚ ਕਾਫ਼ੀ ਅਸੰਤੁਸ਼ਟੀ ਪਾਈ ਗਈ। ਇਸ ਤੋਂ ਇਲਾਵਾ, ਅਪਰਾਧ ਅਤੇ ਸੁਰੱਖਿਆ, ਗ਼ਰੀਬੀ ਅਤੇ ਬੇਘਰਪਨ, ਅਤੇ ਨਸ਼ਿਆਂ ਦਾ ਸੰਕਟ ਵੀ ਵਿੰਨੀਪੈਗ ਵਾਸੀਆਂ ਲਈ ਵੱਡੀਆਂ ਚਿੰਤਾਵਾਂ ਹਨ। ਘਰਾਂ ਦੇ ਵਧਦੇ ਖ਼ਰਚੇ ਅਤੇ ਮਹਿੰਗਾਈ ਨੇ ਵੀ ਲੋਕਾਂ 'ਤੇ ਵਿੱਤੀ ਦਬਾਅ ਵਧਾਇਆ ਹੈ।

ਸਰਵੇਖਣ ਦਾ ਇੱਕ ਹੋਰ ਅਹਿਮ ਪੱਖ ਇਹ ਹੈ ਕਿ ਵੱਡੀ ਗਿਣਤੀ ਵਿੱਚ ਵੋਟਰਾਂ ਨੇ ਅਜੇ ਤੱਕ ਮੇਅਰ ਦੇ ਕਿਸੇ ਉਮੀਦਵਾਰ ਬਾਰੇ ਆਪਣਾ ਫ਼ੈਸਲਾ ਨਹੀਂ ਕੀਤਾ। ਇਸ ਦਾ ਮਤਲਬ ਹੈ ਕਿ ਚੋਣ ਤੋਂ ਪਹਿਲਾਂ ਉਮੀਦਵਾਰਾਂ ਕੋਲ ਅਜੇ ਵੀ ਇਨ੍ਹਾਂ ਵੋਟਰਾਂ ਤੱਕ ਪਹੁੰਚਣ ਦਾ ਮੌਕਾ ਹੈ।

ਕੁੱਲ ਮਿਲਾ ਕੇ ਇਹ ਸਰਵੇਖਣ ਇੱਕ ਸਪਸ਼ਟ ਸੰਕੇਤ ਦਿੰਦਾ ਹੈ ਕਿ ਵਿੰਨੀਪੈਗ ਦੇ ਕਈ ਵਸਨੀਕ ਮੌਜੂਦਾ ਹਾਲਾਤਾਂ ਅਤੇ ਸ਼ਹਿਰ ਦੇ ਪ੍ਰਬੰਧਨ ਤੋਂ ਖ਼ੁਸ਼ ਨਹੀਂ ਹਨ। ਹੁਣ 28 ਅਕਤੂਬਰ ਦੀ ਚੋਣ ਇਹ ਤੈਅ ਕਰੇਗੀ ਕਿ ਵੋਟਰ ਇਸ ਅਸੰਤੁਸ਼ਟੀ ਨੂੰ ਆਪਣੇ ਵੋਟ ਰਾਹੀਂ ਕਿਵੇਂ ਪ੍ਰਗਟ ਕਰਦੇ ਹਨ।

## ਕੈਨੇਡੀਅਨ ਬੈਂਕਾਂ...

ਕਹਿਣਾ ਹੈ ਕਿ ਫ਼ਿਕਸਡ ਮੌਰਗੇਜ ਦਰਾਂ ਦੇ ਮਾਮਲੇ ਵਿਚ ਕੈਨੇਡਾ ਦੇ ਕਮਰਸ਼ੀਅਲ ਬੈਂਕ, ਕੇਂਦਰੀ ਬੈਂਕ ਦੀਆਂ ਹਦਾਇਤਾਂ ਮੰਨਣ ਵਾਸਤੇ ਪਾਬੰਦ ਨਹੀਂ। ਫ਼ਿਕਸਡ ਵਿਆਜ ਦਰਾਂ ਬਾਰੇ ਫ਼ੈਸਲਾ ਕੈਨੇਡਾ ਸਰਕਾਰ ਦੇ ਬੌਂਡ 'ਤੇ ਆਉਣ ਵਾਲੇ ਯੀਲਡ 'ਤੇ ਨਿਰਭਰ ਕਰਦਾ ਹੈ ਜੋ 28 ਸਤੰਬਰ ਨੂੰ 52 ਹਫ਼ਤਿਆਂ ਦੇ ਸਿਖਰ 'ਤੇ ਪੁੱਜ ਗਿਆ। 3.72 ਦਾ ਪੱਧਰ ਛੋਹਣ ਮਗਰੋਂ ਬੌਂਡ ਯੀਲਡ 3.67 ਦੇ ਪੱਧਰ 'ਤੇ ਸਥਿਰ ਹੁੰਦਾ ਮਹਿਸੂਸ ਹੋਇਆ।

ਕਮੀ ਦੇ ਬਾਵਜੂਦ ਤਾਜ਼ਾ ਅੰਕੜੇ ਵਿਚ 8 ਸਤੰਬਰ ਦੇ ਮੁਕਾਬਲੇ 23 ਆਧਾਰ ਅੰਕਾਂ ਦਾ ਵਾਧਾ ਦਰਜ ਕੀਤਾ ਗਿਆ ਜਦੋਂ ਬੌਂਡ ਯੀਲਡ ਦਾ ਪੱਧਰ 3.44 ਰਿਹਾ। ਕੌਮਾਂਤਰੀ ਬਾਜ਼ਾਰ ਵਿਚ ਡੀਜ਼ਲ ਦੀਆਂ ਕੀਮਤਾਂ ਅਸਮਾਨ ਚੜ੍ਹਨ ਮਗਰੋਂ ਮਹਿੰਗਾਈ ਵਧਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਅਤੇ ਇਸ ਖਦਸ਼ੇ ਦਾ ਅਸਰ ਅੰਤ ਵਿਚ ਮੌਰਗੇਜ ਕਿਸ਼ਤਾਂ ਭਰ ਰਹੇ ਲੋਕਾਂ ਉਤੇ ਪੈਂਦੇ ਨਜ਼ਰ ਆ ਰਿਹਾ ਹੈ। ਦੱਸ ਦੇਈਏ ਕਿ ਬੈਂਕ ਆਫ਼ ਕੈਨੇਡਾ ਦੀ ਅਗਲੀ ਸਮੀਖਿਆ ਮੀਟਿੰਗ 28 ਅਕਤੂਬਰ ਨੂੰ ਹੋਣੀ ਹੈ ਜਿਸ ਵਿਚ ਮਹਿੰਗਾਈ ਅਤੇ ਕੈਨੇਡੀਅਨ ਅਰਥਚਾਰੇ ਦੀ ਹਾਲਤ ਦੇ ਹਿਸਾਬ ਨਾਲ ਵਿਆਜ ਦਰਾਂ ਬਾਰੇ ਫ਼ੈਸਲਾ ਲਿਆ ਜਾਣਾ ਹੈ।

## ਕੈਨੇਡਾ ਦੇ ਹਿੰਦੂ ਮੰਦਰ...

ਤਹਿਤ 10 ਹਜ਼ਾਰ ਡਾਲਰ ਜੁਰਮਾਨਾ ਕੀਤਾ ਗਿਆ।

# ਅਮਰੀਕੀ ਸੈਨਿਕ ਨੂੰ ਗੋਲੀ ਮਾਰ ਕੇ ਦਿੱਤੀ ਜਾਵੇਗੀ ਮੌਤ ਦੀ ਸਜ਼ਾ, 65 ਸਾਲ ਬਾਅਦ ਪਹਿਲਾ ਮਾਮਲਾ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਅਮਰੀਕੀ ਸੈਨਿਕ ਨਿਦਾਲ ਹਸਨ ਨੂੰ ਗੋਲੀ ਮਾਰ ਕੇ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ ਹੈ। ਪੈਂਟਾਗਨ ਨੇ ਸੋਮਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਜੇਕਰ ਇਹ ਸਜ਼ਾ ਲਾਗੂ ਹੁੰਦੀ ਹੈ ਤਾਂ 1961 ਤੋਂ ਬਾਅਦ ਹਸਨ ਅਮਰੀਕੀ ਫੌਜੀ ਨਿਆਂ ਪ੍ਰਣਾਲੀ ਤਹਿਤ ਮੌਤ ਦੀ ਸਜ਼ਾ ਪਾਉਣ ਵਾਲਾ ਪਹਿਲਾ ਵਿਅਕਤੀ ਹੋਵੇਗਾ। ਇਸ ਪ੍ਰਣਾਲੀ ਵਿੱਚ ਆਖਰੀ ਵਾਰ ਪ੍ਰਾਈਵੇਟ ਜੌਨ ਏ. ਬੈਨੇਟ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।

**ਫੋਰਟ ਹੁੱਡ ਹਮਲੇ ਵਿੱਚ 13 ਲੋਕਾਂ ਦੀ ਹੋਈ ਸੀ ਮੌਤ**

5 ਨਵੰਬਰ 2009 ਨੂੰ ਮੇਜਰ ਨਿਦਾਲ ਹਸਨ ਆਪਣੀ ਨਿੱਜੀ ਪਿਸਤੌਲ ਲੈ ਕੇ ਟੈਕਸਾਸ ਦੇ ਫੋਰਟ ਹੁੱਡ ਸੈਨਿਕ ਅੱਡੇ 'ਤੇ ਪਹੁੰਚਿਆ ਸੀ। ਇੱਥੇ ਉਸ ਨੇ ਸੈਨਿਕਾਂ ਅਤੇ ਹੋਰ ਲੋਕਾਂ 'ਤੇ ਅਚਾਨਕ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਹਮਲੇ ਵਿੱਚ 13 ਲੋਕਾਂ ਦੀ ਮੌਤ ਹੋਈ ਸੀ ਅਤੇ ਹਸਨ ਖੁਦ ਵੀ ਜ਼ਖਮੀ ਹੋ ਗਿਆ ਸੀ। ਇਸ ਤੋਂ ਬਾਅਦ ਉਹ ਕਮਰ ਤੋਂ ਹੇਠਾਂ ਲਕਵੇ ਦਾ ਸ਼ਿਕਾਰ ਹੋ ਗਿਆ। ਹਸਨ ਨੇ ਬਾਅਦ ਵਿੱਚ ਕਿਹਾ ਸੀ ਕਿ ਉਹ ਅਫਗਾਨਿਸਤਾਨ ਅਤੇ ਇਰਾਕ ਵਿੱਚ ਅਮਰੀਕੀ ਜੰਗਾਂ ਨੂੰ ਗੈਰਕਾਨੂੰਨੀ ਅਤੇ ਅਨੈਤਿਕ ਮੰਨਦਾ ਸੀ ਅਤੇ ਉਸ ਨੇ ਜਿਹਾਦ ਦੇ ਮਕਸਦ ਨਾਲ ਇਹ ਹਮਲਾ ਕੀਤਾ ਸੀ। ਫੌਜੀ ਅਦਾਲਤ ਵਿੱਚ ਉਸ ਨੇ ਹੱਤਿਆਵਾਂ ਦੀ ਗੱਲ ਕਬੂਲ ਕੀਤੀ। 2013 ਵਿੱਚ ਉਸ ਨੂੰ ਪਹਿਲਾਂ ਤੋਂ ਹੱਤਿਆ ਦੀ ਯੋਜਨਾ ਬਣਾਉਣ ਅਤੇ ਹੱਤਿਆ ਦੀ ਕੋਸ਼ਿਸ਼ ਨਾਲ ਜੁੜੇ ਕੁੱਲ 45 ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ। ਹਸਨ ਨੇ ਹਮਲੇ 'ਤੇ ਕੋਈ ਪਛਤਾਵਾ ਨਹੀਂ ਜਤਾਇਆ। ਉਸ ਨੇ ਕਿਹਾ ਸੀ ਕਿ ਉਹ ਚਾਹੁੰਦਾ ਸੀ ਕਿ ਹਮਲੇ ਵਿੱਚ ਉਸ ਦੀ ਵੀ ਮੌਤ ਹੋ ਜਾਂਦੀ ਤਾਂ ਜੋ ਉਹ ਸ਼ਹੀਦ ਬਣ ਸਕੇ।

**ਹਮਲੇ ਤੋਂ ਪਹਿਲਾਂ ਵਿਚਾਰ ਹੋਏ ਸਨ ਕੱਟੜ**

ਹਸਨ ਦਾ ਜਨਮ ਵਿਰਜੀਨੀਆ ਦੇ ਅਰਲਿੰਗਟਨ ਵਿੱਚ ਫਲਸਤੀਨੀ ਮੂਲ ਦੇ ਮੁਸਲਿਮ ਮਾਪਿਆਂ ਦੇ ਘਰ ਹੋਇਆ ਸੀ। ਉਸ ਨੇ ਵਿਰਜੀਨੀਆ ਟੈਕ ਤੋਂ ਪੜ੍ਹਾਈ ਕੀਤੀ ਅਤੇ 1997 ਵਿੱਚ ਸੈਨਿਕ ਮੈਡੀਕਲ ਸਕੂਲ ਦੀ ਟ੍ਰੇਨਿੰਗ ਸ਼ੁਰੂ ਕੀਤੀ।

ਹਮਲੇ ਤੋਂ ਪਹਿਲਾਂ ਦੇ ਕੁਝ ਸਾਲਾਂ ਵਿੱਚ ਇਸਲਾਮ ਨੂੰ ਲੈ ਕੇ ਉਸ ਦੇ ਵਿਚਾਰ ਕਥਿਤ ਤੌਰ 'ਤੇ ਹੋਰ ਕੱਟੜ ਹੁੰਦੇ ਗਏ। ਪੈਂਟਾਗਨ ਦੇ ਬੁਲਾਰੇ ਸੀਨ ਪਾਰਨੇਲ ਨੇ ਹਸਨ ਦੇ ਜਿਹਾਦੀ ਮਕਸਦ ਦਾ ਜ਼ਿਕਰ ਕਰਦਿਆਂ ਉਸ ਨੂੰ ਅੱਤਵਾਦੀ ਦੱਸਿਆ। ਹਾਲਾਂਕਿ ਉਸ 'ਤੇ ਅੱਤਵਾਦ ਨਾਲ ਸਬੰਧਤ ਧਾਰਾਵਾਂ ਤਹਿਤ ਮੁਕੱਦਮਾ ਨਹੀਂ ਚਲਾਇਆ ਗਿਆ ਸੀ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Made
Special Rates
with Installation
CAT Batteries 1000c Under Warranty
$550
Instalation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਕੈਨੇਡਾ ਦੀ ਸਭ ਤੋਂ ਵੱਡੀ 22 ਮਿਲੀਅਨ ਡਾਲਰ (185 ਕਰੋੜ) ਦੇ ਸੋਨੇ ਦੀ ਚੋਰੀ

## ਪੰਜਾਬੀ ਮੂਲ ਦੇ ਪਰਮਪਾਲ ਸਿੱਧੂ ਖ਼ਿਲਾਫ਼ ਅਦਾਲਤੀ ਸੁਣਵਾਈ ਸ਼ੁਰੂ

ਟੋਰਾਂਟੋ ਪੀਅਰਸਨ ਕੌਮਾਂਤਰੀ ਹਵਾਈ ਅੱਡੇ ਤੋਂ 2.2 ਕਰੋੜ ਡਾਲਰ (ਲਗਭਗ 185 ਕਰੋੜ ਰੁਪਏ) ਮੁੱਲ ਦੇ ਸੋਨੇ ਅਤੇ ਵਿਦੇਸ਼ੀ ਕਰੰਸੀ ਦੀ ਇਤਿਹਾਸਕ ਚੋਰੀ ਦੇ ਮਾਮਲੇ ਵਿੱਚ ਪੰਜਾਬੀ ਮੂਲ ਦੇ ਮੁਲਜ਼ਮ ਪਰਮਪਾਲ ਸਿੱਧੂ ਖ਼ਿਲਾਫ਼ ਸੋਮਵਾਰ ਨੂੰ ਅਦਾਲਤੀ ਸੁਣਵਾਈ ਸ਼ੁਰੂ ਹੋ ਗਈ ਹੈ। ਸਰਕਾਰੀ ਵਕੀਲਾਂ ਦਾ ਦੋਸ਼ ਹੈ ਕਿ ਪਰਮਪਾਲ ਨੇ ਏਅਰ ਕੈਨੇਡਾ (Air Canada) ਦਾ ਮੁਲਾਜ਼ਮ ਹੁੰਦਿਆਂ ਆਪਣੀ ਪਹੁੰਚ ਦਾ ਫਾਇਦਾ ਚੁੱਕ ਕੇ ਇਸ ਵੱਡੀ ਚੋਰੀ ਨੂੰ ਅੰਜਾਮ ਦਿਵਾਉਣ ਵਿੱਚ 'ਅੰਦਰੂਨੀ ਭੇਤੀ' (Inside Man) ਦੀ ਭੂਮਿਕਾ ਨਿਭਾਈ।



ਅਦਾਲਤ ਵਿੱਚ ਪੇਸ਼ੀ ਦੌਰਾਨ ਪਰਮਪਾਲ ਸਿੱਧੂ ਨੇ ਆਪਣੇ 'ਤੇ ਲੱਗੇ ਚੋਰੀ ਅਤੇ ਸਾਜ਼ਿਸ਼ ਘੜਨ ਦੇ ਦੋਸ਼ਾਂ ਨੂੰ ਨਕਾਰਦਿਆਂ ਬੇਗੁਨਾਹੀ ਦਾ ਦਾਅਵਾ ਕੀਤਾ ਹੈ। ਸਰਕਾਰੀ ਵਕੀਲ ਜੇਲੇਨਾ ਵਲਾਸਿਕ ਨੇ ਅਦਾਲਤ ਨੂੰ ਦੱਸਿਆ ਕਿ ਅਪਰੈਲ 2023 ਵਿੱਚ ਹੋਈ ਇਸ ਚੋਰੀ ਲਈ ਵਰਤੀ ਗਈ ਨਕਲੀ 'ਏਅਰ ਵੇਅਬਿਲ' (Air Waybill) ਘਟਨਾ ਤੋਂ ਇੱਕ ਦਿਨ ਪਹਿਲਾਂ ਪਰਮਪਾਲ ਸਿੱਧੂ ਦੀ ਪ੍ਰੋਫਾਈਲ ਤੋਂ ਹੀ ਪ੍ਰਿੰਟ ਕੀਤੀ ਗਈ ਸੀ। ਬਾਅਦ ਵਿੱਚ ਪੂਰਾ ਮਾਲ ਟਰੱਕ 'ਚ ਲੋਡ ਕਰਵਾ ਕੇ ਗਾਇਬ ਕਰ ਦਿੱਤਾ ਗਿਆ।

ਜਾਂਚ ਅਨੁਸਾਰ ਇਹ ਖੇਪ ਚੋਰੀ ਕਰਨ ਆਇਆ ਟਰੱਕ ਡਰਾਈਵਰ ਡੁਰਾਂਟੇ ਕਿੰਗ-ਮੈਕਲੀਨ ਸੀ, ਜੋ ਬਾਅਦ ਵਿੱਚ ਅਮਰੀਕਾ ਭੱਜ ਗਿਆ ਸੀ ਅਤੇ ਸਤੰਬਰ 2023 ਵਿੱਚ ਪੈਨਸਿਲਵੇਨੀਆ ਤੋਂ ਫੜਿਆ ਗਿਆ। ਸੀਸੀਟੀਵੀ (CCTV) ਫੁਟੇਜ ਵਿੱਚ ਸਾਹਮਣੇ ਆਇਆ ਹੈ ਕਿ ਚਿਹਰਾ ਢੱਕ ਕੇ ਆਏ ਡਰਾਈਵਰ ਨੇ ਜਾਅਲੀ ਕਾਗ਼ਜ਼ਾਤ ਦਿਖਾਏ ਅਤੇ ਮਹਿਜ਼ ਇੱਕ ਘੰਟੇ ਦੇ ਅੰਦਰ ਹੀ 400 ਕਿੱਲੋ ਤੋਂ ਵੱਧ ਵਜ਼ਨ ਦੀਆਂ 6,600 ਸੋਨੇ ਦੀਆਂ ਇੱਟਾਂ (ਜੋ ਸਵਿਟਜ਼ਰਲੈਂਡ ਦੇ ਜ਼ਿਊਰਿਖ ਤੋਂ ਆਈਆਂ ਸਨ) ਲੈ ਕੇ ਫ਼ਰਾਰ ਹੋ ਗਿਆ।

ਦੂਜੇ ਪਾਸੇ, ਬਚਾਅ ਪੱਖ ਦੇ ਵਕੀਲਾਂ ਨੇ ਸਵਾਲ ਚੁੱਕਿਆ ਕਿ ਕੀ ਪਰਮਪਾਲ ਦੇ ਕੰਪਿਊਟਰ ਤੱਕ ਕਿਸੇ ਹੋਰ ਦੀ ਪਹੁੰਚ ਸੀ ਅਤੇ ਕੀ ਉਸ ਦਸਤਾਵੇਜ਼ 'ਤੇ ਉਸ ਦੀ ਲਿਖਤ ਦੀ ਕੋਈ ਫੋਰੈਂਸਿਕ ਜਾਂਚ ਹੋਈ ਹੈ? ਜਾਂਚ ਅਧਿਕਾਰੀਆਂ ਨੇ ਮੰਨਿਆ ਕਿ ਲਿਖਤ ਘੱਟ ਹੋਣ ਕਾਰਨ ਜਾਂਚ ਨਹੀਂ ਕੀਤੀ ਜਾ ਸਕੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰੋਸੀਕਿਊਸ਼ਨ ਨੇ ਦੋ ਹੋਰ ਦੋਸ਼ੀਆਂ ਅਲੀ ਰਜ਼ਾ ਅਤੇ ਅਮਿਤ ਜਲੋਟਾ ਖ਼ਿਲਾਫ਼ ਕੇਸ ਵਾਪਸ ਲੈ ਲਿਆ ਸੀ, ਜਦਕਿ ਅਰਸਲਾਨ ਚੌਧਰੀ ਨੂੰ 4 ਸਾਲ ਦੀ ਕੈਦ ਅਤੇ 22 ਮਿਲੀਅਨ ਡਾਲਰ ਮੁਆਵਜ਼ਾ ਭਰਨ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਮਾਮਲੇ 'ਚ ਸ਼ਾਮਲ ਇੱਕ ਹੋਰ ਮੁਲਜ਼ਮ ਅਰਚਿਤ ਗਰੋਵਰ 'ਤੇ ਸੁਣਵਾਈ ਇਸੇ ਸਾਲ ਦੇ ਅੰਤ 'ਚ ਹੋਣੀ ਹੈ।

# UN 'ਚ ਗੂੰਜੀ ਪੰਜਾਬ ਦੇ ਪੁੱਤ ਦੀ ਆਵਾਜ਼:

## ਅੰਮ੍ਰਿਤਸਰ ਦੇ IFS ਅਨਮੋਲ ਸ਼ੇਰ ਬੇਦੀ ਨੇ ਵਿਸ਼ਵ ਮੰਚ 'ਤੇ ਭਾਰਤ ਦਾ ਵਧਾਇਆ ਮਾਣ




ਅੰਮ੍ਰਿਤਸਰ ਦੇ ਰਹਿਣ ਵਾਲੇ ਅਤੇ ਸੰਯੁਕਤ ਰਾਸ਼ਟਰ (UN) ਵਿੱਚ ਭਾਰਤ ਦੇ ਵੱਡੇ ਅਫ਼ਸਰ (IFS) ਅਨਮੋਲ ਸ਼ੇਰ ਬੇਦੀ ਨੇ ਵਿਸ਼ਵ ਮੰਚ 'ਤੇ ਭਾਰਤ ਦਾ ਨਾਂ ਰੋਸ਼ਨ ਕੀਤਾ ਹੈ। ਉਨ੍ਹਾਂ ਨੇ ਆਖਿਆ ਹੈ ਕਿ ਦੁਨੀਆ ਦਾ ਸੰਸਥਾਵਾਂ 'ਤੇ ਭਰੋਸਾ ਮੁੜ ਕਾਇਮ ਕਰਨ ਲਈ ਸਭ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ (Security Council) ਵਿੱਚ ਸੁਧਾਰ ਕਰਨੇ ਪੈਣਗੇ। ਸੰਯੁਕਤ ਰਾਸ਼ਟਰ ਮਹਾਸਭਾ ਦੀ ਬੈਠਕ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੰਦਿਆਂ ਅਨਮੋਲ ਸ਼ੇਰ ਬੇਦੀ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਅਹਿਮ ਚਰਚਾ ਵਿੱਚ ਭਾਰਤ ਵੱਲੋਂ ਆਪਣਾ ਪੱਖ ਰੱਖਿਆ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੌਮਾਂਤਰੀ ਸੰਸਥਾਵਾਂ 'ਤੇ ਲੋਕਾਂ ਦਾ ਭਰੋਸਾ ਬਣਾਏ ਰੱਖਣਾ ਬਹੁਤ ਜ਼ਰੂਰੀ ਹੈ। ਬੇਦੀ ਨੇ ਆਖਿਆ, "ਦੁਨੀਆ ਦਾ ਭਰੋਸਾ ਹੀ ਇਸ ਸਿਸਟਮ ਦੀ ਸਭ ਤੋਂ ਵੱਡੀ ਤਾਕਤ ਹੈ। ਇਸ ਭਰੋਸੇ ਨੂੰ ਬਚਾਉਣ ਦੀ ਸ਼ੁਰੂਆਤ ਉੱਥੋਂ ਹੀ ਹੋਣੀ ਚਾਹੀਦੀ ਹੈ ਜਿੱਥੇ ਸਭ ਤੋਂ ਵੱਧ ਬਦਲਾਅ ਦੀ ਲੋੜ ਹੈ, ਯਾਨੀ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ।" ਭਾਰਤ ਵੀ ਲਗਾਤਾਰ ਸੁਰੱਖਿਆ ਪਰਿਸ਼ਦ ਵਿੱਚ ਬਦਲਾਅ ਦੀ ਮੰਗ ਕਰਦਾ ਰਿਹਾ ਹੈ, ਕਿਉਂਕਿ ਇਸ ਦਾ ਪੁਰਾਣਾ ਢਾਂਚਾ ਅੱਜ ਦੇ ਦੌਰ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਲੋੜਾਂ ਮੁਤਾਬਕ ਸਹੀ ਨਹੀਂ ਹੈ। ਇਹ ਗੱਲਬਾਤ ਵਿਸ਼ਵ ਸੁਰੱਖਿਆ ਅਤੇ ਹਥਿਆਰਾਂ ਦੀ ਰੋਕਥਾਮ ਨਾਲ ਜੁੜੀ ਇੱਕ ਮਹੱਤਵਪੂਰਨ ਬੈਠਕ ਦੌਰਾਨ ਹੋਈ। ਇਸ ਤੋਂ ਪਹਿਲਾਂ ਵੀ ਅਨਮੋਲ ਸ਼ੇਰ ਬੇਦੀ ਜੈਵਿਕ ਹਥਿਆਰਾਂ ਨਾਲ ਸਬੰਧਤ ਕੌਮਾਂਤਰੀ ਕਮੇਟੀ ਵਿੱਚ ਅਹਿਮ ਜ਼ਿੰਮੇਵਾਰੀ ਨਿਭਾ ਚੁੱਕੇ ਹਨ।

# ਕੀ ਗੈਰ-ਕੈਨੇਡੀਅਨਾਂ (Foreign Buyer Tax) ਵੱਲੋਂ ਘਰ ਖਰੀਦਣ 'ਤੇ ਪਾਬੰਦੀ 1 ਜਨਵਰੀ 2027 'ਚ ਹੋਵੇਗੀ ਖ਼ਤਮ

## ਸਰਕਾਰ ਕਰ ਰਹੀ ਹੈ ਅਗਲੇ ਕਦਮਾਂ 'ਤੇ ਵਿਚਾਰ




ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਵਿੱਚ ਗੈਰ-ਕੈਨੇਡੀਅਨਾਂ ਵੱਲੋਂ ਰਿਹਾਇਸ਼ੀ ਜਾਇਦਾਦ ਖਰੀਦਣ 'ਤੇ ਲਾਗੂ ਫੈਡਰਲ ਸਰਕਾਰ ਵੱਲੋਂ ਪਾਬੰਦੀ ਦੀ ਮੌਜੂਦਾ ਮਿਆਦ 1 ਜਨਵਰੀ 2027 ਨੂੰ ਖ਼ਤਮ ਹੋਣੀ ਤੈਅ ਹੈ। ਹਾਲਾਂਕਿ, ਇਸ ਪਾਬੰਦੀ ਨੂੰ ਅੱਗੇ ਵਧਾਉਣਾ ਹੈ ਜਾਂ ਇਸ ਦੀ ਥਾਂ ਕੋਈ ਨਵਾਂ ਕਾਨੂੰਨੀ ਢਾਂਚਾ ਲਿਆਉਣਾ ਹੈ, ਇਸ ਬਾਰੇ ਸਰਕਾਰ ਨੇ ਅਜੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ।

ਸੰਘੀ ਸਰਕਾਰ ਵੱਲੋਂ ਇਸ ਮਾਮਲੇ 'ਤੇ ਵੱਖ-ਵੱਖ ਵਿਕਲਪਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਵਿੱਤ ਮੰਤਰੀ ਫ੍ਰਾਂਕੋਇਸ-ਫਿਲਿਪ ਸ਼ੈਂਪੇਨ ਅਤੇ ਹਾਊਸਿੰਗ ਮੰਤਰੀ ਗ੍ਰੇਗਰ ਰੌਬਰਟਸਨ ਸਮੇਤ ਸਰਕਾਰੀ ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਭਵਿੱਖ ਦੀ ਨੀਤੀ ਵਿੱਚ ਸਿੱਧੀ ਪਾਬੰਦੀ ਦੀ ਬਜਾਏ ਰਿਹਾਇਸ਼ੀ ਸਪਲਾਈ ਵਧਾਉਣ ਵਾਲੇ ਮਾਡਲਾਂ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ।

ਇੱਕ ਸੰਭਾਵਿਤ ਮਾਡਲ ਤਹਿਤ ਵਿਦੇਸ਼ੀ ਨਿਵੇਸ਼ਕਾਂ ਨੂੰ ਨਵੀਆਂ ਰਿਹਾਇਸ਼ੀ ਇਕਾਈਆਂ ਦੇ ਨਿਰਮਾਣ ਵਿੱਚ ਨਿਵੇਸ਼ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਜਦਕਿ ਮੌਜੂਦਾ ਘਰਾਂ ਦੀ ਖਰੀਦ 'ਤੇ ਪਾਬੰਦੀਆਂ ਜਾਰੀ ਰਹਿ ਸਕਦੀਆਂ ਹਨ। ਇਸ ਸਬੰਧ ਵਿੱਚ ਆਸਟ੍ਰੇਲੀਆ ਦੇ ਨਿਯਮਾਂ ਨੂੰ ਵੀ ਇੱਕ ਉਦਾਹਰਨ ਵਜੋਂ ਦੇਖਿਆ ਜਾ ਰਿਹਾ ਹੈ।

ਫਿਲਹਾਲ ਇਹ ਸਪੱਸ਼ਟ ਨਹੀਂ ਕਿ 1 ਜਨਵਰੀ 2027 ਤੋਂ ਬਾਅਦ ਪਾਬੰਦੀ ਪੂਰੀ ਤਰ੍ਹਾਂ ਖਤਮ ਹੋਵੇਗੀ, ਵਧਾਈ ਜਾਵੇਗੀ ਜਾਂ ਇਸ ਵਿੱਚ ਤਬਦੀਲੀਆਂ ਕੀਤੀਆਂ ਜਾਣਗੀਆਂ। ਸਰਕਾਰ ਦੇ ਅਗਲੇ ਫੈਸਲੇ 'ਤੇ ਰੀਅਲ ਅਸਟੇਟ ਬਾਜ਼ਾਰ ਅਤੇ ਵਿਦੇਸ਼ੀ ਨਿਵੇਸ਼ ਨਾਲ ਜੁੜੇ ਖੇਤਰਾਂ ਦੀ ਨਜ਼ਰ ਹੈ।

# ਯੂ.ਪੀ 'ਚ 4 ਖਿਡਾਰੀਆਂ ਦੀ ਹਾਦਸੇ 'ਚ ਮੌਤ

## ਟਰੱਕ ਨਾਲ ਟਕਰਾਈ ਕਾਰ

ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਵਿਚ ਅੱਜ ਸਵੇਰੇ ਇਕ ਭਿਆਨਕ ਹਾਦਸਾ ਵਾਪਰਿਆ। ਪੂਰਵਾਂਚਲ ਐਕਸਪ੍ਰੈਸਵੇਅ 'ਤੇ ਤੇਜ਼ ਰਫ਼ਤਾਰ ਕਾਰ ਆਪਣੇ ਅੱਗੇ ਜਾ ਰਹੇ ਇੱਕ ਟਰੱਕ ਨਾਲ ਟਕਰਾ ਗਈ। ਇਸ ਹਾਦਸੇ ਵਿਚ ਕਾਰ ਵਿੱਚ ਸਵਾਰ ਚਾਰ ਖਿਡਾਰੀਆਂ ਦੀ ਮੌਤ ਹੋ ਗਈ, ਜਦਕਿ ਦੋ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਯੂ.ਪੀ.ਈ.ਆਈ.ਡੀ.ਏ. (UPEIDA) ਦੇ ਸੁਰੱਖਿਆ ਕਰਮਚਾਰੀਆਂ ਨੇ ਜ਼ਖ਼ਮੀ ਖਿਡਾਰੀਆਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ। ਕਾਰ ਸਵਾਰ ਸਾਰੇ ਲਖਨਊ ਵਿਚ ਇਕ ਮੈਚ ਖੇਡਣ ਤੋਂ ਬਾਅਦ ਦੇਵਰੀਆ ਵਾਪਸ ਪਰਤ ਰਹੇ ਸਨ। ਹਾਦਸੇ ਦੀ ਖ਼ਬਰ ਮਿਲਦਿਆਂ ਹੀ



ਪਰਿਵਾਰਾਂ ਦਾ ਰੋ-ਰੋ ਬੁਰਾ ਹਾਲ ਹੈ।

ਰਿਪੋਰਟਾਂ ਅਨੁਸਾਰ, ਛੇ ਖਿਡਾਰੀ ਇੱਕ 'ਅਰਟਿਗਾ' ਕਾਰ ਵਿੱਚ ਲਖਨਊ ਤੋਂ ਦੇਵਰੀਆ ਵੱਲ ਜਾ ਰਹੇ ਸਨ। ਅੱਜ ਸਵੇਰੇ, ਪੂਰਵਾਂਚਲ ਐਕਸਪ੍ਰੈਸਵੇਅ 'ਤੇ ਤੇਜ਼ ਰਫ਼ਤਾਰ ਕਾਰ ਅੱਗੇ ਜਾ ਰਹੇ ਇੱਕ ਟਰੱਕ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ ਅਤੇ ਚੀਕ-ਚਿਹਾੜੇ ਦੇ ਵਿਚਕਾਰ ਹਫੜਾ-ਦਫੜੀ ਮੱਚ ਗਈ। ਵਾਹਨ ਚਾਲਕਾਂ ਅਤੇ ਰਾਹਗੀਰਾਂ ਨੇ ਪੁਲਿਸ ਤੇ ਐਂਬੂਲੈਂਸ ਸੇਵਾਵਾਂ ਨੂੰ ਸੂਚਿਤ ਕੀਤਾ ਅਤੇ ਬਚਾਅ ਕਾਰਜ ਸ਼ੁਰੂ ਕੀਤੇ।

# 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਵਿਸ਼ੇਸ਼ 'ਤਾਲਮੇਲ ਕਮੇਟੀ' ਦਾ ਗਠਨ

ਚੰਡੀਗੜ੍ਹ: 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਪੰਜਾਬ ਵਿੱਚ ਕੌਮੀ ਏਕਤਾ ਅਤੇ ਵੱਖ-ਵੱਖ ਜਨਤਕ ਧਿਰਾਂ ਨਾਲ ਸਾਂਝ ਮਜ਼ਬੂਤ ਕਰਨ ਲਈ ਇੱਕ ਵੱਡਾ ਰਾਜਨੀਤਿਕ ਕਦਮ ਚੁੱਕਿਆ ਗਿਆ ਹੈ। ਪਾਰਟੀ ਹਾਈਕਮਾਂਡ ਵੱਲੋਂ ਪੰਜਾਬ ਦੀਆਂ ਸੁਹਿਰਦ ਅਤੇ ਹਮਖ਼ਿਆਲੀ ਜਥੇਬੰਦੀਆਂ ਨਾਲ ਰਾਬਤਾ ਕਾਇਮ ਕਰਨ ਲਈ ਇੱਕ ਵਿਸ਼ੇਸ਼ 'ਤਾਲਮੇਲ ਕਮੇਟੀ' ਨਿਯੁਕਤ ਕੀਤੀ ਗਈ ਹੈ। ਪਾਰਟੀ ਵੱਲੋਂ ਜਾਰੀ ਅਧਿਕਾਰਤ ਬਿਆਨ ਅਨੁਸਾਰ, ਇਸ ਤਾਲਮੇਲ ਕਮੇਟੀ ਦੀ ਜ਼ਿੰਮੇਵਾਰੀ ਸ੍ਰ. ਸੁਖਵਿੰਦਰ ਸਿੰਘ ਅਗਵਾਨ ਨੂੰ 'ਕੋਆਰਡੀਨੇਟਰ ਇੰਚਾਰਜ' ਵਜੋਂ ਸੌਂਪੀ ਗਈ ਹੈ। ਇਸ ਤੋਂ ਇਲਾਵਾ ਸ੍ਰ. ਪ੍ਰਗਟ ਸਿੰਘ ਰਈਆ ਅਤੇ ਪ੍ਰੋ. ਰਣਜੀਤ ਸਿੰਘ ਧਨੋਆ ਨੂੰ ਕਮੇਟੀ ਦੇ ਮੈਂਬਰ ਵਜੋਂ ਸ਼ਾਮਿਲ ਕੀਤਾ ਗਿਆ ਹੈ।

ਇਹ ਕਮੇਟੀ ਪੰਜਾਬ ਦੀਆਂ ਹੋਰਨਾਂ ਰਾਜਨੀਤਿਕ, ਕਿਸਾਨ, ਮਜ਼ਦੂਰ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਨਾਲ ਸੁਚਾਰੂ ਢੰਗ ਨਾਲ ਤਾਲਮੇਲ ਬਣਾਉਣ ਲਈ ਕੰਮ ਕਰੇਗੀ।

### ਹੋਰਨਾਂ ਧਿਰਾਂ ਦੇ ਆਗੂਆਂ ਦੀ ਸ਼ਮੂਲੀਅਤ ਸਬੰਧੀ ਫ਼ੈਸਲੇ

ਪਾਰਟੀ ਨੇ ਸਪੱਸ਼ਟ ਕੀਤਾ ਹੈ ਕਿ ਹੋਰਨਾਂ ਧਿਰਾਂ ਅਤੇ ਜਥੇਬੰਦੀਆਂ ਤੋਂ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵਿੱਚ ਸ਼ਾਮਿਲ ਹੋਣ ਵਾਲੇ ਆਗੂਆਂ ਅਤੇ ਅਹੁਦੇਦਾਰਾਂ ਬਾਰੇ ਇਹ ਕਮੇਟੀ ਹਰ ਪੱਖ ਤੋਂ ਗੰਭੀਰ ਵਿਚਾਰ-ਵਟਾਂਦਰਾ ਕਰੇਗੀ। ਪੂਰੀ ਜਾਂਚ-ਪੜਤਾਲ ਅਤੇ ਸਮੀਖਿਆ ਤੋਂ ਬਾਅਦ ਹੀ ਨਵੇਂ ਅਹੁਦੇਦਾਰਾਂ ਨੂੰ ਪਾਰਟੀ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਹ ਫੈਸਲਾ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਤੋਂ ਬਾਅਦ ਪਾਰਟੀ ਦੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਤੱਕ ਪਹੁੰਚਾਇਆ ਗਿਆ ਹੈ।

# Nobel ਲਈ ਤੜਪ ਰਹੇ ਟਰੰਪ ਨੇ ਕਿਹਾ, ਮੈਨੂੰ ਪੁਰਸਕਾਰ ਨਾ ਮਿਲਿਆ ਤਾਂ ਕਮੇਟੀ ਦੀ ਬਦਨਾਮੀ ਹੋਵੇਗੀ



ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਨੋਬੇਲ ਸ਼ਾਂਤੀ ਪੁਰਸਕਾਰ ਲਈ ਆਪਣੀ ਦਾਅਵੇਦਾਰੀ ਜਤਾਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅੱਠ ਜੰਗਾਂ ਨੂੰ ਖ਼ਤਮ ਕਰਵਾਉਣ ਵਿੱਚ ਭੂਮਿਕਾ ਨਿਭਾਈ ਹੈ ਅਤੇ ਅਜਿਹੇ ਕੰਮ ਕੀਤੇ ਹਨ, ਜੋ ਉਨ੍ਹਾਂ ਤੋਂ ਪਹਿਲਾਂ ਕਿਸੇ ਹੋਰ ਰਾਸ਼ਟਰਪਤੀ ਨੇ ਨਹੀਂ ਕੀਤੇ। ਟਰੰਪ ਨੇ ਇਹ ਟਿੱਪਣੀ ਬੁੱਧਵਾਰ ਨੂੰ ਓਵਲ ਆਫਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤੀ। ਨੋਬੇਲ ਸ਼ਾਂਤੀ ਪੁਰਸਕਾਰ ਦੇ ਜੇਤੂ ਦਾ ਐਲਾਨ ਸ਼ੁੱਕਰਵਾਰ ਨੂੰ ਨਾਰਵੇ ਦੀ ਨੋਬੇਲ ਕਮੇਟੀ ਵੱਲੋਂ ਕੀਤਾ ਜਾਣਾ ਹੈ।

ਟਰੰਪ ਨੇ ਕਿਹਾ, "ਮੈਂ ਅਜਿਹੇ ਕੰਮ ਕੀਤੇ ਹਨ, ਜੋ ਕਿਸੇ ਹੋਰ ਨੇ ਕਦੇ ਨਹੀਂ ਕੀਤੇ। ਮੈਂ ਆਪਣੀ ਤਾਰੀਫ਼ ਨਹੀਂ ਕਰ ਰਿਹਾ, ਸਿਰਫ਼ ਤੱਥ ਦੱਸ ਰਿਹਾ ਹਾਂ। ਸ਼ਾਇਦ ਕਿਸੇ ਰਾਸ਼ਟਰਪਤੀ ਨੇ ਕਦੇ ਕੋਈ ਜੰਗ ਖ਼ਤਮ ਨਹੀਂ ਕਰਵਾਈ। ਮੈਂ ਅੱਠ ਜੰਗਾਂ ਦਾ ਨਿਪਟਾਰਾ ਕਰਵਾਇਆ ਹੈ।" ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਹੀਂ ਦਿੱਤਾ ਜਾਂਦਾ ਤਾਂ ਇਹ ਨੋਬੇਲ ਕਮੇਟੀ ਲਈ ਵੱਡੀ ਬਦਨਾਮੀ ਹੋਵੇਗੀ। ਉਨ੍ਹਾਂ ਕਿਹਾ ਕਿ ਕਮੇਟੀ ਦੀ ਅਜਿਹੀ ਛਵੀ ਰਹੀ ਹੈ ਕਿ ਸ਼ਾਇਦ ਉਹ ਉਨ੍ਹਾਂ ਵਰਗੇ ਲੋਕਾਂ ਨੂੰ ਇਹ ਪੁਰਸਕਾਰ ਨਹੀਂ ਦਿੰਦੀ। ਹਾਲਾਂਕਿ, ਉਨ੍ਹਾਂ ਕਿਹਾ ਕਿ ਪੁਰਸਕਾਰ ਮਿਲੇ ਜਾਂ ਨਾ ਮਿਲੇ, ਉਨ੍ਹਾਂ ਨੇ ਇਸ ਤੋਂ ਕਿਤੇ ਵੱਧ ਕੰਮ ਕੀਤਾ ਹੈ।

### ਓਬਾਮਾ ਤੋਂ ਵੱਧ ਹੱਕਦਾਰ ਹੋਣ ਦਾ ਦਾਅਵਾ

ਟਰੰਪ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਉਹ ਓਬਾਮਾ ਨਾਲੋਂ ਨੋਬੇਲ ਸ਼ਾਂਤੀ ਪੁਰਸਕਾਰ ਦੇ ਵੱਧ ਹੱਕਦਾਰ ਹਨ। ਓਬਾਮਾ ਨੂੰ ਸਾਲ 2009 ਵਿੱਚ ਨੋਬੇਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ। ਨੋਬੇਲ ਸ਼ਾਂਤੀ ਪੁਰਸਕਾਰ ਦੇ 2026 ਦੇ ਜੇਤੂ ਦਾ ਐਲਾਨ 9 ਅਕਤੂਬਰ ਨੂੰ ਨਾਰਵੇ ਦੀ ਨੋਬੇਲ ਕਮੇਟੀ ਵੱਲੋਂ ਕੀਤਾ ਜਾਣਾ ਹੈ।

# Elections ਜਿੱਤਣ ਲਈ ਮਮਦਾਨੀ ਦੇ ਨਕਸ਼ੇ-ਕਦਮ 'ਤੇ ਤੁਰੇ Europe ਦੇ ਆਗੂ



ਬਰਲਿਨ : ਨਿਊ ਯਾਰਕ ਸ਼ਹਿਰ ਦੇ ਮੇਅਰ ਜ਼ੌਹਰਾਨ ਮਮਦਾਨੀ ਦੀ ਜਿੱਤ ਤੋਂ ਸੇਧ ਲੈਂਦਿਆਂ ਯੂਰਪੀ ਸ਼ਹਿਰਾਂ ਵਿਚ ਵੀ ਬਿਲਕੁਲ ਇੰਨ ਬਿੰਨ ਮੁੱਦੇ ਉਠਣ ਲੱਗੇ ਹਨ ਅਤੇ ਬਰਲਿਨ ਸ਼ਹਿਰ ਵਿਚ ਨਵਾਂ ਮੇਅਰ ਸਸਤੇ ਘਰਾਂ ਅਤੇ ਮਕਾਨ ਕਿਰਾਏ ਦੇ ਮੁੱਦੇ 'ਤੇ ਚੁਣਿਆ ਗਿਆ। ਸਭ ਤੋਂ ਦਿਲਚਸਪ ਮਾਮਲਾ ਜਰਮਨੀ ਦੇ ਬਰਲਿਨ ਸ਼ਹਿਰ ਨਾਲ ਸਬੰਧਤ ਹੈ ਜਿਥੇ ਮਹਿੰਗੇ ਘਰਾਂ ਨੂੰ ਮੁੱਦਾ ਬਣਾ ਕੇ ਐਲਿਫ਼ ਐਰਾਲਪ ਨੇ ਚੋਣ ਜਿੱਤ ਲਈ।

### ਬਰਲਿਨ ਸ਼ਹਿਰ ਵਿਚ ਖੱਬੇ ਪੱਖੀ ਉਮੀਦਵਾਰ ਨੇ ਜਿੱਤ ਹਾਸਲ ਕੀਤੀ

ਹੁਣ ਜਰਮਨੀ ਦਾ ਮੀਡੀਆ ਐਲਿਫ਼ ਨੂੰ ਬਰਲਿਨ ਦੀ ਮਮਦਾਨੀ ਕਰਾਰ ਦੇ ਰਿਹਾ ਹੈ। ਉਧਰ ਫ਼ਰਾਂਸ, ਸਪੇਨ ਅਤੇ ਨੈਦਰਲੈਂਡਜ਼ ਦੇ ਖੱਬੇਪੱਖੀ ਆਗੂ ਵੀ ਮਮਦਾਨੀ ਦੀ ਸਿਆਸਤ 'ਤੇ ਨਜ਼ਰ ਰੱਖ ਰਹੇ ਹਨ ਅਤੇ ਆਉਣ ਵਾਲੇ ਸਮੇਂ ਦੌਰਾਨ ਵੱਡੀਆਂ ਤਬਦੀਲੀਆਂ ਦੇਖਣ ਨੂੰ ਮਿਲ ਸਕਦੀਆਂ ਹਨ। ਦੱਸ ਦੇਈਏ ਕਿ ਐਲਿਫ਼ ਦਾ ਪਰਵਾਰ ਤੁਰਕੀ ਨਾਲ ਸਬੰਧਤ ਹੈ ਜਿਨ੍ਹਾ ਦੇ ਮਾਤਾ ਪਿਤਾ 1980 ਵਿਚ ਤਖ਼ਤਾ ਪਲਟ ਮਗਰੋਂ ਜਰਮਨੀ ਆ ਗਏ।

# ਜਾਰਜੀਆ 'ਚ ਪਾਰਟੀ ਦੌਰਾਨ ਗੋਲੀਬਾਰੀ: 2 ਦੀ ਮੌਤ, 36 ਜ਼ਖ਼ਮੀ

ਦੱਖਣੀ ਜਾਰਜੀਆ ਦੇ ਵੀਏਨਾ (Vienna) ਸ਼ਹਿਰ ਵਿੱਚ 'ਹੋਮਕਮਿੰਗ ਬਲੌਕ ਪਾਰਟੀ' ਦੌਰਾਨ ਹੋਈ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਲਗਪਗ ਤਿੰਨ ਦਰਜਨ (36) ਲੋਕ ਜ਼ਖ਼ਮੀ ਹੋ ਗਏ। ਇਹ ਹਾਦਸਾ ਐਤਵਾਰ ਤੜਕੇ ਚਾਰ ਬਲਾਕਾਂ ਵਿੱਚ ਫੈਲੇ ਇੱਕ ਜਸ਼ਨ ਦੌਰਾਨ ਵਾਪਰਿਆ। ਡੂਲੀ ਕਾਊਂਟੀ (Dooly County) ਦੇ ਸ਼ੈਰਿਫ਼ ਕ੍ਰੇਗ ਪੀਵੀ ਅਨੁਸਾਰ ਮ੍ਰਿਤਕਾਂ ਦੀ ਪਛਾਣ ਜੈਕਿਵਿਅਨ ਜੈਕਸਨ (21) ਅਤੇ ਮੈਕਾਲੇਬ ਜੈਕਸਨ (23) ਵਜੋਂ ਹੋਈ ਹੈ। ਜ਼ਖ਼ਮੀਆਂ ਦੀ ਉਮਰ 14 ਤੋਂ 51 ਸਾਲ ਦੇ ਵਿਚਕਾਰ ਹੈ, ਜਿਨ੍ਹਾਂ ਨੂੰ ਨੇੜਲੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਜਾਰਜੀਆ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਮੁਖੀ ਕ੍ਰਿਸ ਹੋਸੀ ਨੇ ਦੱਸਿਆ ਕਿ ਕਈ ਲੋਕਾਂ ਨੂੰ ਗੋਲੀਆਂ ਲੱਗੀਆਂ ਹਨ ਅਤੇ ਕੁਝ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜਾਣਕਾਰੀ ਅਨੁਸਾਰ, ਇਹ ਪਾਰਟੀ ਡੂਲੀ ਕਾਊਂਟੀ ਹਾਈ ਸਕੂਲ ਦੀ ਫੁੱਟਬਾਲ ਟੀਮ ਦੀ ਜਿੱਤ ਦੀ ਖ਼ੁਸ਼ੀ ਵਿੱਚ ਰੱਖੀ ਗਈ ਸੀ, ਜਿਸ ਵਿੱਚ 1,000 ਤੋਂ ਵੱਧ ਲੋਕ ਸ਼ਾਮਲ ਸਨ। ਸ਼ੈਰਿਫ਼ ਪੀਵੀ ਨੇ ਦੱਸਿਆ ਕਿ ਦੋ ਵੱਖ-ਵੱਖ ਥਾਵਾਂ 'ਤੇ 50 ਤੋਂ ਵੱਧ ਰੌਂਦ ਗੋਲੀਆਂ ਚੱਲੀਆਂ। ਚਸ਼ਮਦੀਦਾਂ ਅਨੁਸਾਰ ਮਸ਼ੀਨ ਗੰਨ ਵਾਂਗ ਲਗਾਤਾਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਈਆਂ, ਜਿਸ ਤੋਂ ਬਾਅਦ ਮੌਕੇ 'ਤੇ ਭਗਦੜ ਮਚ ਗਈ। ਡੂਲੀ ਕਾਊਂਟੀ ਸਕੂਲ ਸਿਸਟਮ ਦੇ ਸੁਪਰਡੈਂਟ ਸ਼ੇਰੋਡ ਵਿਲਾਫ਼ੋਰਡ ਨੇ ਸਪੱਸ਼ਟ ਕੀਤਾ ਕਿ ਇਹ ਸਮਾਗਮ ਸਕੂਲ ਵੱਲੋਂ ਆਯੋਜਿਤ ਨਹੀਂ ਕੀਤਾ ਗਿਆ ਸੀ, ਪਰ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਸਕੂਲਾਂ ਵਿੱਚ ਵਾਧੂ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਫ਼ਿਲਹਾਲ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ ਅਤੇ ਗੋਲੀਬਾਰੀ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।












# ਜੌਰਜੀਆ ਮੇਲੋਨੀ ਦਾ ਵੱਡਾ ਕਦਮ

## ਆਪਣੀ ਆਵਾਜ਼ ਦਾ ਟ੍ਰੇਡਮਾਰਕ ਕਰਵਾਉਣ ਲਈ ਦਿੱਤੀ ਅਰਜ਼ੀ



ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਰਾਹੀਂ ਬਣਾਏ ਜਾਣ ਵਾਲੇ ਡੀਪਫੇਕ ਤੋਂ ਆਪਣੀ ਪਛਾਣ ਅਤੇ ਆਵਾਜ਼ ਨੂੰ ਸੁਰੱਖਿਅਤ ਕਰਨ ਲਈ ਵੱਡਾ ਕਦਮ ਚੁੱਕਿਆ ਹੈ। ਮੇਲੋਨੀ ਨੇ ਆਪਣੀ ਆਵਾਜ਼ ਦਾ ਟ੍ਰੇਡਮਾਰਕ ਕਰਵਾਉਣ ਲਈ ਯੂਰਪੀ ਸੰਘ ਦੇ ਇੰਟੈਲੇਕਚੁਅਲ ਪ੍ਰਾਪਰਟੀ ਦਫ਼ਤਰ ਵਿੱਚ ਅਰਜ਼ੀ ਦਿੱਤੀ ਹੈ। ਇਸ ਅਰਜ਼ੀ ਦੀ ਜਾਣਕਾਰੀ 5 ਅਕਤੂਬਰ ਦੀ ਤਾਰੀਖ ਨਾਲ ਦਫ਼ਤਰ ਦੀ ਵੈੱਬਸਾਈਟ 'ਤੇ ਦਰਜ ਹੈ।

ਅਰਜ਼ੀ ਦੇ ਨਾਲ ਮੇਲੋਨੀ ਦੀ ਆਵਾਜ਼ ਦੀ ਚਾਰ ਸਕਿੰਟ ਦੀ ਇੱਕ ਆਡੀਓ ਰਿਕਾਰਡਿੰਗ ਵੀ ਸ਼ਾਮਲ ਕੀਤੀ ਗਈ ਹੈ। ਇਸ ਵਿੱਚ ਉਹ ਇਟਾਲੀਅਨ ਭਾਸ਼ਾ ਵਿੱਚ ਦੋ ਵਾਰ 'ਲੋ ਸੋਨੋ ਜੌਰਜੀਆ' ਕਹਿੰਦੀ ਸੁਣਾਈ ਦਿੰਦੀ ਹੈ, ਜਿਸ ਦਾ ਅਰਥ ਹੈ 'ਮੈਂ ਜੌਰਜੀਆ ਹਾਂ'। ਮੇਲੋਨੀ ਦੇ ਦਫ਼ਤਰ ਨੇ ਵੀ ਇਸ ਅਰਜ਼ੀ ਦੀ ਪੁਸ਼ਟੀ ਕੀਤੀ ਹੈ।

**'ਲੋ ਸੋਨੋ ਜੌਰਜੀਆ' ਨਾਲ ਜੁੜੀ ਹੈ ਖ਼ਾਸ ਪਛਾਣ**

'ਲੋ ਸੋਨੋ ਜੌਰਜੀਆ' ਮੇਲੋਨੀ ਦੀ 2021 ਵਿੱਚ ਪ੍ਰਕਾਸ਼ਿਤ ਹੋਈ ਆਤਮਕਥਾ ਦਾ ਸਿਰਲੇਖ ਵੀ ਸੀ। ਇਹ ਵਾਕ ਉਨ੍ਹਾਂ ਦੇ 2019 ਵਿੱਚ ਇੱਕ ਸਿਆਸੀ ਰੈਲੀ ਦੌਰਾਨ ਦਿੱਤੇ ਗਏ ਮਸ਼ਹੂਰ ਬਿਆਨ ਤੋਂ ਪ੍ਰੇਰਿਤ ਸੀ। ਬਾਅਦ ਵਿੱਚ ਇਸ ਬਿਆਨ ਨੂੰ ਇੱਕ ਡਿਸਕੋ ਟਰੈਕ ਵਿੱਚ ਵੀ ਬਦਲਿਆ ਗਿਆ ਸੀ।

ਮੇਲੋਨੀ ਦੀਆਂ ਮੌਰਫ਼ ਕੀਤੀਆਂ ਤਸਵੀਰਾਂ ਪਿਛਲੇ ਕੁਝ ਸਾਲਾਂ ਦੌਰਾਨ ਕਈ ਵਾਰ ਆਨਲਾਈਨ ਸਾਂਝੀਆਂ ਕੀਤੀਆਂ ਗਈਆਂ ਹਨ। ਕੁਝ ਮੌਕਿਆਂ 'ਤੇ ਇਨ੍ਹਾਂ ਤਸਵੀਰਾਂ ਨੂੰ ਅਸਲੀ ਦੱਸ ਕੇ ਵੀ ਫੈਲਾਇਆ ਗਿਆ। ਇਸ ਤਰ੍ਹਾਂ ਦੀ ਸਮੱਗਰੀ ਨੂੰ ਲੈ ਕੇ ਮੇਲੋਨੀ ਪਹਿਲਾਂ ਵੀ ਆਪਣੀ ਨਾਰਾਜ਼ਗੀ ਜ਼ਾਹਰ ਕਰ ਚੁੱਕੀ ਹੈ।

**ਮੇਲੋਨੀ ਨੇ ਲੋਕਾਂ ਨੂੰ ਕੀਤੀ ਅਪੀਲ**

ਮੇਲੋਨੀ ਨੇ ਡੀਪਫੇਕ ਅਤੇ ਅਜਿਹੀ ਝੂਠੀ ਸਮੱਗਰੀ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਸ ਤਰ੍ਹਾਂ ਦੀ ਸਮੱਗਰੀ ਰਾਹੀਂ ਝੂਠ ਫੈਲਾਉਣ ਅਤੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਨੇ ਆਨਲਾਈਨ ਯੂਜ਼ਰਾਂ ਨੂੰ ਅਪੀਲ ਕੀਤੀ ਕਿ ਸੋਸ਼ਲ ਮੀਡੀਆ 'ਤੇ ਕਿਸੇ ਵੀ ਸਮੱਗਰੀ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਸ ਦੀ ਸੱਚਾਈ ਦੀ ਜਾਂਚ ਜ਼ਰੂਰ ਕੀਤੀ ਜਾਵੇ। ਮੇਲੋਨੀ ਨੇ ਕਿਹਾ ਕਿ ਉਹ ਆਪਣੇ ਬਚਾਅ ਲਈ ਕਦਮ ਚੁੱਕ ਸਕਦੀ ਹੈ, ਪਰ ਹਰ ਵਿਅਕਤੀ ਲਈ ਅਜਿਹਾ ਕਰਨਾ ਸੰਭਵ ਨਹੀਂ ਹੁੰਦਾ। ਇਸੇ ਲਈ ਉਨ੍ਹਾਂ ਨੇ ਲੋਕਾਂ ਨੂੰ ਆਨਲਾਈਨ ਸਮੱਗਰੀ ਦੀ ਪੁਸ਼ਟੀ ਕਰਨ ਦੀ ਅਪੀਲ ਕੀਤੀ ਹੈ।

# ਭਾਰਤ ਵਿੱਚ ਸਟਾਰਲਿੰਕ ਸੇਵਾ ਨੂੰ ਰੋਕ ਰਹੇ ਨੇ ਸਰਮਾਏਦਾਰ: ਐਲਨ ਮਸਕ



ਅਮਰੀਕੀ ਕਾਰੋਬਾਰੀ ਦਿੱਗਜ ਐਲਨ ਮਸਕ ਨੇ ਕੁਝ ਟੈਲੀਕਾਮ ਆਪਰੇਟਰਾਂ 'ਤੇ ਤਨਜ਼ ਕੱਸਦਿਆਂ ਦੋਸ਼ ਲਾਇਆ ਹੈ ਕਿ ਦੇਸ਼ ਵਿੱਚ ਆਪਣੀ ਮੋਨੋਪੋਲੀ (ਏਕਾਧਿਕਾਰ) ਨੂੰ ਬਣਾਈ ਰੱਖਣ ਲਈ "ਕੁੱਝ ਸਰਮਾਏਦਾਰਾਂ" ਨੇ ਉਨ੍ਹਾਂ ਦੀ ਕੰਪਨੀ ਦੀ ਸੈਟੇਲਾਈਟ ਸੰਚਾਰ ਸੇਵਾ ਨੂੰ ਭਾਰਤ ਵਿੱਚ ਬਲਾਕ ਕਰ ਦਿੱਤਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (X) 'ਤੇ 'ਡੌਜਡਿਜ਼ਾਈਨਰ' (ਧੋਦਗਏਧਏਸਿਗਨਏਰ) ਹੈਂਡਲ ਵੱਲੋਂ 11,000 ਤੋਂ ਵੱਧ ਪਿੰਡਾਂ ਵਿੱਚ ਮੋਬਾਈਲ ਕਵਰੇਜ ਨਾ ਹੋਣ ਬਾਰੇ ਪੋਸਟ ਕੀਤੀ ਗਈ ਜਾਣਕਾਰੀ ਦੇ ਜਵਾਬ ਵਿੱਚ ਮਸਕ ਨੇ ਕਿਹਾ: "ਬਦਕਿਸਮਤੀ ਨਾਲ, ਸਾਨੂੰ ਭਾਰਤੀ ਲੋਕਾਂ 'ਤੇ ਆਪਣਾ ਮੋਨੋਪੋਲੀਕਲ (ਏਕਾਧਿਕਾਰ ਵਾਲਾ) ਸ਼ਿਕੰਜਾ ਬਣਾਈ ਰੱਖਣ ਲਈ ਕੁਝ ਸਰਮਾਏਦਾਰਾਂ ਵੱਲੋਂ ਰੋਕਿਆ ਜਾ ਰਿਹਾ ਹੈ।" ਮਸਕ ਨੇ 'ਐਕਸ' 'ਤੇ ਪੋਸਟ ਕੀਤਾ, "ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਕੌਣ ਹਨ... ਇਹ ਭਾਰਤ ਦੇ ਲੋਕਾਂ ਵਿਰੁੱਧ ਇੱਕ ਅਪਰਾਧ ਹੈ!"

DodgeDesigner (@cb_dodge) ਨਾਮ ਹੇਠ ਚੱਲ ਰਹੇ ਇੱਕ ਤਸਦੀਕਸ਼ੁਦਾ (verified) ਖਾਤੇ ਨੇ, ਜੋ ਐਲਨ ਮਸਕ ਅਤੇ ਉਨ੍ਹਾਂ ਦੀਆਂ ਕੰਪਨੀਆਂ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਨ ਲਈ ਜਾਣਿਆ ਜਾਂਦਾ ਹੈ, ਕਿਹਾ ਕਿ "ਮਈ 2026 ਤੱਕ ਭਾਰਤ ਦੇ ਸੂਚੀਬੱਧ ਪਿੰਡਾਂ ਵਿੱਚੋਂ 11,256 ਪਿੰਡਾਂ ਵਿੱਚ ਅਜੇ ਵੀ 4ਘ ਕਵਰੇਜ ਦੀ ਘਾਟ ਸੀ।" ਇਸ ਖਾਤੇ ਨੇ "ਭਾਰਤ ਨੂੰ ਸਟਾਰਲਿੰਕ (Starlink) ਦੀ ਲੋੜ ਹੈ" ਦਾ ਜ਼ਿਕਰ ਕੀਤਾ ਅਤੇ ਦੇਸ਼ ਦੇ ਪੇਂਡੂ ਖੇਤਰਾਂ ਵਿੱਚ ਦੂਰਸੰਚਾਰ ਸੰਪਰਕ (telecom connectivity) ਦੀ ਘਾਟ ਬਾਰੇ ਜਾਣਕਾਰੀ ਸਾਂਝੀ ਕੀਤੀ। ਡੌਜਡਿਜ਼ਾਈਨਰ ਨੇ ਕਿਹਾ, "ਭਾਰਤਨੈੱਟ (BharatNet) ਨੇ 850,000 ਕਿਲੋਮੀਟਰ ਤੋਂ ਵੱਧ ਰੂਟ-ਕਿਲੋਮੀਟਰ ਫਾਈਬਰ ਵਿਛਾਇਆ ਸੀ ਅਤੇ ਲਗਪਗ 221,000 ਗ੍ਰਾਮ ਪੰਚਾਇਤਾਂ ਨੂੰ ਸੇਵਾ-ਤਿਆਰ ਬਣਾਇਆ ਸੀ। ਹਾਲਾਂਕਿ, ਜੂਨ 2026 ਵਿੱਚ ਇਸ ਦੇ ਪੁਆਇੰਟਸ ਆਫ਼ ਪ੍ਰੈਜ਼ੈਂਸ ਸਿਰਫ਼ 80,472 ਗ੍ਰਾਮ ਪੰਚਾਇਤਾਂ ਵਿੱਚ ਕਾਰਜਸ਼ੀਲ ਰਿਪੋਰਟ ਕੀਤੇ ਗਏ ਸਨ।"

ਇਹ ਘਟਨਾਕ੍ਰਮ ਉਸ ਦਿਨ ਸਾਹਮਣੇ ਆਇਆ ਹੈ ਜਦੋਂ ਭਾਰਤ ਨੇ ਆਪਣੇ ਪ੍ਰਮੁੱਖ ਟੈਲੀਕਾਮ ਸੈਕਟਰ ਈਵੈਂਟ, ਇੰਡੀਆ ਮੋਬਾਈਲ ਕਾਂਗਰਸ (IMC) ਦੀ ਸ਼ੁਰੂਆਤ ਕੀਤੀ ਹੈ, ਜਿਸ ਦਾ ਉਦਘਾਟਨ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਨਗੇ।

ਦਿਨ ਵਿੱਚ ਪਹਿਲਾਂ ਮਸਕ ਦੀ ਅਗਵਾਈ ਵਾਲੀ ਸਪੇਸਐਕਸ (SpaceX) ਦੇ ਇੱਕ ਸੀਨੀਅਰ ਅਧਿਕਾਰੀ ਨੇ ਘੋਸ਼ਣਾ ਕੀਤੀ ਕਿ ਕੰਪਨੀ ਦੀ ਸੈਟੇਲਾਈਟ ਕਮਿਊਨੀਕੇਸ਼ਨ ਆਰਮ ਭਾਰਤ ਵਿੱਚ ਸੇਵਾਵਾਂ ਸ਼ੁਰੂ ਕਰਨ ਲਈ ਤਿਆਰ ਹੈ। ਇੰਡੀਆ ਮੋਬਾਈਲ ਕਾਂਗਰਸ 2026 ਵਿੱਚ ਬੋਲਦਿਆਂ ਸਪੇਸਐਕਸ ਦੀ ਸਟਾਰਲਿੰਕ ਬਿਜ਼ਨਸ ਆਪਰੇਸ਼ਨਜ਼ ਵਾਈਸ ਪ੍ਰਧਾਨ ਲੌਰੇਨ ਡ੍ਰੇਅਰ ਨੇ ਕਿਹਾ ਕਿ ਕੰਪਨੀ ਨੇ ਭਾਰਤੀ ਬਾਜ਼ਾਰ ਦੀ ਸੇਵਾ ਕਰਨ ਲਈ ਲੋੜੀਂਦੇ ਬੁਨਿਆਦੀ ਢਾਂਚੇ (ਇਨਫ੍ਰਾਸਟ੍ਰਕਚਰ) ਨੂੰ ਸਥਾਪਤ ਕਰਨ ਵਿੱਚ ਨਿਵੇਸ਼ ਕੀਤਾ ਹੈ।

ਉਨ੍ਹਾਂ ਕਿਹਾ, "ਅਸੀਂ ਭਾਰਤੀ ਸੁਰੱਖਿਆ ਲੋੜਾਂ ਅਤੇ ਹੋਰ ਨਿਯਮਾਂ ਨੂੰ ਧਿਆਨ ਵਿੱਚ ਰੱਖਦਿਆਂ ਖਾਸ ਤੌਰ 'ਤੇ ਭਾਰਤ ਲਈ ਆਪਣੇ ਸਟਾਰਲਿੰਕ ਆਪਰੇਸ਼ਨ ਤਿਆਰ ਕੀਤੇ ਹਨ, ਭਾਰਤ ਲਈ ਹਰ ਪੱਧਰ 'ਤੇ ਕੰਟਰੋਲ ਸਥਾਪਤ ਕੀਤੇ ਹਨ ਅਤੇ ਭਾਰਤੀ ਉਪਭੋਗਤਾ ਦਾ ਡੇਟਾ ਭਾਰਤ ਦੇ ਅੰਦਰ ਹੀ ਰੱਖਿਆ ਹੈ।"

ਸਰਕਾਰ ਨੇ ਭਾਰਤ ਵਿੱਚ ਸੈਟੇਲਾਈਟ ਸੰਚਾਰ ਸੇਵਾਵਾਂ ਪ੍ਰਦਾਨ ਕਰਨ ਲਈ ਸਟਾਰਲਿੰਕ ਸਮੇਤ ਤਿੰਨ ਕੰਪਨੀਆਂ ਨੂੰ ਲਾਇਸੈਂਸ ਦਿੱਤੇ ਹਨ ਹਾਲਾਂਕਿ, ਸੈਟਕਾਮ ਕੰਪਨੀਆਂ ਨੂੰ ਆਪਣੀਆਂ ਸੇਵਾਵਾਂ ਸ਼ੁਰੂ ਕਰਨ ਲਈ ਸਪੈਕਟ੍ਰਮ ਅਤੇ ਸੁਰੱਖਿਆ ਮਨਜ਼ੂਰੀ (ਕਲੀਅਰੈਂਸ) ਦੀ ਲੋੜ ਹੈ।

ਡ੍ਰੇਅਰ ਨੇ ਕਿਹਾ, "ਅਸੀਂ ਪਹਿਲਾਂ ਹੀ ਇੱਥੇ ਨਿਵੇਸ਼ ਕਰ ਲਿਆ ਹੈ ਅਤੇ ਮੌਜੂਦਾ ਜ਼ਮੀਨੀ ਬੁਨਿਆਦੀ ਢਾਂਚਾ ਤਿਆਰ ਕਰ ਲਿਆ ਹੈ, ਜਿਸ ਵਿੱਚ ਸੈਂਕੜੇ ਐਂਟੀਨਾ ਵਾਲੀਆਂ 20 ਗੇਟਵੇ ਸਾਈਟਾਂ ਸ਼ਾਮਲ ਹਨ, ਅਤੇ ਅਸੀਂ ਭਾਰਤ ਦੀ ਸੇਵਾ ਕਰਨ ਲਈ ਤਿਆਰ ਹੋਣ ਵਾਸਤੇ ਆਪਰੇਸ਼ਨ ਸਥਾਪਤ ਕਰ ਲਏ ਹਨ।"

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ
* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services
* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us
* Expert Guidance
* Personalized Assistance in every matter
THE SOLUTION YOU NEED CALL US:
519-740-7080
* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ
Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa
Land or Family Disputes in India
* Partition of Property * Removing Illegal Possession * Land Encroachment
* Matrimonial Property Disputes
Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਸੁਖਬੀਰ ਬਾਦਲ ਦੀ ਜੈਨ-ਜ਼ੀ ਵੋਟਰਾਂ ਨਾਲ ਗੱਲਬਾਤ

## ਮੁਫ਼ਤ ਸਿੱਖਿਆ ਅਤੇ 25 ਲੱਖ ਰੁਪਏ ਦੇ ਸਿਹਤ ਬੀਮੇ ਦਾ ਕੀਤਾ ਵਾਅਦਾ



ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ "ਜੈਨ-ਜ਼ੀ" (ਨਵੀਂ ਪੀੜ੍ਹੀ) ਵੋਟਰਾਂ ਨਾਲ ਤਾਲਮੇਲ ਬਣਾਉਣ ਦੀ ਕੋਸ਼ਿਸ਼ ਕਰਦਿਆਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਸ਼ਾਮ ਇੱਥੇ ਗੁਰੂ ਨਾਨਕ ਕਾਲਜ ਵਿੱਚ "ਵਾਈਬ ਪੰਜਾਬ ਦੀ" ਬੈਨਰ ਹੇਠ ਵਿਦਿਆਰਥੀਆਂ ਦੇ ਇੱਕ ਇਕੱਠ ਨੂੰ ਸੰਬੋਧਨ ਕੀਤਾ, ਜਿਸ ਦੌਰਾਨ ਨੌਜਵਾਨਾਂ ਨਾਲ ਕਈ ਵਾਅਦੇ ਕੀਤੇ ਗਏ। ਮੰਚ 'ਤੇ ਸੁਖਬੀਰ ਬਾਦਲ ਦਾ "ਪੰਜਾਬ ਦੇ ਧੁਰੰਦਰ" ਦੇ ਖਿਤਾਬ ਨਾਲ ਸਵਾਗਤ ਕੀਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਸੱਤਾ ਵਿੱਚ ਆਉਂਦੀ ਹੈ, ਤਾਂ ਸੂਬੇ ਵਿੱਚ ਸਿੱਖਿਆ ਮੁਫ਼ਤ ਹੋਵੇਗੀ। ਇਸ ਤੋਂ ਇਲਾਵਾ ਸਾਰੇ ਵਸਨੀਕਾਂ ਨੂੰ ਮੁਫ਼ਤ ਇਲਾਜ ਅਤੇ 25 ਲੱਖ ਰੁਪਏ ਤੱਕ ਦਾ ਮੈਡੀਕਲ ਬੀਮਾ ਕਵਰ ਮਿਲੇਗਾ, ਜਿਸਦਾ ਖਰਚਾ ਸੂਬਾ ਸਰਕਾਰ ਚੁੱਕੇਗੀ। ਨਸ਼ਿਆਂ ਦੀ ਅਲਾਮਤ 'ਤੇ ਸਖ਼ਤ ਰੁਖ਼ ਅਪਣਾਉਂਦਿਆਂ, ਸੁਖਬੀਰ ਨੇ ਐਲਾਨ ਕੀਤਾ ਕਿ ਪਹਿਲੀ ਹੀ ਕੈਬਨਿਟ ਮੀਟਿੰਗ ਵਿੱਚ, ਨਸ਼ਾ ਤਸਕਰੀ ਲਈ ਗ੍ਰਿਫ਼ਤਾਰ ਕੀਤੇ ਗਏ ਕਿਸੇ ਵੀ ਵਿਅਕਤੀ ਨੂੰ 10 ਸਾਲ ਤੱਕ ਜ਼ਮਾਨਤ ਨਾ ਦੇਣ ਦਾ ਫੈਸਲਾ ਲਿਆ ਜਾਵੇਗਾ ਅਤੇ ਮੁਲਜ਼ਮ ਦੇ ਪੂਰੇ ਪਰਿਵਾਰ ਦੀ ਜਾਇਦਾਦ ਜ਼ਬਤ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਵਾਅਦਾ ਕੀਤਾ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ 50 ਫੀਸਦੀ ਸੀਟਾਂ ਪੰਜਾਬ ਦੇ ਵਿਦਿਆਰਥੀਆਂ ਲਈ ਰਾਖਵੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮਿਆਰੀ ਸਿੱਖਿਆ ਅਤੇ ਹੁਨਰ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਨਾਲ ਹੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਧਿਆਨ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਪੰਜਾਬ ਨੂੰ ਇੱਕ ਆਈ ਟੀ (IT) ਹੱਬ ਬਣਾਉਣ 'ਤੇ ਹੋਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਦਿਅਕ ਯੋਗਤਾ 'ਤੇ ਤਨਜ਼ ਕੱਸਦਿਆਂ ਸੁਖਬੀਰ ਨੇ ਕਿਹਾ ਕਿ ਲੋਕਾਂ ਨੂੰ ਇੱਕ ਪੜ੍ਹਿਆ-ਲਿਖਿਆ ਮੁੱਖ ਮੰਤਰੀ ਚੁਣਨਾ ਚਾਹੀਦਾ ਹੈ, ਕਿਉਂਕਿ ਇੱਕ ਘੱਟ ਪੜ੍ਹਿਆ-ਲਿਖਿਆ ਵਿਅਕਤੀ ਸੂਬੇ ਨੂੰ ਕਿਤੇ ਨਹੀਂ ਲੈ ਜਾ ਸਕਦਾ।

ਕਾਰੋਬਾਰੀ ਬਣਨ ਦੇ ਚਾਹਵਾਨਾਂ ਨਾਲ, ਸੁਖਬੀਰ ਨੇ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਨਵੇਂ ਕਾਰੋਬਾਰਾਂ ਨੂੰ ਲਈ ਕਈ ਤਰ੍ਹਾਂ ਦੀਆਂ ਸਬਸਿਡੀਆਂ ਅਤੇ ਘੱਟ ਵਿਆਜ ਵਾਲੇ ਕਰਜ਼ੇ ਦਿੱਤੇ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਖੇਤੀਬਾੜੀ ਦੀਆਂ ਨਵੀਆਂ ਸਕੀਮਾਂ 'ਤੇ 75 ਫੀਸਦੀ ਤੱਕ ਦੀ ਸਬਸਿਡੀ ਦਿੱਤੀ ਜਾਵੇਗੀ, ਇਸ ਤੋਂ ਇਲਾਵਾ 10 ਲੱਖ ਰੁਪਏ ਤੱਕ ਦੇ ਵਿਆਜ-ਮੁਕਤ ਕਰਜ਼ੇ ਦਿੱਤੇ ਜਾਣਗੇ। ਮਸ਼ਹੂਰੀਆਂ 'ਤੇ ਹੋਣ ਵਾਲੇ ਖਰਚੇ ਨੂੰ ਲੈ ਕੇ 'ਆਪ' ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਸੁਖਬੀਰ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਨੇ ਖੁਦ ਨੂੰ ਇਮਾਨਦਾਰ ਦਿਖਾਉਣ ਲਈ ਹੋਰਡਿੰਗਜ਼ ਅਤੇ ਬਿਲਬੋਰਡਾਂ (ਵੱਡੇ ਬੋਰਡਾਂ) 'ਤੇ 500 ਕਰੋੜ ਰੁਪਏ ਖਰਚ ਕੀਤੇ ਹਨ। ਉਨ੍ਹਾਂ ਕਿਹਾ, "ਅੱਜ ਤੋਂ ਇੱਕ ਸਾਲ ਬਾਅਦ, ਸੂਬੇ ਦੇ ਸਭ ਤੋਂ ਭ੍ਰਿਸ਼ਟ ਮੁੱਖ ਮੰਤਰੀ ਨੂੰ ਦਿਖਾਉਣ ਵਾਲੇ ਅਜਿਹੇ ਹੀ ਹੋਰਡਿੰਗ ਅਤੇ ਪੋਸਟਰ ਲੱਗਣਗੇ।"

# ਪੂਰੇ ਪੰਜਾਬ 'ਚ 12 ਘੰਟੇ ਚੱਲੀ ਰੇਡ ਤੋਂ ਬਾਅਦ ਸੀਬੀਆਈ ਨੇ ਲਿਖਿਆ

## ਕਿਤੇ ਕੁਝ ਨਹੀਂ ਮਿਲਿਆ- ਭਗਵੰਤ ਸਿੰਘ ਮਾਨ



ਸੰਗਰੂਰ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਪੂਰੇ ਪੰਜਾਬ ਵਿੱਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਵੱਲੋਂ ਮਾਰੇ ਗਏ 12 ਘੰਟਿਆਂ ਦੇ ਛਾਪਿਆਂ ਨੂੰ ਲੈ ਕੇ ਭਾਜਪਾ 'ਤੇ ਤਿੱਖਾ ਨਿਸ਼ਾਨਾ ਸਾਧਿਆ। ਉਨ੍ਹਾਂ ਦਾਅਵਾ ਕੀਤਾ ਕਿ ਏਜੰਸੀ ਦੀਆਂ ਟੀਮਾਂ ਖਾਲੀ ਹੱਥ ਵਾਪਸ ਪਰਤੀਆਂ ਹਨ ਅਤੇ ਪੂਰੇ ਪੰਜਾਬ ਵਿੱਚ ਵਿਆਪਕ ਤਲਾਸ਼ੀ ਦੇ ਬਾਵਜੂਦ ਕੁਝ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਇਹ ਨਤੀਜਾ ਸਰਕਾਰ ਦੀ ਇਮਾਨਦਾਰੀ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਉਹ ਚੋਣਾਂ ਤੋਂ ਪਹਿਲਾਂ ਚੁਣੀ ਹੋਈ ਸਰਕਾਰ ਦੇ ਮੁੱਖ ਮੰਤਰੀ ਨੂੰ ਡਰਾਉਣ ਅਤੇ ਉਨ੍ਹਾਂ ਦਾ ਅਕਸ ਖਰਾਬ ਕਰਨ ਲਈ ਕੇਂਦਰੀ ਏਜੰਸੀਆਂ ਦੀ ਵਰਤੋਂ ਕਰ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਾ ਤਾਂ ਉਹ ਅਤੇ ਨਾ ਹੀ ਪੰਜਾਬ ਸਰਕਾਰ ਅਜਿਹੀਆਂ ਚਾਲਾਂ ਤੋਂ ਡਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਉਹ ਪੈਸਾ ਕਮਾਉਣ ਲਈ ਨਹੀਂ ਬਲਕਿ ਪੰਜਾਬ ਦੀ ਸੇਵਾ ਕਰਨ ਲਈ ਰਾਜਨੀਤੀ ਵਿੱਚ ਆਏ ਹਨ ਅਤੇ ਪੰਜਾਬੀ ਕਦੇ ਵੀ 'ਧੱਕੇਸ਼ਾਹੀ' ਬਰਦਾਸ਼ਤ ਨਹੀਂ ਕਰਨਗੇ।

'X' 'ਤੇ ਪੋਸਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ: "...ਸੀਬੀਆਈ ਦੇ ਛਾਪੇ ਸਿਰਫ਼ ਸਿਆਸੀ ਬੌਖਲਾਹਟ ਦਾ ਨਤੀਜਾ ਹਨ। ਅਸੀਂ ਡਰਾਉਣ ਜਾਂ ਬਦਨਾਮ ਕਰਨ ਦੀਆਂ ਅਜਿਹੀਆਂ ਕੋਝੀਆਂ ਕੋਸ਼ਿਸ਼ਾਂ ਤੋਂ ਨਾ ਡਰਾਂਗੇ ਅਤੇ ਨਾ ਹੀ ਝੁਕਾਂਗੇ। ਅਸੀਂ ਇੱਥੇ ਪੈਸਾ ਕਮਾਉਣ ਨਹੀਂ, ਪੰਜਾਬ ਦੀ ਸੇਵਾ ਕਰਨ ਆਏ ਹਾਂ, ਅਤੇ ਪੰਜਾਬੀ ਕਦੇ ਵੀ ਅਨਿਆਂ ਬਰਦਾਸ਼ਤ ਨਹੀਂ ਕਰਦੇ।"

ਸੰਗਰੂਰ ਵਿੱਚ ਇੱਕ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਐਮ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਾ ਤਾਂ ਉਹ ਅਤੇ ਨਾ ਹੀ ਪੰਜਾਬ ਸਰਕਾਰ ਅਜਿਹੀਆਂ ਚਾਲਾਂ ਤੋਂ ਡਰੇਗੀ। ਉਨ੍ਹਾਂ ਕਿਹਾ, "ਅਸੀਂ ਕਿਤੇ ਨਹੀਂ ਜਾ ਰਹੇ। ਅਸੀਂ ਕੇਂਦਰੀ ਏਜੰਸੀਆਂ ਦਾ ਸਾਹਮਣਾ ਕਰਾਂਗੇ ਅਤੇ ਹਰ ਸਵਾਲ ਦਾ ਜਵਾਬ ਦਿਆਂਗੇ। ਭਾਜਪਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਧਮਕੀਆਂ ਜਾਂ ਧੱਕੇਸ਼ਾਹੀ ਤੋਂ ਡਰਨ ਵਾਲੇ ਨਹੀਂ ਹਨ।" ਮੁੱਖ ਮੰਤਰੀ ਨੇ ਕਿਹਾ ਕਿ ਸੀਬੀਆਈ ਦੇ ਛਾਪਿਆਂ ਦਾ ਸਮਾਂ ਬਹੁਤ ਮਹੱਤਵਪੂਰਨ ਹੈ ਅਤੇ ਇਹ ਦਰਸਾਉਂਦਾ ਹੈ ਕਿ ਭਾਜਪਾ ਨੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ, "ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਉਨ੍ਹਾਂ ਰਾਜਾਂ ਵਿੱਚ ਇੱਕੋ ਜਿਹਾ ਤਰੀਕਾ ਅਪਣਾਇਆ ਜਾਂਦਾ ਹੈ ਜਿੱਥੇ ਭਾਜਪਾ ਨੂੰ ਸਿਆਸੀ ਚੁਣੌਤੀ ਮਿਲਦੀ ਹੈ। ਦਿੱਲੀ ਵਿੱਚ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੇ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸਤਯੇਂਦਰ ਜੈਨ ਨੂੰ ਗ੍ਰਿਫ਼ਤਾਰ ਕੀਤਾ। ਛੱਤੀਸਗੜ੍ਹ, ਪੱਛਮੀ ਬੰਗਾਲ, ਦਿੱਲੀ, ਹਰਿਆਣਾ ਅਤੇ ਹੋਰ ਰਾਜਾਂ ਵਿੱਚ ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਕੇਂਦਰੀ ਏਜੰਸੀਆਂ ਅਚਾਨਕ ਸਰਗਰਮ ਹੋ ਜਾਂਦੀਆਂ ਹਨ।"

ਉਨ੍ਹਾਂ ਕਿਹਾ ਕਿ ਪੰਜਾਬ ਡਰਾਉਣ-ਧਮਕਾਉਣ ਦੀ ਇਸ ਰਾਜਨੀਤੀ ਦਾ ਸ਼ਿਕਾਰ ਨਹੀਂ ਹੋਵੇਗਾ। "ਜਿਹੜੀਆਂ ਟੀਮਾਂ ਪੰਜਾਬ 'ਚ ਛਾਪੇਮਾਰੀ ਕਰਨ ਆਈਆਂ ਸਨ, ਉਹ ਖਾਲੀ ਹੱਥ ਵਾਪਸ ਚਲੀਆਂ ਗਈਆਂ ਹਨ। ਉਹ ਇੱਕ ਮਕਸਦ ਨਾਲ ਆਏ ਸਨ, ਪਰ ਉਨ੍ਹਾਂ ਨੂੰ ਕੀ ਮਿਲਿਆ? ਕੁਝ ਵੀ ਨਹੀਂ। ਉਹ ਖਾਲੀ ਹੱਥ ਵਾਪਸ ਗਏ," ਉਨ੍ਹਾਂ ਅੱਗੇ ਕਿਹਾ ਕਿ ਜਦੋਂ ਕੋਈ ਗਲਤ ਕੰਮ ਕੀਤਾ ਹੀ ਨਹੀਂ ਤਾਂ ਅਜਿਹੇ ਛਾਪੇ ਡਰ ਦਾ ਮਾਹੌਲ ਪੈਦਾ ਕਰਨ ਅਤੇ ਅਕਸ ਖਰਾਬ ਕਰਨ ਦੀ ਕੋਸ਼ਿਸ਼ ਤੋਂ ਇਲਾਵਾ ਕੁਝ ਨਹੀਂ ਹਨ। ਸੀਐਮ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕੋਸ਼ਿਸ਼ ਸਿਰਫ਼ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਨਿਸ਼ਾਨਾ ਬਣਾਉਣ ਤੱਕ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਦੇ ਪਰਿਵਾਰ ਦੇ ਅਕਸ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਬਦਨਾਮ ਕਰਨ ਦੇ ਉਦੇਸ਼ ਨਾਲ ਕੀਤੀ ਗਈ ਹੈ। ਉਨ੍ਹਾਂ ਕਿਹਾ, "ਇਹ ਮੈਨੂੰ, ਮੇਰੇ ਪਰਿਵਾਰ ਨੂੰ ਅਤੇ ਸਾਡੀ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਪਰ ਅਜਿਹੀਆਂ ਸਾਜ਼ਿਸ਼ਾਂ ਸਾਨੂੰ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਤੋਂ ਨਹੀਂ ਰੋਕ ਸਕਦੀਆਂ। ਭਾਜਪਾ ਸਾਨੂੰ ਪਰੇਸ਼ਾਨ ਕਰਨ ਦੀਆਂ ਫਜ਼ੂਲ ਅਤੇ ਨਿਰਾਸ਼ਾਜਨਕ ਕੋਸ਼ਿਸ਼ਾਂ ਕਰ ਰਹੀ ਹੈ।"

ਸੂਬਾ ਸਰਕਾਰ ਦੀ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੁਹਰਾਇਆ ਕਿ ਸਿਆਸੀ ਦਬਾਅ ਉਨ੍ਹਾਂ ਦੇ ਇਰਾਦਿਆਂ ਨੂੰ ਕਮਜ਼ੋਰ ਨਹੀਂ ਕਰ ਸਕਦਾ। ਉਨ੍ਹਾਂ ਕਿਹਾ, "ਅਸੀਂ ਨਸ਼ਿਆਂ ਵਿਰੁੱਧ ਲੜ ਰਹੇ ਹਾਂ ਕਿਉਂਕਿ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ। ਅਸੀਂ ਇਸ ਸੁਨੇਹੇ ਨੂੰ ਸੂਬੇ ਦੇ ਕੋਨੇ-ਕੋਨੇ ਤੱਕ ਲੈ ਕੇ ਜਾ ਰਹੇ ਹਾਂ। ਇਹ ਲੜਾਈ ਸਾਡੇ ਬੱਚਿਆਂ ਦੇ ਭਵਿੱਖ ਅਤੇ ਸ਼ਹੀਦਾਂ ਅਤੇ ਪੰਜਾਬ ਲਈ ਕੁਰਬਾਨੀਆਂ ਦੇਣ ਵਾਲਿਆਂ ਦੇ ਸਤਿਕਾਰ ਲਈ ਹੈ।" ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਵਾਰ-ਵਾਰ ਆਪਣੀ ਦਲੇਰੀ ਸਾਬਤ ਕੀਤੀ ਹੈ ਅਤੇ ਉਹ ਧਮਕੀਆਂ, ਛਾਪਿਆਂ ਜਾਂ ਸਿਆਸੀ ਦਬਾਅ ਅੱਗੇ ਨਹੀਂ ਝੁਕਣਗੇ। ਉਨ੍ਹਾਂ ਕਿਹਾ "ਪੰਜਾਬੀ ਕਦੇ ਦਬਾਅ ਅੱਗੇ ਨਹੀਂ ਝੁਕੇ, ਅਤੇ ਨਾ ਹੀ ਹੁਣ ਝੁਕਣਗੇ। ਪੰਜਾਬ ਅਜਿਹੀਆਂ ਚਾਲਾਂ ਅੱਗੇ ਸਮਰਪਣ ਨਹੀਂ ਕਰੇਗਾ। ਅਸੀਂ ਮਜ਼ਬੂਤੀ ਨਾਲ ਖੜ੍ਹੇ ਰਹਾਂਗੇ ਅਤੇ ਪੰਜਾਬ ਅਤੇ ਇਸ ਦੇ ਲੋਕਾਂ ਲਈ ਕੰਮ ਕਰਦੇ ਰਹਾਂਗੇ,"। ਸੀਐਮ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਕੇਂਦਰੀ ਏਜੰਸੀਆਂ ਰਾਹੀਂ ਪੰਜਾਬ ਦੇ ਲੋਕਾਂ ਨੂੰ ਡਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ"ਭਾਜਪਾ ਲਈ ਸਭ ਕੁਝ ਚੋਣਾਂ ਹੋ ਸਕਦੀਆਂ ਹਨ, ਪਰ ਸਾਡੇ ਲਈ ਸਰਕਾਰ ਚਲਾਉਣਾ ਲੋਕਾਂ ਦੀ ਸੇਵਾ ਕਰਨਾ ਹੈ। ਚੋਣਾਂ ਆਉਂਦੀਆਂ-ਜਾਂਦੀਆਂ ਰਹਿਣਗੀਆਂ, ਪਰ ਪੰਜਾਬ ਅਤੇ ਇਸ ਦੇ ਲੋਕ ਸਾਡੀ ਪਹਿਲ ਰਹਿਣਗੇ,"। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੀਆਂ ਸੰਸਥਾਵਾਂ ਦੀ ਸਿਆਸੀ ਮਕਸਦਾਂ ਲਈ ਦੁਰਵਰਤੋਂ ਦੀਆਂ ਕੋਸ਼ਿਸ਼ਾਂ ਨੂੰ ਬੇਨਕਾਬ ਕਰਦੀ ਰਹੇਗੀ ਅਤੇ ਸੂਬੇ ਦੀ ਭਲਾਈ ਅਤੇ ਵਿਕਾਸ ਲਈ ਵਚਨਬੱਧ ਰਹੇਗੀ। ਉਨ੍ਹਾਂ ਕਿਹਾ"ਸਾਡੇ ਕੋਲ ਲੁਕਾਉਣ ਲਈ ਕੁਝ ਨਹੀਂ ਹੈ ਅਤੇ ਡਰਨ ਦੀ ਕੋਈ ਲੋੜ ਨਹੀਂ ਹੈ। ਅਸੀਂ ਹਰ ਏਜੰਸੀ, ਹਰ ਜਾਂਚ ਅਤੇ ਹਰ ਚੁਣੌਤੀ ਦਾ ਦਲੇਰੀ ਨਾਲ ਸਾਹਮਣਾ ਕਰਾਂਗੇ,"।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨਾ ਤਾਂ ਡਰੇਗਾ ਅਤੇ ਨਾ ਹੀ ਚੁੱਪ ਬੈਠੇਗਾ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਦਾ ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਕੰਮ ਕਰਨ ਦਾ ਲੰਮਾ ਰਿਕਾਰਡ ਰਿਹਾ ਹੈ। ਉਨ੍ਹਾਂ ਕਿਹਾ, "ਚਾਹੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਮੁੱਦਾ ਹੋਵੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ), ਸਤਲੁਜ ਯਮੁਨਾ ਲਿੰਕ (ਐਸਵਾਈਐਲ) ਨਹਿਰ, ਹਰੀਕੇ ਨਹਿਰ, ਗਣਤੰਤਰ ਦਿਵਸ ਦੀਆਂ ਝਾਕੀਆਂ, ਆਰਡੀਐਫ ਫੰਡ ਜਾਂ ਸਰਹੱਦੀ ਖੇਤਰ ਦੇ ਫੰਡ ਹੋਣ, ਭਾਜਪਾ ਨੇ ਹਮੇਸ਼ਾ ਪੰਜਾਬ ਨਾਲ ਨਾਇਨਸਾਫ਼ੀ ਕੀਤੀ ਹੈ।" ਸੀਐਮ ਭਗਵੰਤ ਸਿੰਘ ਮਾਨ ਨੇ ਖੇਤੀਬਾੜੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਦੌਰਾਨ ਪੰਜਾਬ ਦੇ 700 ਤੋਂ ਵੱਧ ਕਿਸਾਨਾਂ ਦੀਆਂ ਹੋਈਆਂ ਮੌਤਾਂ ਵਿੱਚ ਭਾਜਪਾ ਦੀ ਭੂਮਿਕਾ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਕਿਹਾ, "ਭਾਜਪਾ ਦੇ ਹੱਥ ਸੂਬੇ ਦੇ 700 ਤੋਂ ਵੱਧ ਉਨ੍ਹਾਂ ਕਿਸਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ, ਜਿਨ੍ਹਾਂ ਨੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਪ੍ਰਦਰਸ਼ਨ ਦੌਰਾਨ ਸ਼ਹਾਦਤ ਦਿੱਤੀ ਸੀ।" ਖੇਤੀਬਾੜੀ ਖੇਤਰ ਵਿੱਚ ਸੂਬਾ ਸਰਕਾਰ ਦੀਆਂ ਉਪਲਬਧੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਹਿਰੀ ਸਿੰਚਾਈ ਦੇ ਵਾਧੇ ਨਾਲ ਕਿਸਾਨਾਂ ਨੂੰ ਸਿੱਧਾ ਲਾਭ ਪਹੁੰਚਿਆ ਹੈ। ਉਨ੍ਹਾਂ ਕਿਹਾ"ਨਹਿਰੀ ਪਾਣੀ ਵੱਡੇ ਪੱਧਰ 'ਤੇ ਕਿਸਾਨਾਂ ਤੱਕ ਪਹੁੰਚ ਰਿਹਾ ਹੈ। ਨਹਿਰੀ ਪਾਣੀ ਦੀ ਬਿਹਤਰ ਉਪਲਬਧਤਾ ਕਾਰਨ ਕਈ ਖੇਤਰਾਂ ਵਿੱਚ ਕਿਸਾਨਾਂ ਦੀ ਖੇਤੀਬਾੜੀ ਪੈਦਾਵਾਰ ਵਿੱਚ ਚਾਰ ਕੁਇੰਟਲ ਪ੍ਰਤੀ ਏਕੜ ਤੱਕ ਦਾ ਵਾਧਾ ਹੋਇਆ ਹੈ,"।

# ਜੇ ਮਾਨ ਨੇ ਕੁਝ ਗ਼ਲਤ ਨਹੀਂ ਕੀਤਾ, ਤਾਂ ਜਾਂਚ ਦਾ ਸਾਹਮਣਾ ਕਰਨ 'ਚ ਕੀ ਸਮੱਸਿਆ?: ਬਾਜਵਾ



ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਚੰਡੀਗੜ੍ਹ ਵਿੱਚ ਮਾਨ ਦੇ ਕੈਂਪ ਦਫ਼ਤਰ 'ਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਛਾਪਿਆਂ ਨੂੰ ਲੈ ਕੇ ਘੇਰਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦਫ਼ਤਰ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਬਾਜਵਾ ਨੇ ਕਿਹਾ, "ਕੱਲ੍ਹ ਚੰਡੀਗੜ੍ਹ ਵਿੱਚ ਪਏ ਸੀ.ਬੀ.ਆਈ. ਦੇ ਛਾਪਿਆਂ ਬਾਰੇ, ਮੈਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ ਸਿੱਧਾ ਜ਼ਿੰਮੇਵਾਰ ਠਹਿਰਾਉਂਦਾ ਹਾਂ। ਈ.ਡੀ. ਨੇ ਡਾਇਰੈਕਟਰ ਜਨਰਲ ਨੂੰ ਚਾਰ ਪੱਤਰ ਲਿਖੇ ਸਨ। ਜੇ ਉਨ੍ਹਾਂ ਨੇ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਖ਼ੁਦ ਐੱਫ.ਆਈ.ਆਰ. ਦਰਜ ਕਰ ਲਈ ਹੁੰਦੀ—ਜਾਂ ਇੱਥੋਂ ਤੱਕ ਕਿ ਉਨ੍ਹਾਂ ਵਿੱਚੋਂ ਕੁਝ ਨੂੰ ਗ੍ਰਿਫ਼ਤਾਰ ਕਰ ਲਿਆ ਹੁੰਦਾ—ਤਾਂ ਉਹ ਆਪਣੇ ਆਪ ਨੂੰ ਬਚਾ ਸਕਦੇ ਸਨ। ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ।" ਉਨ੍ਹਾਂ ਦੀਆਂ ਇਹ ਟਿੱਪਣੀਆਂ ਸੀ.ਬੀ.ਆਈ. ਵੱਲੋਂ ਮਾਨ ਦੇ ਓ.ਐੱਸ.ਡੀ. (ਅਫ਼ਸਰ ਆਨ ਸਪੈਸ਼ਲ ਡਿਊਟੀ) ਰਾਜਬੀਰ ਸਿੰਘ ਘੁੰਮਣ ਅਤੇ ਪੰਜ ਹੋਰਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰਨ ਅਤੇ ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਦੇ ਕੈਂਪ ਦਫ਼ਤਰ ਸਮੇਤ ਅੱਠ ਥਾਵਾਂ 'ਤੇ ਛਾਪੇਮਾਰੀ ਕਰਨ ਤੋਂ ਇੱਕ ਦਿਨ ਬਾਅਦ ਆਈਆਂ ਹਨ। ਏਜੰਸੀ ਨੇ ਕਿਹਾ ਕਿ ਇਹ ਮਾਮਲਾ ਕਥਿਤ ਆਰਥਿਕ ਲਾਭ ਬਦਲੇ ਤਾਇਨਾਤਾਂ, ਵਿਭਾਗੀ ਕਾਰਵਾਈਆਂ, ਨੀਤੀ ਘੜਨ, ਪ੍ਰਸ਼ਾਸਕੀ ਪ੍ਰਵਾਨਗੀਆਂ, ਟੈਂਡਰ ਸ਼ਰਤਾਂ, ਲਾਇਸੈਂਸਿੰਗ ਅਤੇ ਜ਼ਮੀਨ ਨਾਲ ਜੁੜੇ ਮਾਮਲਿਆਂ ਨੂੰ ਪ੍ਰਭਾਵਿਤ ਕਰਨ ਜਾਂ ਹੇਰਾਫੇਰੀ ਕਰਨ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਸਬੰਧਤ ਹੈ। ਸੀ.ਬੀ.ਆਈ. ਦੀ ਇਹ ਕਾਰਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਨ੍ਹਾਂ ਹੁਕਮਾਂ ਤੋਂ ਬਾਅਦ ਹੋਈ ਹੈ ਜਿਸ ਵਿੱਚ ਏਜੰਸੀ ਨੂੰ ਕੇਸ ਦਰਜ ਕਰਨ ਅਤੇ ਦੋਸ਼ਾਂ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਹਾਈ ਕੋਰਟ ਦਾ ਇਹ ਹੁਕਮ ਵਕੀਲ ਨਿਖਿਲ ਸਰਾਫ ਵੱਲੋਂ ਦਾਇਰ ਕੀਤੀ ਗਈ ਇੱਕ ਪੀ.ਆਈ.ਐੱਲ. (ਜਨਹਿਤ ਪਟੀਸ਼ਨ) 'ਤੇ ਆਇਆ ਸੀ, ਜਦੋਂ ਪੰਜਾਬ ਪੁਲੀਸ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਚੁੱਕੇ ਗਏ ਦੋਸ਼ਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਸੀ। ਬਾਜਵਾ ਨੇ ਕਿਹਾ ਕਿ ਰਾਜ ਅਥਾਰਟੀਜ਼ ਵੱਲੋਂ ਐੱਫ.ਆਈ.ਆਰ. ਦਰਜ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਹਾਈ ਕੋਰਟ ਨੇ ਦਖ਼ਲ ਦਿੱਤਾ। ਉਨ੍ਹਾਂ ਕਿਹਾ, "ਸਿੱਟੇ ਵਜੋਂ, ਹਾਈ ਕੋਰਟ ਵਿੱਚ ਇੱਕ ਵਕੀਲ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ ਅਤੇ ਅਦਾਲਤ ਨੇ ਇਸ ਮਾਮਲੇ 'ਤੇ ਫ਼ੈਸਲਾ ਸੁਣਾਇਆ। ਇੱਥੇ ਭ੍ਰਿਸ਼ਟਾਚਾਰ ਦੇ ਬਹੁਤ ਗੰਭੀਰ ਦੋਸ਼ ਹਨ—ਕਰੋੜਾਂ ਅਤੇ ਅਰਬਾਂ ਰੁਪਏ ਦੇ ਘੁਟਾਲੇ ਜੋ ਜ਼ਮੀਨ, ਗ੍ਰਾਮ ਪੰਚਾਇਤਾਂ, ਤਬਾਦਲਿਆਂ ਅਤੇ ਠੇਕੇ ਦੇਣ ਨਾਲ ਸਬੰਧਤ ਹਨ।" ਉਨ੍ਹਾਂ ਅੱਗੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦਫ਼ਤਰ ਅਤੇ ਮਾਨ ਦੇ ਨਜ਼ਦੀਕੀ ਪਰਿਵਾਰ ਬਾਰੇ ਦੋਸ਼ ਲੱਗੇ ਹਨ, ਜਦੋਂ ਕਿ ਇਹ ਧਿਆਨ ਵਿੱਚ ਰੱਖਦਿਆਂ ਕਿਹਾ ਕਿ ਜਾਂਚ ਨੂੰ ਇਹ ਸਥਾਪਤ ਕਰਨਾ ਚਾਹੀਦਾ ਹੈ ਕਿ ਕੀ ਇਨ੍ਹਾਂ ਦੋਸ਼ਾਂ ਵਿੱਚ ਕੋਈ ਆਧਾਰ ਹੈ। ਬਾਜਵਾ ਨੇ ਕਿਹਾ, "ਤੁਸੀਂ ਧੂੰਏਂ ਦਾ ਪਰਦਾ (ਸਮੋਕਸਕ੍ਰੀਨ) ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹੋ—ਇਹ ਦਾਅਵਾ ਕਰਦੇ ਹੋਏ ਕਿ 'ਅਸੀਂ ਇਮਾਨਦਾਰ ਹਾਂ ਜਦੋਂ ਕਿ ਬਾਕੀ ਸਾਰੇ ਭ੍ਰਿਸ਼ਟ ਹਨ'—ਪਰ ਸਵਾਲ ਇਹ ਬਣਿਆ ਹੋਇਆ ਹੈ: ਜੇ ਭਗਵੰਤ ਮਾਨ ਨੇ ਕੁਝ ਗ਼ਲਤ ਨਹੀਂ ਕੀਤਾ, ਤਾਂ ਜਾਂਚ ਦਾ ਸਾਹਮਣਾ ਕਰਨ ਵਿੱਚ ਕੀ ਸਮੱਸਿਆ ਹੈ?" ਸੀ.ਬੀ.ਆਈ. ਨੇ ਐੱਫ.ਆਈ.ਆਰ. ਵਿੱਚ ਘੁੰਮਣ, ਕਥਿਤ ਵਿਚੋਲੇ ਨਿਤਿਨ ਗੋਹਲ, ਜਿਤਿਨ ਗੋਹਲ ਉਰਫ਼ ਰਾਜਾ, ਰੋਮੀ ਰਾਜਾ ਮਹਾਜਨ, ਬੀਰ ਦੇਵਿੰਦਰ ਅਤੇ ਆਰ.ਐੱਸ. ਨਾਗਰਾ ਦੇ ਨਾਲ-ਨਾਲ ਅਣਪਛਾਤੇ ਲੋਕ ਸੇਵਕਾਂ ਅਤੇ ਨਿੱਜੀ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ। ਏਜੰਸੀ ਨੇ ਕਿਹਾ ਕਿ ਛਾਪੇਮਾਰੀ ਦੌਰਾਨ ਲੈਪਟਾਪ, ਮੋਬਾਈਲ ਫ਼ੋਨ ਅਤੇ ਦਸਤਾਵੇਜ਼ ਜ਼ਬਤ ਕੀਤੇ ਗਏ ਹਨ ਅਤੇ ਕਥਿਤ ਰਿਸ਼ਵਤਖ਼ੋਰੀ ਅਤੇ ਬੇਨਿਯਮੀਆਂ ਦੇ ਸਬੂਤਾਂ ਲਈ ਇਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਬਾਜਵਾ ਨੇ ਕਿਹਾ ਕਿ ਸੀ.ਬੀ.ਆਈ. ਨੇ ਆਪਣੇ ਤੌਰ 'ਤੇ ਜਾਂਚ ਸ਼ੁਰੂ ਨਹੀਂ ਕੀਤੀ ਸੀ ਸਗੋਂ ਹਾਈ ਕੋਰਟ ਦੇ ਨਿਰਦੇਸ਼ਾਂ ਤਹਿਤ ਕਾਰਵਾਈ ਕਰ ਰਹੀ ਹੈ। ਇਸ ਦੌਰਾਨ ਪੰਜਾਬ ਸਰਕਾਰ ਨੇ 6 ਅਕਤੂਬਰ ਨੂੰ ਸੁਪਰੀਮ ਕੋਰਟ ਵਿੱਚ ਇੱਕ ਸਪੈਸ਼ਲ ਲੀਵ ਪਟੀਸ਼ਨ (ਐੱਸ.ਐੱਲ.ਪੀ.) ਦਾਇਰ ਕਰਕੇ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਹੈ। ਸੁਪਰੀਮ ਕੋਰਟ ਰਾਜ ਦੀ ਚੁਣੌਤੀ ਨੂੰ ਸੁਣਨ ਲਈ ਸਹਿਮਤ ਹੋ ਗਈ ਹੈ। ਬਾਜਵਾ ਨੇ ਕਿਹਾ ਕਿ ਜਾਂਚ ਆਖਰਕਾਰ ਇਹ ਸਥਾਪਤ ਕਰੇਗੀ ਕਿ ਕੀ ਦੋਸ਼ਾਂ ਨੂੰ ਸਬੂਤਾਂ ਦਾ ਸਮਰਥਨ ਪ੍ਰਾਪਤ ਹੈ। ਉਨ੍ਹਾਂ ਕਿਹਾ, "ਜੇ ਕੁਝ ਵੀ ਗ਼ਲਤ ਨਹੀਂ ਹੈ—ਜੇ ਛਾਪਿਆਂ ਵਿੱਚ ਗ਼ਲਤ ਕੰਮ ਕਰਨ ਦਾ ਕੋਈ ਸਬੂਤ ਨਹੀਂ ਮਿਲਦਾ—ਤਾਂ ਤੁਸੀਂ ਬਰੀ ਹੋ ਜਾਵੋਗੇ। ਹਾਲਾਂਕਿ, ਜੇ ਸਬੂਤ ਪੇਸ਼ ਕੀਤੇ ਜਾਂਦੇ ਹਨ, ਤਾਂ ਭਗਵੰਤ ਮਾਨ ਨੂੰ ਨਤੀਜਿਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।" ਇਸ ਮਾਮਲੇ ਨੂੰ ਲੈ ਕੇ ਸੀ.ਬੀ.ਆਈ. ਦੀ ਜਾਂਚ ਜਾਰੀ ਹੈ ਅਤੇ ਦੋਸ਼ੀ ਵਿਅਕਤੀਆਂ ਵਿਰੁੱਧ ਦੋਸ਼ ਸਾਬਤ ਹੋਏ ਗ਼ਲਤ ਕੰਮ ਵਜੋਂ ਸਥਾਪਤ ਨਹੀਂ ਹੋਏ ਹਨ।

# 'ਸਹੀ ਆਗੂ, ਸਹੀ ਸਮਾਂ, ਸਹੀ ਥਾਂ': ਨਾਇਡੂ ਸਮੇਤ NDA ਆਗੂਆਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਉਨ੍ਹਾਂ ਦੇ 25 ਸਾਲਾਂ ਦੇ ਸਫ਼ਰ ਲਈ ਦਿੱਤੀ ਵਧਾਈ



ਨਵੀਂ ਦਿੱਲੀ: ਕਈ NDA ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਚੁਣੇ ਹੋਏ ਨੁਮਾਇੰਦੇ ਵਜੋਂ ਜਨਤਕ ਸੇਵਾ ਦੇ 25 ਸਾਲ ਪੂਰੇ ਕਰਨ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ NDA ਦੇ ਅਹਿਮ ਭਾਈਵਾਲ ਦਲ TDP ਦੇ ਆਗੂ ਐਨ. ਚੰਦਰਬਾਬੂ ਨਾਇਡੂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਾਰਤ ਖੁਸ਼ਕਿਸਮਤ ਹੈ ਕਿ ਉਸਨੂੰ "ਸਹੀ ਸਮੇਂ ਅਤੇ ਸਹੀ ਥਾਂ 'ਤੇ ਸਹੀ ਆਗੂ" ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਦੀ ਅਗਵਾਈ ਹੇਠ ਭਾਰਤ 'ਵਿਕਸਿਤ ਭਾਰਤ @ 2047' ਦੇ ਟੀਚੇ ਵੱਲ ਪੂਰੇ ਭਰੋਸੇ ਨਾਲ ਅੱਗੇ ਵਧ ਰਿਹਾ ਹੈ। ਇਸ ਦੌਰਾਨ, ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੇ ਮੁਖੀ ਅਤੇ ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੇ ਪ੍ਰਧਾਨ ਮੰਤਰੀ ਦੀ 25 ਸਾਲਾਂ ਦੀ ਯਾਤਰਾ ਨੂੰ "ਦੇਸ਼ ਦੀ ਸੇਵਾ ਕਰਨ ਦੇ ਅਟੱਲ ਸੰਕਲਪ" ਵਜੋਂ ਦਰਸਾਇਆ। ਉਨ੍ਹਾਂ ਕਿਹਾ ਕਿ ਸੇਵਾ, ਚੰਗੇ ਸ਼ਾਸਨ ਅਤੇ ਰਾਸ਼ਟਰੀ ਹਿੱਤ ਪ੍ਰਤੀ ਪ੍ਰਧਾਨ ਮੰਤਰੀ ਦਾ ਨਿਰੰਤਰ ਸਮਰਪਣ ਸਾਰਿਆਂ ਲਈ ਪ੍ਰੇਰਨਾ ਦਾ ਸਰੋਤ ਹੈ।

ਐਨ.ਡੀ.ਏ. (NDA) ਦੇ ਇੱਕ ਅਹਿਮ ਹਿੱਸੇ, ਜਨਤਾ ਦਲ (ਯੂਨਾਈਟਿਡ) ਵੱਲੋਂ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ ਦਿੱਤੀ ਗਈ ਹੈ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸੰਜੇ ਝਾਅ ਨੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਕਾਰਜਕਾਰੀ ਅਹੁਦੇ 'ਤੇ 25 ਸਾਲ ਪੂਰੇ ਕਰਨ ਦੇ ਸੰਦਰਭ ਵਿੱਚ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਤੱਕ ਦਾ ਉਨ੍ਹਾਂ ਦਾ ਸਫ਼ਰ ਰਾਸ਼ਟਰ-ਨਿਰਮਾਣ, ਚੰਗੇ ਸ਼ਾਸਨ ਅਤੇ ਜਨ-ਭਲਾਈ ਦੇ ਖੇਤਰਾਂ ਵਿੱਚ ਇੱਕ ਮੀਲ-ਪੱਥਰ ਸਾਬਿਤ ਹੋਇਆ ਹੈ।

ਆਪਣੇ ਸੰਦੇਸ਼ ਵਿੱਚ, ਸੰਜੇ ਝਾਅ ਨੇ ਕੋਵਿਡ-19 ਮਹਾਂਮਾਰੀ, ਭੂ-ਰਾਜਨੀਤਿਕ ਅਨਿਸ਼ਚਿਤਤਾਵਾਂ ਅਤੇ ਤਕਨੀਕੀ ਤਬਦੀਲੀਆਂ ਦਾ ਜ਼ਿਕਰ ਕਰਦਿਆਂ ਮੋਦੀ ਦੀ ਅਗਵਾਈ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਭਾਰਤ ਸਥਿਰਤਾ ਨਾਲ ਅੱਗੇ ਵਧਿਆ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ 'ਵਿਕਸਿਤ ਭਾਰਤ' ਦੇ ਨਿਰਮਾਣ ਵੱਲ ਪ੍ਰਧਾਨ ਮੰਤਰੀ ਦਾ ਸਫ਼ਰ ਨਿਰਵਿਘਨ ਜਾਰੀ ਰਹੇਗਾ। ਸਾਬਕਾ ਕੇਂਦਰੀ ਮੰਤਰੀ ਉਪੇਂਦਰ ਕੁਸ਼ਵਾਹਾ ਨੇ ਪ੍ਰਧਾਨ ਮੰਤਰੀ ਮੋਦੀ ਦੇ 25 ਸਾਲਾਂ ਦੇ ਜਨਤਕ ਜੀਵਨ ਨੂੰ 'ਰਾਸ਼ਟਰ ਪਹਿਲਾਂ, ਸੇਵਾ ਹੀ ਜੀਵਨ' ਦੀ ਭਾਵਨਾ 'ਤੇ ਆਧਾਰਿਤ ਦੱਸਿਆ। ਉਨ੍ਹਾਂ ਨੇ ਮੋਦੀ ਨੂੰ ਵਧਾਈ ਦਿੱਤੀ ਅਤੇ ਗੁਜਰਾਤ ਦੇ ਮੁੱਖ ਮੰਤਰੀ ਤੋਂ ਪ੍ਰਧਾਨ ਮੰਤਰੀ ਬਣਨ ਤੱਕ ਦੇ ਉਨ੍ਹਾਂ ਦੇ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਹਿੰਦੁਸਤਾਨੀ ਅਵਾਮ ਮੋਰਚਾ (ਸੈਕੂਲਰ) ਦੇ ਮੁਖੀ ਅਤੇ ਕੇਂਦਰੀ ਮੰਤਰੀ ਜੀਤਨ ਰਾਮ ਮਾਂਝੀ ਨੇ ਵੀ ਪ੍ਰਧਾਨ ਮੰਤਰੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਮੋਦੀ ਦੇ 'ਚੰਗੇ ਸ਼ਾਸਨ' ਅਤੇ 'ਸੇਵਾ ਦੇ ਸੰਕਲਪ' ਦੇ 25 ਸਾਲ ਪੂਰੇ ਹੋਣ ਦਾ ਜ਼ਿਕਰ ਕਰਦਿਆਂ, ਉਨ੍ਹਾਂ ਨੇ 'ਭਾਰਤ-ਪਹਿਲਾਂ' (India-first) ਦੀ ਭਾਵਨਾ ਨਾਲ ਦੇਸ਼ ਦੀ ਸੇਵਾ ਕਰਨ ਪ੍ਰਤੀ ਉਨ੍ਹਾਂ ਦੇ ਸਮਰਪਣ ਨੂੰ ਸਲਾਮ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਚੁਣੇ ਹੋਏ ਨੁਮਾਇੰਦੇ ਵਜੋਂ ਆਪਣਾ ਸਫ਼ਰ 7 ਅਕਤੂਬਰ 2001 ਨੂੰ ਸ਼ੁਰੂ ਕੀਤਾ, ਜਦੋਂ ਉਨ੍ਹਾਂ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਇਸ ਤੋਂ ਬਾਅਦ, ਉਹ 2014 ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਅਤੇ ਹੁਣ ਸਰਕਾਰ ਦੇ ਮੁਖੀ ਵਜੋਂ 25 ਸਾਲ ਪੂਰੇ ਕਰ ਚੁੱਕੇ ਹਨ।
















ਪੰਜਾਬ ਸਟਾਰ
PUNJABSTAR.COM

## To Contact Us:

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjar
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਊਠ ਆਇਆ ਪਹਾੜ ਦੇ ਨੀਚੇ !



ਬੁੱਧ ਸਿੰਘ ਨੀਲੋਂ
94643-70823

ਕਹਾਵਤ ਹੈ ਕਿ "ਊਠ ਆਇਆ ਪਹਾੜ ਦੇ ਨੀਚੇ ਤਾਂ ਪਤਾ ਲੱਗਦਾ ਹੈ ਕਿ ਕੌਣ ਕਿੰਨਾ ਉੱਚਾ ਹੈ।"

ਜਦੋਂ ਸੱਤਾ ਆਪਣੇ ਆਪ ਨੂੰ ਪਹਾੜ ਸਮਝਣ ਲੱਗ ਪਵੇ, ਸੰਸਥਾਵਾਂ ਨੂੰ ਆਪਣੀ ਜੇਬ ਦੀ ਚੀਜ਼ ਸਮਝਣ ਲੱਗ ਪਵੇ ਅਤੇ ਲੋਕਾਂ ਦੇ ਸਵਾਲਾਂ ਨੂੰ ਦੇਸ਼-ਵਿਰੋਧੀ ਆਵਾਜ਼ ਕਹਿ ਕੇ ਦਬਾਉਣ ਲੱਗ ਪਵੇ, ਉਦੋਂ ਲੋਕਤੰਤਰ ਦੀ ਅਸਲ ਪਰਖ ਸ਼ੁਰੂ ਹੁੰਦੀ ਹੈ। ਅੱਜ ਦਿੱਲੀ ਵਿੱਚ ਮਾਮਲਾ ਸਿਰਫ਼ ਇੱਕ ਵਿਅਕਤੀ ਦਾ ਨਹੀਂ। ਮਾਮਲਾ ਚੋਣ ਪ੍ਰਣਾਲੀ ਦੀ ਭਰੋਸੇਯੋਗਤਾ ਦਾ ਹੈ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਕਾਰਗੁਜ਼ਾਰੀ ਅਤੇ ਵੋਟਰ ਸੂਚੀਆਂ ਦੀ Special Intensive Revision (SIR) ਨੂੰ ਲੈ ਕੇ ਵਿਰੋਧੀ ਧਿਰਾਂ, ਵਕੀਲਾਂ, ਵਿਦਿਆਰਥੀਆਂ ਅਤੇ ਨਾਗਰਿਕ ਜਥੇਬੰਦੀਆਂ ਵੱਲੋਂ ਗੰਭੀਰ ਸਵਾਲ ਉਠਾਏ ਜਾ ਰਹੇ ਹਨ। ਸੁਪਰੀਮ ਕੋਰਟ ਵਿੱਚ ਵੀ CEC ਦੇ ਕੰਮਕਾਜ ਬਾਰੇ ਪਟੀਸ਼ਨਾਂ ਪਹੁੰਚ ਚੁੱਕੀਆਂ ਹਨ।

ਇਸ ਤੋਂ ਵੀ ਅੱਗੇ, Lawyers Association for Constitution ਨੇ ਸਾਬਕਾ ਸੁਪਰੀਮ ਕੋਰਟ ਅਤੇ ਹਾਈ ਕੋਰਟ ਜੱਜਾਂ ਦਾ ਪੰਜ ਮੈਂਬਰੀ ਸੁਤੰਤਰ ਪੈਨਲ ਬਣਾਇਆ ਹੈ, ਜਿਸ ਦੀ ਅਗਵਾਈ ਸਾਬਕਾ ਸੁਪਰੀਮ ਕੋਰਟ ਜੱਜ ਜਸਟਿਸ ਮਦਨ ਬੀ. ਲੋਕੁਰ ਕਰ ਰਹੇ ਹਨ। ਇਹ ਪੈਨਲ SIR ਦੀ ਸੰਵਿਧਾਨਕ ਅਤੇ ਕਾਨੂੰਨੀ ਵੈਧਤਾ, ਇਸ ਦੀ ਕਾਰਜ-ਪ੍ਰਣਾਲੀ ਅਤੇ ਵੋਟਰਾਂ ਉੱਤੇ ਪੈ ਰਹੇ ਪ੍ਰਭਾਵ ਦੀ ਜਾਂਚ ਕਰੇਗਾ।

ਇੱਥੇ ਇੱਕ ਸਵਾਲ ਬੜਾ ਸਿੱਧਾ ਹੈ ਕਿ ਜੇ ਚੋਣ ਪ੍ਰਣਾਲੀ ਉੱਤੇ ਕੋਈ ਸਵਾਲ ਨਹੀਂ ਤਾਂ ਫਿਰ ਸਵਾਲ ਪੁੱਛਣ ਵਾਲਿਆਂ ਤੋਂ ਡਰ ਕਿਉਂ?

ਚੋਣ ਕਮਿਸ਼ਨ ਸਿਰਫ਼ ਸਰਕਾਰ ਦੀ ਸੰਸਥਾ ਨਹੀਂ ਹੈ। ਚੋਣ ਕਮਿਸ਼ਨ ਕਿਸੇ ਸਰਕਾਰ ਦਾ ਵਿਭਾਗ ਨਹੀਂ ਹੁੰਦਾ। ਉਹ ਲੋਕਤੰਤਰ ਦੇ ਉਸ ਦਰਵਾਜ਼ੇ ਦਾ ਪਹਿਰੇਦਾਰ ਹੈ ਜਿੱਥੋਂ ਲੋਕ ਆਪਣੀ ਸਰਕਾਰ ਚੁਣਦੇ ਹਨ।

ਸਰਕਾਰ ਬਦਲ ਸਕਦੀ ਹੈ। ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਬਦਲ ਸਕਦਾ ਹੈ। ਪਰ ਜੇ ਵੋਟਰ ਦਾ ਵਿਸ਼ਵਾਸ਼ ਹੀ ਟੁੱਟ ਜਾਵੇ, ਤਾਂ ਲੋਕਤੰਤਰ ਦੀ ਇਮਾਰਤ ਦੀ ਨੀਂਹ ਹਿੱਲ ਜਾਂਦੀ ਹੈ। ਇਸੇ ਕਰਕੇ ਚੋਣ ਕਮਿਸ਼ਨ ਬਾਰੇ ਉੱਠੇ ਸਵਾਲਾਂ ਦਾ ਜਵਾਬ ਸਿਆਸੀ ਨਾਅਰੇ ਨਾਲ ਨਹੀਂ, ਦਸਤਾਵੇਜ਼, ਅੰਕੜੇ, ਪਾਰਦਰਸ਼ਤਾ ਅਤੇ ਸੁਤੰਤਰ ਜਾਂਚ ਨਾਲ ਦੇਣਾ ਚਾਹੀਦਾ ਹੈ।

ਦੋ ਚੋਣ ਕਮਿਸ਼ਨਰਾਂ ਦੀਆਂ ਇਤਰਾਜ਼ਤਾਂ ਨੇ ਸਵਾਲ ਹੋਰ ਗੰਭੀਰ ਕਰ ਦਿੱਤੇ ਹਨ। ਰਿਪੋਰਟਾਂ ਅਨੁਸਾਰ ਚੋਣ ਕਮਿਸ਼ਨ ਦੇ ਦੋ ਹੋਰ ਕਮਿਸ਼ਨਰਾਂ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਵੱਲੋਂ SIR ਨਾਲ ਜੁੜੇ ਕੁਝ ਫ਼ੈਸਲਿਆਂ ਬਾਰੇ ਇਤਰਾਜ਼ ਦਰਜ ਕੀਤੇ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇਨ੍ਹਾਂ ਵਿੱਚ ਵੋਟਰਾਂ ਦੀ ਸ਼ਮੂਲੀਅਤ/ਹਟਾਉਣ, Form 6 ਅਤੇ ECINET ਵਰਗੇ ਮਾਮਲੇ ਵੀ ਸ਼ਾਮਲ ਦੱਸੇ ਗਏ ਹਨ। ਹੁਣ ਗੱਲ ਇੰਨੀ ਸਧਾਰਨ ਨਹੀਂ ਰਹੀ ਕਿ ਕੋਈ ਇੱਕ ਪਾਰਟੀ ਇਲਜ਼ਾਮ ਲਾ ਰਹੀ ਹੈ ਅਤੇ ਦੂਜੀ ਪਾਰਟੀ ਜਵਾਬ ਦੇ ਰਹੀ ਹੈ। ਸਵਾਲ ਸੰਸਥਾ ਦੇ ਅੰਦਰੋਂ ਵੀ ਉੱਠ ਰਹੇ ਹਨ ਤਾਂ ਜਾਂਚ ਤਾਂ ਹੋਣੀ ਹੀ ਚਾਹੀਦੀ ਹੈ।

ਜੰਤਰ-ਮੰਤਰ ਦੀਆਂ ਬੈਰੀਕੇਡਾਂ ਨੇ ਸੜਕਾਂ ਦੀ ਤਸਵੀਰ ਬਦਲ ਦਿੱਤੀ ਹੈ। ਇਸੇ ਦੌਰਾਨ ਦਿੱਲੀ ਦੇ ਵਿੱਚ ਸੰਘਰਸ਼ ਕਰ ਰਹੇ ਜੰਤਰ-ਮੰਤਰ ਉੱਤੇ ਨੌਜਵਾਨਾਂ, ਵਿਦਿਆਰਥੀਆਂ, ਵਕੀਲਾਂ ਅਤੇ ਸਮਾਜਿਕ ਕਾਰਕੁਨਾਂ ਦੇ ਪ੍ਰਦਰਸ਼ਨਾਂ ਨੂੰ ਪੁਲਿਸ ਵੱਲੋਂ ਰੋਕਿਆ ਗਿਆ।




ਦਿੱਲੀ ਪੁਲਿਸ ਨੇ ਪਹਿਲਾਂ ਪ੍ਰਦਰਸ਼ਨ ਦੀ ਇਜਾਜ਼ਤ ਨਾ ਦੇਣ ਦੀ ਗੱਲ ਕਹੀ ਅਤੇ ਕੇਂਦਰੀ ਦਿੱਲੀ ਵਿੱਚ ਵੱਡੀ ਗਿਣਤੀ ਵਿੱਚ ਸੁਰੱਖਿਆ ਬਲ ਤਾਇਨਾਤ ਕੀਤੇ ਗਏ। ਬਾਅਦ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਏ ਜਾਣ ਅਤੇ FIR ਦਰਜ ਕੀਤੇ ਜਾਣ ਦੀਆਂ ਖ਼ਬਰਾਂ ਆਈਆਂ। ਸਰਕਾਰ ਕੋਲ ਕਾਨੂੰਨ ਲਾਗੂ ਕਰਨ ਦਾ ਅਧਿਕਾਰ ਹੈ। ਪੁਲਿਸ ਕੋਲ ਭੀੜ ਨੂੰ ਨਿਯੰਤਰਿਤ ਕਰਨ ਦੀ ਜ਼ਿੰਮੇਵਾਰੀ ਹੈ।

ਪਰ ਲੋਕਤੰਤਰ ਵਿੱਚ ਪੁਲਿਸ ਦੀ ਤਾਕਤ ਦਾ ਮਤਲਬ ਲੋਕਾਂ ਦੀ ਆਵਾਜ਼ ਬੰਦ ਕਰਨਾ ਨਹੀਂ ਹੁੰਦਾ। ਕਾਨੂੰਨ-ਵਿਵਸਥਾ ਅਤੇ ਲੋਕਤੰਤਰਕ ਵਿਰੋਧ ਦੋਵਾਂ ਵਿਚਕਾਰ ਸੰਤੁਲਨ ਬਣਾਉਣਾ ਹੀ ਅਸਲ ਇਮਤਿਹਾਨ ਹੈ। ਇਸ ਤੋਂ ਸਰਕਾਰ ਖਿਸਕਦੀ ਨਜ਼ਰ ਆਉਂਦੀ ਹੈ।

ਮਹਿਲਾ ਪੱਤਰਕਾਰਾਂ ਦੇ ਦੋਸ਼—ਇਹ ਮਾਮਲਾ ਹੋਰ ਗੰਭੀਰ ਹੈ। 3 ਅਕਤੂਬਰ ਦੇ ਪ੍ਰਦਰਸ਼ਨ ਦੌਰਾਨ ਤਿੰਨ ਮਹਿਲਾ ਪੱਤਰਕਾਰਾਂ ਨੇ ਦਿੱਲੀ ਪੁਲਿਸ ਦੇ ਕਰਮਚਾਰੀਆਂ ਉੱਤੇ ਜਿਨਸੀ ਦੁਰਵਿਵਹਾਰ/ਹੈਰਾਸਮੈਂਟ ਦੇ ਦੋਸ਼ ਲਗਾਏ ਹਨ। ਪੁਲਿਸ ਨੇ ਸ਼ਿਕਾਇਤਾਂ ਨੂੰ Crime Branch ਨੂੰ ਜਾਂਚ ਲਈ ਭੇਜਣ ਦੀ ਗੱਲ ਕਹੀ ਹੈ। ਇੱਥੇ ਕਿਸੇ ਦੋਸ਼ ਨੂੰ ਅਦਾਲਤੀ ਫ਼ੈਸਲੇ ਤੋਂ ਪਹਿਲਾਂ ਸੱਚ ਮੰਨ ਲੈਣਾ ਵੀ ਠੀਕ ਨਹੀਂ ਅਤੇ ਸ਼ਿਕਾਇਤ ਨੂੰ ਦਬਾ ਦੇਣਾ ਵੀ ਨਹੀਂ। ਦੋਸ਼ ਦੀ ਨਿਰਪੱਖ ਜਾਂਚ ਹੋਵੇ। CCTV ਫੁਟੇਜ ਦੀ ਜਾਂਚ ਹੋਵੇ। ਗਵਾਹਾਂ ਦੇ ਬਿਆਨ ਲਏ ਜਾਣ। ਜਿਹੜਾ ਦੋਸ਼ੀ ਹੈ, ਉਸ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਹੋਵੇ ਅਤੇ ਜੇ ਦੋਸ਼ ਝੂਠਾ ਹੈ ਤਾਂ ਉਹ ਵੀ ਸਪੱਸ਼ਟ ਹੋਵੇ। ਪਰ ਸ਼ਿਕਾਇਤਕਰਤਾ ਦੀ ਆਵਾਜ਼ ਨੂੰ ਹੀ ਦਬਾ ਦੇਣਾ ਕਿਸੇ ਵੀ ਲੋਕਤੰਤਰ ਲਈ ਚੰਗਾ ਸੰਕੇਤ ਨਹੀਂ।

ਅੱਜ 5 ਅਕਤੂਬਰ ਨੂੰ ਇਨ੍ਹਾਂ ਦੋਸ਼ਾਂ ਸਬੰਧੀ FIR ਦੀ ਮੰਗ ਕਰਦੇ ਪ੍ਰਦਰਸ਼ਨਕਾਰੀਆਂ ਨੂੰ ਵੀ ਪੁਲਿਸ ਵੱਲੋਂ ਹਿਰਾਸਤ ਵਿੱਚ ਲਏ ਜਾਣ ਦੀ ਰਿਪੋਰਟ ਆਈ ਹੈ।

ਅਸਲ ਡਰ ਕਿਹੜਾ ਹੈ? ਸਵਾਲ ਇਹ ਨਹੀਂ ਕਿ ਜੰਤਰ-ਮੰਤਰ ਉੱਤੇ ਕਿੰਨੇ ਲੋਕ ਫੜੇ ਗਏ। ਲੋਕਾਂ ਨੂੰ ਆਪਣਾ ਵੋਟ ਬਚਾਉਣ ਲਈ ਸੜਕ ਉੱਤੇ ਕਿਉਂ ਆਉਣਾ ਪੈ ਰਿਹਾ ਹੈ? ਇਹ ਨਹੀਂ ਕਿ ਕਿੰਨੀਆਂ ਬੈਰੀਕੇਡਾਂ ਲੱਗੀਆਂ। ਕੀ ਬੈਰੀਕੇਡਾਂ ਸਵਾਲਾਂ ਨੂੰ ਰੋਕ ਸਕਦੀਆਂ ਹਨ? ਪੁਲਿਸ ਕੋਲ ਕਿੰਨੀ ਤਾਕਤ ਹੈ। ਕੀ ਤਾਕਤ ਦਾ ਇਸਤੇਮਾਲ ਜਵਾਬ ਦੇਣ ਲਈ ਹੋਵੇਗਾ ਜਾਂ ਸਵਾਲ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਲਈ? ਇਹੀ ਲੋਕਤੰਤਰ ਦੀ ਅਸਲ ਕਸੌਟੀ ਹੈ।

ਊਠ ਪਹਾੜ ਦੇ ਨੀਚੇ ਆ ਗਿਆ ਹੈ ਲੰਮੇ ਸਮੇਂ ਤੱਕ ਸੱਤਾ ਨੂੰ ਲੱਗ ਸਕਦਾ ਹੈ ਕਿ ਸਭ ਕੁਝ ਉਸਦੇ ਕਾਬੂ ਵਿੱਚ ਹੈ। ਪਰ ਜਦੋਂ ਵਕੀਲ ਸਵਾਲ ਕਰਨ ਲੱਗਣ, ਜਦੋਂ ਸਾਬਕਾ ਜੱਜ ਜਾਂਚ ਲਈ ਪੈਨਲ ਬਣਾਉਣ, ਸੁਪਰੀਮ ਕੋਰਟ ਨੋਟਿਸ ਜਾਰੀ ਕਰੇ, ਵਿਦਿਆਰਥੀ ਸੜਕਾਂ ਉੱਤੇ ਆਉਣ, ਪੱਤਰਕਾਰ ਪੁਲਿਸ ਵਿਰੁੱਧ ਆਪਣੀ ਸ਼ਿਕਾਇਤ ਲੈ ਕੇ ਥਾਣੇ ਪਹੁੰਚਣ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਮਾਮਲਾ ਸਿਰਫ਼ ਸਿਆਸੀ ਵਿਰੋਧ ਦਾ ਨਹੀਂ ਰਹਿ ਗਿਆ। ਇਹ ਸੰਸਥਾਵਾਂ ਦੀ ਭਰੋਸੇਯੋਗਤਾ ਦਾ ਸਵਾਲ ਬਣ ਗਿਆ ਹੈ ਅਤੇ ਜਿੱਥੇ ਲੋਕਤੰਤਰ ਵਿੱਚ ਭਰੋਸੇ ਦਾ ਸਵਾਲ ਖੜ੍ਹਾ ਹੋ ਜਾਵੇ, ਉੱਥੇ ਸਰਕਾਰ ਦਾ ਸਭ ਤੋਂ ਵਧੀਆ ਜਵਾਬ ਪੁਲਿਸ ਦੀ ਲਾਠੀ ਨਹੀਂ, ਪਾਰਦਰਸ਼ੀ ਜਾਂਚ ਹੁੰਦਾ ਹੈ।

ਕਿਉਂਕਿ ਵੋਟ ਲੋਕਾਂ ਦੀ ਮਲਕੀਅਤ ਹੈ। ਚੋਣ ਕਮਿਸ਼ਨ ਉਸ ਦਾ ਰਖਵਾਲਾ ਹੈ। ਸਰਕਾਰ ਉਸ ਦੀ ਮਾਲਕ ਨਹੀਂ। ਇਸ ਗੱਲ ਨੂੰ ਮੌਜੂਦਾ ਸਰਕਾਰ ਨਜ਼ਰ ਅੰਦਾਜ਼ ਕਰਕੇ ਲੋਕਾਂ ਨੂੰ ਭਰਮਾਉਣ ਲਈ ਨਵੇਂ ਨਵੇਂ ਤਰੀਕੇ ਵਰਤ ਰਹੀ ਹੈ। ਲੋਕਾਂ ਦੇ ਸਵਾਲਾਂ ਦੇ ਜਵਾਬ ਮੌਜੂਦਾ ਸਰਕਾਰ ਨੂੰ ਦੇਣੇ ਪੈਣਗੇ। ਊਠ ਹੁਣ ਪਹਾੜ ਦੇ ਨੀਚੇ ਆ ਗਿਆ ਹੈ। ਹੁਣ ਦੇਖਣਾ ਇਹ ਹੈ ਕਿ ਪਹਾੜ ਆਪਣੀ ਉਚਾਈ ਦਿਖਾਉਂਦਾ ਹੈ ਜਾਂ ਊਠ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਵਾਬ ਦਿੰਦਾ ਹੈ। ਮੇਰਾ ਮਕਸਦ ਕਿਸੇ ਨੂੰ ਦੋਸ਼ੀ ਬਣਾਉਣਾ ਨਹੀਂ, ਸਵਾਲ ਨੂੰ ਜਿਉਂਦਾ ਰੱਖਣਾ ਹੈ। ਕਿਉਂਕਿ ਜਿੱਥੇ ਸਵਾਲ ਮਰ ਜਾਂਦੇ ਹਨ, ਉੱਥੇ ਲੋਕਤੰਤਰ ਸਿਰਫ਼ ਚੋਣਾਂ ਦੀ ਰਸਮ ਬਣ ਕੇ ਰਹਿ ਜਾਂਦਾ ਹੈ।

ਦੇਖੋ ਅੱਗੇ ਕੀ ਹੁੰਦਾ ਹੈ?

# ਪਰ ਧੀ ਦੇਕੇ ਮੇਰਾ ਬੁਢਾਪਾ ਬਚਾ ਲਿਆ....



ਕਰਤਾਰ ਕੌਰ ਦੇ ਦੋ ਮੁੰਡੇ ਤੇ ਇੱਕ ਕੁੜੀ ਸੀ ਤੇ ਤਿੰਨੋ ਬੱਚੇ ਉਹਦੇ ਕਨੇਡਾ ਵਿੱਚ ਵੈਲ ਸੈਟਲ ਸਨ,ਪਤੀ ਦੀ ਮੌਤ ਤੋਂ ਬਾਅਦ ਕਰਤਾਰ ਕੌਰ ਆਪਣੇ ਮੁੰਡਿਆਂ ਕੋਲ ਕੈਨੇਡਾ ਆ ਗਈ। ਪਿੰਡ ਵਾਲੀ ਜ਼ਮੀਨ-ਜਾਇਦਾਦ ਉਸਦੇ ਮੁੰਡਿਆਂ ਨੇ ਵੇਚ ਦਿੱਤੀ ਜੋ ਪੈਸਾ ਮਿਲਿਆ ਉਹ ਦੋਨਾਂ ਭਰਾਵਾਂ ਨੇ ਆਪਸ ਵਿੱਚ ਵੰਡਕੇ ਆਪਣੇ ਕੈਨੇਡਾ ਵਾਲੇ ਕਾਰੋਬਾਰ ਵਿੱਚ ਲਗਾ ਦਿੱਤਾ।

ਕਰਤਾਰ ਕੌਰ ਆਪਣੇ ਵੱਡੇ ਮੁੰਡੇ ਨਾਲ ਰਹਿਣ ਲੱਗੀ ਕਿਉਂਕਿ ਮੁੰਡੇ ਦੇ ਬੱਚੇ ਛੋਟੇ ਸਨ ਉਹ ਆਪਣੇ ਪੋਤੇ ਪੋਤੀਆਂ ਦੀ ਦੇਖਭਾਲ ਕਰਦੀ ਸੀ, ਉਸਨੇ ਆਪਣੀ ਉਮਰ ਆਪਣੇ ਬੱਚਿਆਂ ਦੇ ਨਾਮ ਕਰ ਦਿੱਤੀ ਸੀ।

ਸਮਾਂ ਲੰਘਿਆ, ਇੱਕ ਦਿਨ ਵੱਡੀ ਨੂੰਹ ਨੇ ਕਰਤਾਰ ਕੌਰ ਨੂੰ ਕਿਹਾ ਕਿ... ਬੀਬੀ.. ਬੱਚੇ ਵੱਡੇ ਹੋ ਗਏ ਹਨ.. ਉਹ ਪ੍ਰਾਈਵਿਸੀ ਚਾਹੁੰਦੇ ਹਨ... ਘਰ ਛੋਟਾ ਹੈ ਇਸ ਲਈ ਰਹਿਣ ਵਿੱਚ ਤੰਗੀ ਆ ਰਹੀ ਹੈ...

ਬੱਚਿਆਂ ਲਈ ਅਲੱਗ ਕਮਰੇ ਨਹੀਂ ਹਨ .. ਇਸ ਲਈ ਤੁਹਾਡੇ ਵਾਲਾ ਕਮਰਾ ਚਾਹੀਦਾ ਹੈ.... ਤੁਸੀਂ... ਹੁਣ ਛੋਟੇ ਕੋਲ ਚਲੇ ਜਾਓ...ਉੱਥੇ ਜਾਕੇ ਰਹਿ ਲਓ।

ਕਰਤਾਰ ਕੌਰ ਨੇ ਚੁੱਪ ਕਰਕੇ ਆਪਣਾ ਸਮਾਨ ਸਮੇਟਿਆ 'ਤੇ ਛੋਟੇ ਪੁੱਤਰ ਦੇ ਘਰ ਪਹੁੰਚੀ ਤਾਂ ਉੱਥੇ ਵੀ ਉਹ ਹੀ ਗੱਲ ਸੁਣਨ ਨੂੰ ਮਿਲੀ...ਮਾਂ, ਤੁਸੀਂ ਬੁਰਾ ਨਾ ਮੰਨਿਓ...ਪਰ ਹੁਣ ਸਾਡੇ ਆਪਣੇ ਬੱਚੇ ਵੱਡੇ ਹੋ ਰਹੇ ਨੇ... ਤੁਸੀਂ ਕਿਸੇ ਤਰ੍ਹਾਂ ਆਪਣਾ ਇੰਤਜ਼ਾਮ ਕਰ ਲਓ... ਕਰਤਾਰ ਕੌਰ ਨੇ ਕਿਸੇ ਨਾਲ ਬਹਿਸ ਨਹੀਂ ਕੀਤੀ...ਬੱਸ ਆਪਣਾ ਸਮਾਨ ਚੁੱਕਿਆ 'ਤੇ ਘਰ ਤੋਂ ਬਾਹਰ ਆ ਗਈ।

ਉਸ ਦੀਆਂ ਅੱਖਾਂ ਅੱਗੇ ਆਪਣੇ ਬੱਚਿਆਂ ਦਾ ਬਚਪਨ ਘੁੰਮ ਗਿਆ ਕਿ ਕਿਵੇਂ ਉਸਨੇ ਅਤੇ ਉਸਦੇ ਪਤੀ ਨੇ ਬੱਚਿਆਂ ਨੂੰ ਪਾਲਿਆ ਸੀ.... ਉਹ ਬੁੜਬੜਾਈ...ਜਿਨ੍ਹਾਂ ਨੂੰ ਮੈਂ ਸਹਾਰਾ ਦੇਕੇ ਤੁਰਨਾ ਸਿਖਾਇਆ ਸੀ... ਅੱਜ ਉਨ੍ਹਾਂ ਦੇ ਘਰੋਂ ਮੈਂ ਬੇਸਹਾਰਾ ਹੋਕੇ ਨਿੱਕਲੀ ਹਾਂ। ਉਸਨੇ ਕਿਹਾ...ਵਾਹਿਗੁਰੂ ਜੀ... ਇਹ ਜਿਵੇਂ ਦੇ ਵੀ ਨੇ... ਬੱਸ ਰਾਜੀ-ਖੁਸ਼ੀ ਰਹਿਣ। ਕਰਤਾਰ ਕੌਰ ਨੇੜਲੇ ਗੁਰਦੁਆਰਾ ਸਾਹਿਬ ਪਹੁੰਚੀ... ਉੱਥੇ ਉਸਨੂੰ ਉਸਦੀ ਧੀ ਗੁਰਪ੍ਰੀਤ ਕੌਰ ਦੀ ਸਹੇਲੀ ਮਨਪ੍ਰੀਤ ਮਿਲੀ.. ਉਸਨੇ ਪੁੱਛਿਆ...।

ਬੀਬੀ.. ਤੁਸੀਂ ਕਿਵੇਂ ਉਦਾਸ ਜਿਹੇ ਲੱਗ ਰਹੇ ਹੋਂ...

ਕਰਤਾਰ ਕੌਰ ਨੇ ਆਪਣੀ ਸਾਰੀ ਕਹਾਣੀ ਮਨਪ੍ਰੀਤ ਨੂੰ ਦੱਸੀ... ਮਨਪ੍ਰੀਤ ਨੇ ਕਰਤਾਰ ਕੌਰ ਦੀ ਧੀ ਗੁਰਪ੍ਰੀਤ ਨੂੰ ਫੋਨ ਕੀਤਾ...ਉਹ ਉਸੇ ਵੇਲੇ ਮਾਂ ਨੂੰ ਲੈਣ ਆ ਗਈ।

ਕਰਤਾਰ ਕੌਰ ਨੇ ਕਿਹਾ....ਧੀਏ, ਮੈਂ ਤੇਰੇ ਘਰ ਬੋਝ ਨਹੀਂ ਬਣਨਾ ਚਾਹੁੰਦੀ...ਗੁਰਪ੍ਰੀਤ ਦੀਆਂ ਅੱਖਾਂ ਭਰ ਆਈਆਂ... ਉਹ ਬੋਲੀ ਮਾਂ, ਜਦੋਂ ਮੈਂ ਵਿਆਹ ਤੋਂ ਪਹਿਲਾਂ

ਤੁਹਾਡੇ ਕੋਲ ਰਹਿੰਦੀ ਸੀ ਤੁਸੀਂ ਕਦੇ ਸੋਚਿਆ ਸੀ ਕਿ ਮੈਂ ਤੁਹਾਡੇ ਉੱਤੇ ਬੋਝ ਹਾਂ...ਫਿਰ ਅੱਜ ਤੁਸੀਂ ਇਸ ਘਰ ਆਕੇ ਕਿਵੇਂ ਬੋਝ ਹੋ ਗਏ..ਕਰਤਾਰ ਕੌਰ ਨੇ ਧੀ ਨੂੰ ਘੁੱਟਕੇ ਹਿੱਕ ਨਾਲ ਲਾ ਲਿਆ।

ਗੁਰਪ੍ਰੀਤ ਆਪਣੀ ਮਾਂ ਨੂੰ ਆਪਣੇ ਘਰ ਲੈ ਆਈ...ਜਦੋਂ ਗੁਰਪ੍ਰੀਤ ਨੇ ਆਪਣੇ ਘਰ ਦਾ ਬੂਹਾ ਖੋਲ੍ਹਿਆ ਤਾਂ ਕਰਤਾਰ ਕੌਰ ਕੁਝ ਪਲ ਬੂਹੇ 'ਤੇ ਹੀ ਖੜ੍ਹੀ ਰਹੀ।

ਉਸਨੇ ਘਰ ਵੱਲ ਦੇਖਿਆ 'ਤੇ ਫਿਰ ਧੀ ਵੱਲ...ਉਸ ਦੀਆਂ ਅੱਖਾਂ ਵਿੱਚੋਂ ਹੰਝੂ ਨਿੱਕਲ ਪਏ...ਗੁਰਪ੍ਰੀਤ ਨੇ ਮਾਂ ਨੂੰ ਗਲ ਲਾਉਂਦਿਆਂ ਕਿਹਾ...ਮਾਂ... ਇਹ ਘਰ ਮੇਰਾ ਨਹੀਂ... ਤੇਰਾ ਏ...।

ਤੂੰ ਫਿਕਰ ਨਾ ਕਰੀਂ... ਜਿੰਨਾ ਚਿਰ ਮੇਰੇ ਸਾਹ ਨੇ...ਤੂੰ ਮੇਰੇ ਕੋਲ ਰਹੇਂਗੀ...ਕਰਤਾਰ ਕੌਰ ਬੋਲੀ...ਰੱਬ ਨੇ ਪੁੱਤਰ ਦੇਕੇ ਮੇਰੀ ਝੋਲੀ ਭਰੀ ਸੀ... ਪਰ ਧੀ ਦੇਕੇ ਮੇਰਾ ਬੁਢਾਪਾ ਬਚਾ ਲਿਆ।

ਅਵਤਾਰ ਸਿੰਘ ਧਾਲੀਵਾਲ

# ਗ਼ਜ਼ਲ

## ਮਦਨ ਮਦਹੋਸ਼

ਜੀਂਦੇ ਜੀਅ ਪਾਣੀ ਨੀਂ ਪੁੱਛਿਆ ਜਿਨ੍ਹਾਂ ਮਾਵਾਂ ਨੂੰ
ਖੀਰ ਪੂੜੀ ਖਵਾਉਂਦੇ ਨੇ ਅੱਜ ਭਾਲ ਕੇ ਕਾਵਾਂ ਨੂੰ।

ਅਸ਼ੀਸ਼ ਇੱਕ ਵੀ ਲੀਤੀ ਨੀਂ ਜਿਨ੍ਹਾਂ ਬਜ਼ੁਰਗਾਂ ਦੀ
ਅੱਜ ਰੋਟੀਆਂ ਓਹ ਲੋਕ ਖਵਾਉਂਦੇ ਕੁੱਤੇ ਗਾਵਾਂ ਨੂੰ।

ਧੋ-ਧੋ ਪੈਰ ਦਖਸ਼ਣਾ ਉਹ ਦੇਣ ਬ੍ਰਾਹਮਣ ਨੂੰ
ਮਾਇਆ ਪਿੱਛੇ ਮਾਰਿਆ ਜਿਨ੍ਹਾਂ ਸਕੇ ਭਰਾਵਾਂ ਨੂੰ।

ਸੰਤੁਸ਼ਟ ਕਰਨ ਦੀ ਕਰਦੇ ਨੇ ਗੱਲ ਪਿੱਤਰਾਂ ਨੂੰ
ਮੰਨਦੇ ਨਹੀਂ ਕੁਦਰਤ ਦੀਆਂ ਉਹ ਧਾਰਾਵਾਂ ਨੂੰ।

ਮਿਲਣੀ ਨਹੀਂ ਹੈ ਸ਼ਾਂਤੀ ਕਿਤੇ ਜਾ ਦਰਬਾਰਾਂ 'ਤੇ
ਤੜਫਾਇਆ ਜੋ ਬਜ਼ੁਰਗਾਂ ਦੀਆਂ ਆਤਮਾਵਾਂ ਨੂੰ।

ਸਾਢੂ ਹੋਵੇ ਸਾਲਾ ਹੋਵੇ ਜਾਂ ਹੋਵੇ ਰਿਸ਼ਤੇਦਾਰ ਕੋਈ
ਠੱਲ ਕੋਈ ਨੀਂ ਪਾ ਸਕਦਾ ਦੁੱਖ ਦੇ ਦਰਿਆਵਾਂ ਨੂੰ।

'ਮਦਹੋਸ਼' ਜਿਹੇ ਦਰਵੇਸ਼ ਨਾਲ ਤੁਸੀਂ ਕਰਕੇ ਧੱਕਾ
ਪੂਰ ਚਾੜ੍ਹ ਨੀਂ ਸਕਦੇ ਧੀਆਂ ਪੁੱਤਰਾਂ ਦੇ ਚਾਵਾਂ ਨੂੰ।

# ਅਧੂਰੀਆਂ ਰੀਝਾਂ, ਸੁੰਨਾ ਵਿਹੜਾ...



ਬੀਬੀ ਵਿਆਹੀ ਆਈ ਤਾ ਲੱਕੜ ਦੀ ਮਧਾਣੀ, ਗਿੜਗਣ ਤੇ ਨੇਤਰਾ ਵੀ ਮੇਰੇ ਮਾਮਿਆ ਨੇ ਲੱਕੜ ਦੀ ਪੇਟੀ ਚ ਰੱਖ ਕੇ ਭੇਜਿਆ।

ਸਾਰਾ ਭਾਂਡਾ ਟੀਡਾ ਤੇ ਪੌਣੇ ਵੀ ਮੇਰੇ ਨਾਨਕਿਆ ਤੋ ਆਏ ਜਦੋ ਕਿਤੇ ਪਾਪਾ ਮੇਰੇ ਨਾਨਕਿਆ ਨੂ ਕੁਝ ਬੋਲਦਾ ਤਾ ਬੀਬੀ ਕਹਿ ਦਿੰਦੀ, ਕੀ ਸੀ ਤੇਰੇ ਘਰੇ, ਪੌਣੇ ਵੀ ਮੇਰਿਆ ਪੇਕਿਆ ਦੇ ਘਰੋਂ ਆਏ ਨੇ ਘਰ 'ਚ ਸੀ ਤਾ ਵਥੇਰਾ ਕੁਝ। ਖਾਨਦਾਨੀ ਘਰ ਸੀ ਪਰ ਅੜਬਾਈ ਕਰਕੇ ਪਾਪਾ ਨਾ ਮਾ ਪਿਓ ਨਾਲ ਕੱਟਿਆ ਤੇ ਨਾ ਭਰਾਂਵਾ ਨਾਲ ।

ਤਿੰਨ ਭਰਾ ਸੀ ਪਾਪੇ ਵਰਗੇ। ਸਭ ਤੋ ਵੱਡਾ ਧਨ ਸਿਓ ਫੇਰ ਮੋਹਲਾ ਤੇ ਇਹ ਛੋਟਾ ਸੀ ਸਾਰਿਆ ਤੋਂ। ਪਹਿਲਾਂ ਤਾਇਆ ਮੋਹਲਾ ਅੱਡ ਹੋਇਆ ।

ਪਾਪਾ ਕੁਵਾਰਾ ਹੀ ਮੋਹਲੇ ਤਾਏ ਨਾਲ ਰਲ ਗਿਆ। ਤੇ ਆਬਾਦੀ 'ਚ ਸਾਂਝਾ ਘਰ ਪਾ ਲਿਆ। ਦੋ ਵੱਡੀਆ ਸਬਾਤਾ ਤੇ ਦੋ ਦਰਵਾਜੇ। ਸਾਡੀ ਤਾਈ ਨੂੰ ਤਾਣੀ ਬੁਣਨ ਦਾ ਬਹੁਤ ਸੌਕ ਸੀ ਤੇ ਉਹ ਪਾਪੇ ਤੋ ਸੂਤ ਪਤਾਣ ਮੰਗਵਾ ਲਿਆ ਕਰੇ। ਲਿਆ ਵੀ ਦਿੰਦਾ ਸੀ ਕਿਉਂਕਿ ਰੋਟੀ ਖਾਂਦਾ ਸੀ ਤਾਏ ਦੇ ਚੁੱਲੇ ਤੇ ।

ਇੱਕ ਦਿਨ ਛੁੱਟੀ ਕੱਟਣ ਆਏ ਨੇ ਦੋ ਖੇਸ ਮੰਗ ਲਏ ਪਾਪੇ ਨੇ। ਤਾਈ ਨੇ ਜਬਾਵ ਦੇ ਦਿੱਤਾ। ਇੰਨਾ ਤਾਂ ਕਹਿਣ ਦੀ ਦੇਰ ਸੀ ਪਾਪੇ ਨੇ ਵਿਹੜੇ 'ਚ ਕੰਧ ਖਿੱਚ ਤੀ। ਇੱਕ ਸਾਬਾਤ ਵੰਡੀ ਆਈ ਤੇ ਇੱਕ ਦਰਵਾਜਾ। ਲੰਬਾ ਬਹੁਤ ਸੀ ਘਰ ਪਰ ਭੀੜਾ ਸੀ ।

ਜਿੰਦਾ ਕੁੰਡਾ ਲਾ ਨੌਕਰੀ ਚਲਾ ਗਿਆ। ਬਾਅਦ 'ਚ ਪਿੰਡ 'ਚੋਂ ਹੀ ਬੰਬਰ ਕਿਆ ਨੇ ਆਪਣੇ ਮਾਮੇ ਦੀ ਧੀ ਦਾ ਸਾਕ ਕਰਵਾ ਦਿੱਤਾ ਘੁਰਕਣੀ ਤੋਂ। ਬੀਬੀ ਵਰਗੇ ਨੌ ਭੈਣ ਭਰਾ ਸੀ। ਪੰਜਾ ਭੈਣਾ 'ਚੋਂ ਬੀਬੀ ਵੱਡੀ ਸੀ ਤੇ ਇੱਕ ਭਰਾ ਤੋ ਛੋਟੀ ਸੀ...

ਘੁਰਕਣੀ ਵਾਲਿਆ ਨੂੰ ਪਤਾ ਸੀ ਕੇ ਬਲਦੇਵ ਕੱਲਾ ਅੱਡ ਹੋਇਆ ਤੇ ਘਰ 'ਚ ਕੋਈ ਤੌੜਾ ਤਪਲਾ ਵੀ ਨਹੀਂ। ਫੇਰ ਉਹਨਾ ਮੰਜੇ ਪੀੜੀਆਂ ਤੋਂ ਲਾ, ਮਧਾਣੀਆ, ਪੌਣੇ ਤੇ ਹੋਰ ਚੁੱਲ੍ਹੇ ਚੌਕੇ ਦਾ ਸਾਰਾ ਸਾਮਾਨ ਭੇਜਿਆ ।

ਦੋ ਪੇਟੀਆਂ ਭਰੀਆ ਸਾਮਾਨ ਦੀਆਂ ਆਈਆਂ । 1968 'ਚ ਦੋ ਪੇਟੀਆ ਵੱਡੀ ਗੱਲ ਸੀ । ਇੱਕ ਨਵਾਰ ਦਾ ਬੁਣਿਆ ਪਲੰਘ ਤੇ ਦੋ ਲੱਕੜ ਦੀਆ ਕੁਰਸੀਆ ਬੈਤ ਦੀਆ ਬੁਣੀਆ ਹੋਈਆ ।

ਸਾਡੇ ਇੱਕੋ ਸਬਾਤ ਸੀ ਵੱਡੀ ਪੰਜਾ ਗਾਡਰਾਂ ਤੇ। ਉਸੇ 'ਚ ਹੀ ਪੇਟੀਆਂ, ਉਸੇ 'ਚ ਹੀ ਮੰਜੇ ਸਿੰਜੇ ਤੇ ਉਸੇ ਸਾਬਾਤ 'ਚ ਸਾਡਾ ਜੇਠ ਹਾੜ ਤੇ ਪੋਹ ਮਾਘ ਲੰਘਦਾ... ਪੇਟੀਆਂ ਦਾ ਉਹਲਾ ਕਰਕੇ ਸਾਡੇ ਸਬਾਤ ਵਿੱਚ ਹੀ ਨਹਾਉਣ ਵਾਲਾ ਬਣਾਇਆ ਸੀ ਤੇ ਪਾਣੀ ਉਸਦਾ ਨਾਰਦਾਨਾ ਬਣਾ ਕੇ ਗਲੀ ਚ ਕੱਢਿਆ ਹੋਇਆ ਸੀ। ਵੇਲੇ ਚੰਗੇ ਸਨ ਉਦੋਂ ਤਾਂ ਬੁੜੀਆਂ ਵੇਹੜੇ 'ਚ ਮੰਜਾ ਟੇਡਾ ਕਰਕੇ ਹੀ ਨਹਾ ਲੈਂਦੀਆਂ ਸਨ।

ਬਾਅਦ 'ਚ ਪਾਪੇ ਨੇ ਸਾਹਮਣੇ ਖੁਡੀਵਾਲ ਪਰਿਵਾਰ ਦੇ ਬੁੱਕਣ ਸਿੰਘ ਤੋਂ ਉਹਨਾਂ ਦਾ ਘਰ ਖਰੀਦ ਲਿਆ ਸੀ ਤੇ ਉਸ 'ਚ ਪਸ਼ੂ ਰੱਖੇ ਲਿਆ ਕੇ ਤੇ ਸਾਡਾ ਨਲਕਾ ਵੀ ਉਥੇ ਸੀ। ਬੀਬੀ ਆਪ ਤਿੰਨ ਚਾਰ ਮੱਝਾਂ ਦੀਆ ਧਾਰਾਂ ਕੱਡਦੀ ਤੇ ਨਲਕੇ ਤੋਂ ਪਾਣੀ ਏਧਰਲੇ ਘਰ ਢੋਹਦੀ।

ਕੱਲ੍ਹੀ ਜਾਣੀ ਸੀ ਘਰ 'ਚ ਬੀਬੀ। ਨਾਲੇ ਤਾਂ ਮਾਲ ਡੰਗਰ ਸਾਭਦੀ ਨਾਲੇ ਪਾਪੇ ਦੇ ਦੋਸਤਾ ਨੂੰ ਤੱਤਾ ਠੰਡਾ ਕਰਕੇ ਦਿੰਦੀ ਨਾਲੇ ਅਸੀਂ ਸੀ ਚਾਰੇ ਭੈਣ ਭਰਾ ਛੋਟੇ ਜਿਹੇ। ਪਰ ਕੱਲੀ ਸਾਂਭੀ ਜਾਂਦੀ ਸੀ ਸਾਰਾ ਕੁਝ। ਉਦੋਂ ਤੱਕੜੀ ਸੀ ਤੇ ਹਰੇਕ ਕੰਮ ਸਚਾਰਪੁਣੇ ਨਾਲ ਕਰਦੀ।

ਇੱਕ ਵਾਰ ਮੱਝ ਕਿਲਾ ਪਟਾ ਗਈ ਤੇ ਪਾਪਾ ਕਹਿ ਗਿਆ ਕੇ ਕਿੱਲਾ ਗੱਡ ਦੇਵੀ। ਬੀਬੀ ਕੰਮ ਧੰਦੇ 'ਚ ਭੁੱਲ ਗਈ ਤੇ ਬੀਬੀ ਦੇ ਆਕੇ ਪਾਪੇ ਨੇ ਮਾਰਿਆ। ਬੀਬੀ ਸੰਭਰੀ ਜਾਂਦੀ ਸੀ। ਬੌਕਰ ਸੁਟ ਕੇ ਬੰਬਰ ਵਿਚੋਲਿਆ ਕੇ ਘਰ ਚਲੀ ਗਈ। ਫੇਰ ਉਹ ਛੱਡ ਕੇ ਗਏ ਨਾਲੇ ਪਾਪੇ ਨੂੰ ਤਾੜ ਕੇ ਗਏ । ਬਿਮਾਰ ਤਾਂ ਬੀਬੀ ਮੇਰੇ ਜਨਮ ਲੈਣ ਤੋਂ ਬਾਅਦ ਹੋਈ। ਫੇਰ ਨਾ ਮੰਜੇ 'ਚੋਂ ਉਠੀ... ਸੱਜ ਮੁਟਿਆਰ ਨੇ ਕੱਲ੍ਹੀ ਜਾਣੀ ਨੇ ਘਰ ਤਾਂ ਸੋਹਣਾ ਬੰਨ੍ਹ ਲਿਆ ਸੀ। ਸੁੱਖ ਨਾਲ ਕੁੱਖ ਨੂੰ ਭਾਗ ਵੀ ਲੱਗੇ ਤਿੰਨ ਪੁੱਤ ਤੇ ਇੱਕ ਧੀ ਨੂੰ ਜਨਮ ਦਿੱਤਾ ।

ਪਰ ਬੀਬੀ ਨੂੰ ਵਸਣਾ ਨਾ ਮਿਲਿਆ। ਬੀਬੀ ਭੂਰੀ ਮਾਸੀ ਨੂੰ ਕਹਿ ਦਿੰਦੀ, ਭੂਰੀ, ਫੌਜੀ ਦਾ ਘਰ ਪਿਆ ਤਾਂ ਵਾਰ ਤੱਕ ਭਰਿਆ ਪਰ ਮੈਨੂੰ ਵਰਤਣਾ ਨੀਂ ਮਿਲਦਾ...

ਪਿੰਡ ਵਾਲਾ ਘਰ ਛੱਡ ਅਸੀਂ ਜਦੋਂ ਨਿਆਈ 'ਚ ਅੱਧੇ ਕਿੱਲੇ 'ਚ ਘਰ ਪਾਇਆ ਤਾਂ ਬੀਬੀ ਨੇ ਸੁੱਖ ਦਾ ਸਾਹ ਲਿਆ। ਸਾਡੇ ਵਾਰ ਵਿੱਚ ਲੇਹੀ ਵਾਲੇ ਰਾਹ ਤੇ ਵੱਡੀ ਬੇਰੀ ਸੀ। ਉਸ ਥੱਲੇ ਨਾਲੇ ਅਸੀਂ ਪਸ਼ੂ ਬੰਨ੍ਹ ਦਿੰਦੇ ਨਾਲੇ ਬੀਬੀ ਦਾ ਮੰਜਾ ਡਾਹ ਦਿੰਦੇ, ਵੀ ਕੋਈ ਆਉਂਦਾ ਜਾਂਦਾ ਮੂੰਹ ਮੱਥੇ ਲੱਗਦਾ ਰਹਿੰਦਾ ।

ਨਾਲੇ ਉਹਨਾਂ ਵੇਲਿਆਂ 'ਚ ਲੋਕ ਦਰੱਖਤਾਂ ਥੱਲੇ ਹੀ ਜੇਠ ਹਾੜ ਦੇ ਦੁਪਹਿਰੇ ਕੱਟਦੇ। ਪਿੰਡ 'ਚ ਗਰੀਬ ਘਰਾਂ ਦੀਆਂ ਔਰਤਾਂ ਕੱਖ ਪੱਠੇ ਲੈਣ ਜਾਂਦੀਆਂ ਤੇ ਮੁੜਦੀਆਂ ਹੋਈਆਂ ਬੀਬੀ ਕੋਲ ਦੱਮ ਲੈਂਦੀਆਂ ਨਾਲੇ ਬੀਬੀ ਦਾ ਪਤਾ ਲੈਂਦੀਆਂ, ਬੀਬੀ ਕਹਿ ਦਿੰਦੀ, ਏਥੇ ਤਾਂ ਭੈਣੇ ਮੈਂ ਬਚ ਰਹੂਗੀ ਸੁੱਖ ਨਾਲ ਘਰ ਖੁੱਲ੍ਹਾ ਤੇ ਹਵਾ ਬਥੇਰੀ ਆਉਂਦੀ... ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਬੀਬੀ ਨੂੰ ਤਾਂ ਸਾਲ ਵੀ ਨਾ ਪਿਆ ਇਸ ਖੁੱਲ੍ਹੇ ਘਰ 'ਚ। ਸਾਨੂੰ ਚਾਰੇ ਭੈਣ ਭਰਾਂਵਾਂ ਨੂੰ ਛੋਟਿਆ-ਛੋਟਿਆ ਨੂੰ ਛੱਡ ਕੇ ਪਤਾ ਨੀਂ ਕਿੱਥੇ ਉਡਾਰੀ ਲਾ ਗਈ...।

ਸੁਰਜੀਤ।

# ਇਲਤੀ ਬਾਬਾ



ਪੁਰਸਕਾਰ ਦੀ ਭਾਲ ਵਿੱਚ ਭਟਕਿਆ ਹੋਇਆ ਕਵੀ !

ਜਦੋਂ ਕੋਈ ਕਵੀ ਆਪਣੀ ਕਵਿਤਾ ਵਿੱਚ ਬੁੱਢੇ ਨਾਲੇ ਨੂੰ ਸ਼ੂਕਦੀ ਨਦੀ ਦੱਸਦਾ ਹੈ ਤਾਂ ਮੇਰਾ ਮੱਥਾ ਠਣਕਦਾ ਹੈ।

ਮੈਂ ਮੰਜੇ ਤੋਂ ਬੁੜਕ ਕੇ ਉੱਠਦਾ ਹਾਂ। ਮੇਰੀ ਪਤਨੀ ਮੈਨੂੰ ਡਰਦਿਆਂ ਪੁੱਛਦੀ ਹੈ—

"ਕੀ ਹੋ ਗਿਆ ਜੀ?"

ਮੈਂ ਕਿਹਾ, ਕੁੱਝ ਨਹੀਂ ਹੋਇਆ!

ਉਹ ਫੇਰ ਪੁੱਛਦੀ ਹੈ ਕਿ

"ਕਿਤੇ ਗੁਲਾਬੀ ਭਵਨ ਤਾਂ ਨੀਂ ਜਾ ਆਇਆ!"

"ਤੁਸੀਂ ਵੀ ਕਮਾਲ ਕਰਦੇ ਹੋ। ਮੰਜੇ ਤੋਂ ਉੱਠਦਿਆਂ ਹੀ ਗੁਲਾਬੀ ਭਵਨ ਕਿੱਥੋਂ ਆ ਗਿਆ?"

"ਗੱਲ ਮੰਜੇ ਦੀ ਨਹੀਂ, ਕਵਿਤਾ ਦੀ ਹੈ। ਜਦੋਂ ਬੁੱਢਾ ਨਾਲਾ ਕਵੀ ਨੂੰ ਸ਼ੂਕਦੀ ਨਦੀ ਨਜ਼ਰ ਆਉਣ ਲੱਗ ਪਵੇ ਤਾਂ ਸਮਝੋ ਕਵੀ ਕਵਿਤਾ ਵਿੱਚੋਂ ਨਿਕਲ ਕੇ ਪੁਰਸਕਾਰਾਂ ਦੀ ਦੁਨੀਆ ਵਿੱਚ ਦਾਖਲ ਹੋ ਗਿਆ ਹੈ।"

ਪਤਨੀ ਨੇ ਪੁੱਛਿਆ—

"ਫਿਰ ਨਦੀ ਕਿੱਥੇ ਗਈ?"

ਮੈਂ ਕਿਹਾ

"ਨਦੀ ਤਾਂ ਆਪਣੀ ਥਾਂ ਵਹਿ ਰਹੀ ਹੈ। ਪਰ ਕਵੀ ਦੀ ਅੱਖ ਅੱਗੇ ਹੁਣ ਨਦੀ ਨਹੀਂ, ਪੁਰਸਕਾਰ ਦੀ ਚਮਕ ਵਹਿ ਰਹੀ ਹੈ।"

ਅੱਜਕੱਲ੍ਹ ਕੁਝ ਕਵੀਆਂ ਨੂੰ ਕਵਿਤਾ ਲਿਖਣ ਤੋਂ ਪਹਿਲਾਂ ਇਹ ਸੋਚਣਾ ਪੈਂਦਾ ਹੈ ਕਿ ਕਿਹੜੀ ਕਵਿਤਾ ਨਾਲ ਕਿਹੜਾ ਪੁਰਸਕਾਰ ਮਿਲੇਗਾ? ਉਹ ਧਿਆਨ ਨਾਲ ਸੋਚਦਾ ਹੈ ਕਿ ਕਿਹੜੇ ਬੰਦੇ ਦੀ ਤਾਰੀਫ਼ ਕਰੀਏ? ਵੋਟਾਂ ਬਣਾਈਏ ਤਾਂ ਕਿਹੜੀ ਸੰਸਥਾ ਦੇ ਸਮਾਗਮ ਵਿੱਚ ਕੁਰਸੀ ਮਿਲੇਗੀ? ਉਹ ਉਸੇ ਪਲ ਇਹ ਵੀ ਸੋਚਣ ਲੱਗਦਾ ਹੈ ਕਿ ਕਿਹੜੇ ਆਲੋਚਕ ਨੂੰ ਖੁਸ਼ ਕਰੀਏ? ਕਿਹੜੇ ਸਾਹਿਤਕ ਗਰੁੱਪ ਵਿੱਚ ਆਪਣੀ ਹਾਜ਼ਰੀ ਲਵਾਈਏ? ਇਸ ਤੋਂ ਪਹਿਲਾਂ ਕਵਿਤਾ ਕਾਗਜ਼ ਉੱਤੇ ਨਹੀਂ ਉਤਰਦੀ, ਕਵੀ ਦੀ ਪੁਰਸਕਾਰ-ਅਰਜ਼ੀ ਉਤਰਦੀ ਹੈ। ਫਿਰ ਕਵੀ ਬੁੱਢੇ ਨਾਲੇ ਨੂੰ ਨਦੀ ਬਣਾ ਦਿੰਦਾ ਹੈ, ਸੁੱਕੇ ਖੇਤਾਂ ਨੂੰ ਹਰੇ-ਭਰੇ ਕਰ ਦਿੰਦਾ ਹੈ, ਉਹ ਭੁੱਖੇ ਬੰਦੇ ਨੂੰ ਕਵਿਤਾ ਵਿੱਚ ਰੱਜਿਆ ਹੋਇਆ ਦਿਖਾ ਦਿੰਦਾ ਹੈ।

ਕਿਉਂ? ਪਤਨੀ ਨੇ ਚੀਕਦਿਆਂ ਪੁੱਛਿਆ।

ਕਿਉਂਕਿ ਸੱਚ ਲਿਖਣ ਨਾਲ ਕਈ ਵਾਰ ਪੁਰਸਕਾਰ ਹੱਥੋਂ ਨਿਕਲ ਜਾਂਦਾ ਹੈ। ਸੱਚ ਪੁੱਛੋ ਤਾਂ ਅੱਜ ਦਾ ਵੱਡਾ ਵਿਅੰਗ ਇਹ ਨਹੀਂ ਕਿ ਕੋਈ ਕਵੀ ਬੁੱਢੇ ਨਾਲੇ ਨੂੰ ਨਦੀ ਲਿਖਦਾ ਹੈ। ਸਭ ਤੋਂ ਵੱਡਾ ਵਿਅੰਗ ਇਹ ਹੈ ਕਿ ਕਵੀ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕਵਿਤਾ ਲਿਖ ਰਿਹਾ ਹੈ ਜਾਂ ਪੁਰਸਕਾਰ ਦੀ ਅਰਜ਼ੀ। ਕਵਿਤਾ ਜੇ ਸਮਾਜ ਦੀ ਅੱਖ ਹੈ ਤਾਂ ਉਸ ਵਿੱਚ ਧੂੰਆਂ ਵੀ ਦਿਸਣਾ ਚਾਹੀਦਾ ਹੈ, ਗੰਦ ਵੀ, ਭੁੱਖ ਵੀ, ਧੋਖਾ ਵੀ ਤੇ ਸੱਚ ਵੀ। ਨਹੀਂ ਤਾਂ ਕਵੀ ਕੋਲ ਸ਼ਬਦ ਤਾਂ ਬਹੁਤ ਹੋਣਗੇ, ਪਰ ਕਵਿਤਾ ਨਹੀਂ ਹੋਵੇਗੀ। ਤੇ ਮੈਂ ਮੰਜੇ ਤੋਂ ਬੁੜਕ ਕੇ ਹਰ ਵਾਰ ਇਹੀ ਸੋਚਦਾ ਹਾਂ ਕਿ ਕਿਤੇ ਬੁੱਢਾ ਨਾਲਾ ਸੱਚਮੁੱਚ ਸ਼ੂਕਦੀ ਨਦੀ ਤਾਂ ਨਹੀਂ ਬਣ ਗਿਆ ਜਾਂ ਕਵੀ ਦੀ ਕਲਮ ਪੁਰਸਕਾਰ ਦੀ ਭਾਲ ਵਿੱਚ ਅੰਨ੍ਹੀ ਹੋ ਗਈ ਹੈ?

ਮੈਂ ਉਠ ਕੇ ਚੁਰਾਹੇ ਵਿੱਚ ਖੜ੍ਹਾ ਹੋ ਜਾਂਦਾ ਹਾਂ ਤੇ ਹਰ ਲੰਘਣ ਵਾਲੇ ਨੂੰ ਪੁੱਛਦਾ ਹਾਂ।

ਬੁੱਢਾ ਨਾਲਾ ਦਰਿਆ ਬਣ ਗਿਆ ਹੈ ਕਿ ਨਦੀ।

ਤਾਂ ਇੱਕ ਉੱਚੀ ਆਵਾਜ਼ ਬੁਲੰਦ ਕਰਦਾ ਬੋਲਦਾ ਹੈ।

ਭਾਈ ਸਾਹਿਬ! ਉਹ ਤਾਂ ਗੰਦਾ ਨਾਲਾ ਬਣਾ ਦਿੱਤਾ ਹੈ।

ਤੁਹਾਨੂੰ ਭੁਲੇਖਾ ਹੈ। ਕਿਤੇ ਵਿਦੇਸ਼ ਤੋਂ ਤਾਂ ਨੀਂ ਆਏ?

ਮੈਂ ਚੁੱਪ ਕਰ ਕੇ ਬਹਿ ਜਾਂਦਾ ਹਾਂ।

ਇਲਤੀ ਬਾਬਾ

CANADIAN TRUCK TRAINING CENTRE






ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039



416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# 22 ਦੇਸ਼ਾਂ 'ਚ ਇੱਕੋ ਹੀ ਦਿਨ ਹੋਣ ਵਾਲੀ 'ਬਿੰਬੋ ਗਲੋਬਲ ਰੇਸ' 'ਚ ਟੀ.ਪੀ.ਏ.ਆਰ. ਕਲੱਬ ਦੇ 25 ਮੈਂਬਰਾਂ ਨੇ 10 ਕਿਲੋਮੀਟਰ ਦੌੜ 'ਚ ਭਾਗ ਲਿਆ

## ਇਸ ਈਵੈਂਟ 'ਚ 10 ਕਿਲੋਮੀਟਰ, 5 ਕਿਲੋਮੀਟਰ ਤੇ 3 ਕਿਲੋਮੀਟਰ ਦੌੜਾਂ 'ਚ ਹਜ਼ਾਰਾਂ ਦੀ ਗਿਣਤੀ 'ਚ ਦੌੜਾਕਾਂ ਨੇ ਹਿੱਸਾ ਲਿਆ







ਬਰੈਂਪਟਨ, (ਡਾ. ਝੰਡ)– ਅਮਰੀਕਾ, ਕੈਨੇਡਾ, ਇੰਗਲੈਂਡ, ਚੀਨ, ਚਿੱਲੀ, ਭਾਰਤ ਤੇ ਸਪੇਨ, ਆਦਿ 22 ਦੇਸ਼ਾਂ ਵਿੱਚ ਇੱਕੇ ਹੀ ਦਿਨ ਹੋਣ ਵਾਲੀ 10 ਕਿਲੋਮੀਟਰ, 5 ਕਿਲੋਮੀਟਰ ਅਤੇ 3 ਕਿਲੋਮੀਟਰ ਦੌੜ ਵਿੱਚ ਲੱਖਾਂ ਦੀ ਗਿਣਤੀ ਵਿੱਚ ਦੌੜਾਕ ਤੇ ਵਾੱਕਰ ਭਾਗ ਲੈਂਦੇ ਹਨ। ਲੰਘੇ ਐਤਵਾਰ 4 ਅਕਤੂਬਰ ਨੂੰ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ 1561 ਲੇਕਸ਼ੋਰ ਬੁਲੇਵਾਰਡ (ਈਸਟ) ਵਿਖੇ ਹੋਏ ਦੌੜ ਦੇ ਇਸ ਅੰਤਰਰਾਸ਼ਟਰੀ ਈਵੈਂਟ ਵਿੱਚ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਉਪਰੋਕਤ ਤਿੰਨਾਂ ਦੌੜਾਂ ਵਿੱਚ ਬੜੇ ਸ਼ੌਕ ਤੇ ਉਤਸ਼ਾਹ ਨਾਲ ਹਿੱਸਾ ਲਿਆ।

'ਡੈਂਪਸਟਰ ਫ਼ੂਡ ਕੰਪਨੀ' ਵੱਲੋਂ ਆਯੋਜਿਤ ਕੀਤੇ ਗਏ ਇਸ ਈਵੈਂਟ ਵਿੱਚ ਟੀ.ਪੀ.ਏ.ਆਰ. ਕਲੱਬ ਦੇ 25 ਮੈਂਬਰਾਂ ਵੱਲੋਂ ਸੱਭ ਤੋਂ ਲੰਮੀ 10 ਕਿਲੋਮੀਟਰ ਦੌੜ ਵਿੱਚ ਸ਼ਮੂਲੀਅਤ ਕੀਤੀ ਗਈ। ਉਹ ਸਵੇਰੇ 6.30 ਵਜੇ ਬੋਵੇਰਡ ਡਰਾਈਵ ਤੇ ਏਅਰਪੋਰਟ ਰੋਡ ਇੰਟਰਸੈੱਕਸ਼ਨ ਨੇੜਲੇ ਪਲਾਜ਼ੇ ਦੀ ਪਾਰਕਿੰਗ ਵਿੱਚ 'ਟਿਮ ਹੋਲਟਨ' ਦੇ ਸਾਹਮਣੇ ਇਕੱਠੇ ਹੋਏ ਅਤੇ ਉੱਥੋਂ ਸਕੂਲ ਬੱਸ ਵਿੱਚ ਇਸ ਦੌੜ ਦੇ ਆਰੰਭ ਹੋਣ ਵਾਲੇ ਸਥਾਨ ਵੱਲ ਰਵਾਨਾ ਹੋਏ। ਰਸਤੇ ਵਿੱਚ ਉਨ੍ਹਾਂ ਨੇ ਗੋਰਵੇਅ ਤੇ ਡੈਰੀ ਰੋਡ ਇੰਟਰਸੈਕਸ਼ਨ ਨੇੜਿਉਂ ਆਪਣੇ ਕੁਝ ਸਾਥੀਆਂ ਨੂੰ ਨਾਲ ਲਿਆ, ਜਦਕਿ ਕਲੱਬ ਦੇ ਤਿੰਨ ਮੈਂਬਰ ਨਿੱਜੀ ਕਾਰ ਵਿੱਚ ਸਵਾਰ ਹੋ ਕੇ ਸਿੱਧੇ ਹੀ ਦੌੜ ਵਾਲੇ ਸਥਾਨ 'ਤੇ ਪਹੁੰਚੇ। ਇਸ ਈਵੈਂਟ ਦੇ 10 ਕਿਲੋਮੀਟਰ ਦੌੜ ਦੇ ਈਵੈਂਟ ਜਿਸ ਵਿੱਚ ਇਸ ਕਲੱਬ ਦੇ ਇਨ੍ਹਾਂ ਮੈਂਬਰਾਂ ਨੇ ਭਾਗ ਲੈਣਾ ਸੀ, ਦੇ ਆਰੰਭ ਹੋਣ ਦਾ ਸਮਾਂ ਸਵੇਰੇ 8.00 ਵਜੇ ਦਾ ਸੀ ਅਤੇ ਇਹ ਸਾਰੇ ਮੈਂਬਰ 7.30 ਵਜੇ ਦੌੜ ਦੇ ਨਿਸਚਿਤ ਸਥਾਨ 'ਤੇ ਹਾਜ਼ਰ ਹੋ ਗਏ। ਸਵੇਰੇ 7.45 'ਤੇ ਸਟੇਜ ਤੋਂ ਦੌੜਾਕਾਂ ਨੂੰ 'ਵਾਰਮ-ਅੱਪ' ਕਰਵਾਉਣ ਦੀ ਕਾਰਵਾਈ ਆਰੰਭ ਹੋ ਗਈ ਅਤੇ ਕਲੱਬ ਦੇ ਸਾਰੇ ਮੈਂਬਰਾ ਇਸ ਵਿੱਚ ਸ਼ਾਮਲ ਹੋ ਗਏ। 10 ਕੁ ਮਿੰਟ 'ਵਾਰਮ-ਅੱਪ' ਤੇ 'ਸਟਰੈੱਚਿੰਗ' ਦੀਆਂ ਇਨ੍ਹਾਂ ਵਰਜਿਸ਼ਾਂ ਵਿੱਚ ਸ਼ਮੂਲੀਅਤ ਕਰਨ ਤੋਂ ਬਾਅਦ ਦੌੜ ਦੇ ਸ਼ੁਰੂ ਹੋਣ ਵਾਲੇ 'ਸਟਾਰਟਿੰਗ ਪੋਆਇੰਟ' ਵੱਲ ਚੱਲ ਪਏ। ਪ੍ਰਬੰਧਕਾਂ ਵੱਲੋਂ 10 ਕਿਲੋਮੀਟਰ ਦੀ ਇਹ ਦੌੜ ਨਿਸਚਿਤ ਸਮੇਂ 'ਤੇ ਠੀਕ 8.00 ਵਜੇ ਆਰੰਭ ਕਰ ਦਿੱਤੀ ਗਈ। ਇੱਥੋਂ ਇਸ ਈਵੈਂਟ ਦੌਰਾਨ ਕੀਤੀ ਗਈ ਸਮੇਂ ਦੀ ਪਾਬੰਦੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਤੋਂ ਅਗਲੀਆਂ 5 ਕਿਲੋਮੀਟਰ ਤੇ 3 ਕਿਲੋਮੀਟਰ ਦੀਆਂ ਦੌੜਾਂ ਵੀ ਪ੍ਰਬੰਧਕਾਂ ਵੱਲੋਂ ਸਮੇਂ-ਸਿਰ ਕ੍ਰਮਵਾਰ 9.30 ਵਜੇ ਅਤੇ 10.00 ਵਜੇ ਸ਼ੁਰੂ ਕਰਵਾਈਆਂ ਗਈਆਂ।

10.00 ਕਿਲੋਮੀਟਰ ਦੌੜ ਦਾ ਰਸਤਾ ਲੇਕਸ਼ੋਰ ਦੇ ਕਿਨਾਰੇ 'ਬੋਰਡਵਾਕ' ਉੱਪਰ ਦੋ ਕਿਲੋਮੀਟਰ ਜਾ ਕੇ ਨਾਲ ਲੱਗਦੀ ਸੜਕ ਉੱਪਰ 'ਯੂ-ਟਰਨ' ਲੈਣ ਅਤੇ ਇਸ ਉੱਪਰ ਦੋ ਕਿਲੋਮੀਟਰ ਜਾ ਕੇ ਦੂਸਰੀ ਵਾਰ ਫਿਰ ਓਸੇ ਰਸਤੇ ਜਾਣ ਤੇ ਵਾਪਸ ਮੁੜ ਕੇ ਸਟਾਰਟਿੰਗ-ਪੋਆਇੰਟ ਤੋਂ ਅੱਗੇ ਜਾ ਕੇ ਨਿਰਧਾਰਿਤ 'ਘੁੰਮਣ-ਘੇਰੀ' ਵਾਲੇ ਰਸਤੇ ਉੱਪਰ ਜਾਣ ਤੋਂ ਬਾਅਦ 'ਫਿਨਿਸ਼-ਪੋਆਇੰਟ' 'ਤੇ ਪਹੁੰਚਣ ਦਾ ਸੀ। ਪੰਜ ਕਿਲੋਮੀਟਰ ਦੌੜ ਲਈ ਦੌੜਾਕਾਂ ਨੇ ਇੱਕੋ ਵਾਰ ਹੀ ਬੋਰਡਵਾਕ ਉੱਪਰ ਜਾਣਾ ਤੇ ਵਾਪਸ ਮੁੜਨਾ ਸੀ ਅਤੇ ਇਸ ਵਿੱਚ ਘੁੰਮਣ- ਘੇਰੀ ਵਾਲਾ ਰਸਤਾ ਸ਼ਾਮਲ ਨਹੀਂ ਸੀ। ਤਿੰਨ ਕਿਲੋਮੀਟਰ ਦੌੜ ਲਈ ਪ੍ਰਬੰਧਕਾਂ ਵੱਲੋਂ ਇਸ ਰਸਤੇ ਨੂੰ ਹੋਰ ਵੀ ਛੋਟਾ ਕੀਤਾ ਗਿਆ ਸੀ। ਟੀ.ਪੀ.ਏ.ਆਰ. ਕਲੱਬ ਦੇ ਤੇਜ਼-ਤਰਾਰ ਦੌੜਾਕਾਂ ਜੱਸੀ ਧਾਲੀਵਾਲ ਤੇ ਅਮਰਜੀਤ ਸਿੰਘ ਨੇ 10 ਕਿਲੋਮੀਟਰ ਦੌੜ ਇਕੱਠਿਆਂ 55 ਮਿੰਟ 48 ਮਿੰਟ ਵਿੱਚ ਪੂਰੀ ਕੀਤੀ। ਕਲੱਬ ਦੇ ਤੇਜ਼ ਦੌੜਾਕ ਧਰਮ ਰੰਧਾਵਾ ਨੇ ਇਹ ਦੌੜ ਇੱਕ ਘੰਟਾ 37 ਸਕਿੰਟਾਂ ਵਿੱਚ ਸੰਪੰਨ ਕੀਤੀ, ਜਦ ਕਿ ਇੱਕ ਹੋਰ ਤੇਜ਼ ਦੌੜਾਕ ਕਰਮਜੀਤ ਗਿੱਲ ਨੇ ਇਸ ਦੇ ਲਈ ਇਸ ਤੋਂ ਥੋੜ੍ਹਾ ਜਿਹਾ ਵਧੇਰੇ ਇੱਕ ਘੰਟਾ 58 ਸਕਿੰਟ ਸਮਾਂ ਲਿਆ।

ਕਲੱਬ ਦੇ ਇਨ੍ਹਾਂ ਤੇਜ਼ ਦੌੜਾਕਾਂਵਿੱਚ ਹੌਲ਼ੀ-ਹੌਲ਼ੀ ਆਰਾਮ ਨਾਲ ਚੱਲਣ ਵਾਲੇ ਇਸ ਦੇ ਸੀਨੀਅਰ ਮੈਂਬਰ ਇੰਜ. ਈਸ਼ਰ ਸਿੰਘ, ਡਾ. ਸੁਖਦੇਵ ਸਿੰਘ ਝੰਡ, ਕੇਸਰ ਸਿੰਘ ਬੜੈਚ ਤੇ ਜੱਸੀ ਭੁੱਲਰ ਢਪਾਲੀ ਵੀ ਸ਼ਾਮਲ ਸਨ, ਜਿਨ੍ਹਾਂ ਨੇ ਇਹ 10 ਕਿਲੋਮੀਟਰ 'ਪੰਧ' ਇੱਕ ਘੰਟਾ 7 ਮਿੰਟਾਂ ਵਿੱਚ ਪੂਰਾ ਕੀਤਾ ਅਤੇ ਇਸ ਤਰ੍ਹਾਂ ਉਹ ਵੀ ਇਸ ਦੌੜ ਦੇ 'ਬਿੰਗੋ ਮੈਡਲ' ਪ੍ਰਾਪਤ ਕਰਨ ਦੇ 'ਹੱਕਦਾਰ' ਬਣੇ। ਅਜਿਹੀਆਂ ਅੰਤਰਰਾਸ਼ਟਰੀ ਦੌੜਾਂ ਵਿੱਚ ਤੇਜ਼-ਤਰਾਰ ਦੌੜਾਕ ਆਪਣਾ ਘੱਟ ਤੋਂ ਘੱਟ ਸਮਾਂ ਲੈਣ ਦੀ ਕੋਸ਼ਿਸ਼ ਕਰਦੇ ਹਨ ਪਰ ਇਸਦੇ ਨਾਲ ਹੀ ਇਨ੍ਹਾਂ ਵਿੱਚ ਦੌੜਾਕਾਂ ਵੱਲੋ ਭਾਗ ਲੈਣਾ ਹੀ ਬੜੀ ਵੱਡੀ ਗੱਲ ਹੁੰਦੀ ਹੈ।

ਦੌੜ ਦੇ ਪ੍ਰਬੰਧਕਾਂ ਵੱਲੋਂ ਇਸ ਵਿੱਚ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ। ਵੱਖ-ਵੱਖ ਸਟਾਲਾਂ ਵਿੱਚ ਹਲਕਾ-ਫੁਲਕਾ ਖਾਣ-ਪੀਣ ਦਾ ਸਮਾਨ ਸਜਿਆ ਹੋਇਆ ਸੀ ਅਤੇ ਦੌੜ ਸ਼ੁਰੂ ਹੋਣ ਤੋਂ ਪਹਿਲਾਂ ਦੌੜਾਕ ਇਸਦਾ ਮਜ਼ਾ ਲੈ ਰਹੇ ਸਨ। ਦੌੜ ਦੇ ਸੰਪੰਨ ਹੋਣ 'ਤੇ ਡੈਂਪਸਟਰ ਕੰਪਨੀ ਵੱਲੋਂ ਚਿਕਨ, ਟਰਕੀ ਤੇ ਹੈਮ ਬਰਗਰਾਂ ਦਾ ਬਹੁਤ ਵਧੀਆ ਇੰਤਜ਼ਾਮ ਸੀ। ਦੌੜ ਤੋਂ ਬਾਅਦ ਸਾਰੇ ਦੌੜਾਕ ਲੰਮੀ ਲਾਈਨ ਵਿੱਚ ਖਲੋ ਕੇ ਇਹ ਗਰਮ-ਗਰਮ ਪ੍ਰਾਪਤ ਕਰ ਰਹੇ ਸਨ ਅਤੇ ਨਾਲ ਲੱਗਦੇ ਸਟਾਲ ਵਿੱਚ ਰੱਖੀਆਂ ਗਈਆਂ ਵੱਖੋ-ਵੱਖਰੀਆਂ ਸੌਸਾਂ ਤੇ ਸਲਾਦ ਲੈ ਕੇ ਬੈਂਚਾਂ ਤੇ ਹਰੇ ਘਾਹ ਉੱਪਰ ਬੈਠ ਕੇ ਕੋਲਡ-ਡਰਿੰਕਸ ਨਾਲ ਇਨ੍ਹਾਂ ਦੇ ਚਟਖਾਰੇ ਲੈ ਰਹੇ ਸਨ। ਖਾਣ-ਪੀਣ ਦਾ ਇਹ 'ਸਿਲਸਿਲਾ' ਸਮਾਪਤ ਕਰਨ ਤੋਂ ਬਾਅਦ ਕਲੱਬ ਦੇ ਮੈਂਬਰ ਸਕੂਲ ਬੱਸ ਅਤੇ ਆਪਣੀ ਕਾਰ ਵਿੱਚ ਸਵਾਰ ਹੋ ਕੇ ਵਾਪਸ ਬਰੈਂਪਟਨ ਪਹੁੰਚ ਗਏ।

ਬੱਸ ਦੇ ਆਖ਼ਰੀ ਪੜਾਅ ਬੋਵੇਰਡ ਡਰਾਈਵ ਤੇ ਏਅਰਪੋਰਟ ਰੋਡ ਦੇ ਪਲਾਜ਼ੇ 'ਚ ਪਹੁੰਚ ਕੇ ਕੇਸਰ ਸਿੰਘ ਬੜੈਚ ਵੱਲੋਂ ਇਸ ਵਿੱਚ ਸਥਿਤ ਟਿਮ ਹੌਲਟਨ 'ਚ ਸਾਰੇ ਮੈਂਬਰਾਂ ਨੂੰ ਗਰਮ-ਗਰਮ ਕੌਫ਼ੀ ਪਿਆਈ ਗਈ ਅਤੇ ਅਤੇ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਸਰਪ੍ਰਸਤ ਇੰਜ. ਈਸ਼ਰ ਸਿੰਘ ਵੱਲੋਂ ਦੌੜ ਦੇ ਇਸ ਈਵੈਂਟ ਵਿੱਚ ਹਿੱਸਾ ਲੈਣ ਲਈ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਕਲੱਬ ਵੱਲੋਂ ਅਗਲੇ ਸਾਲ 2027 ਵਿੱਚ ਹੋਣ ਵਾਲੇ ਦੌੜ ਦੇ ਈਵੈਂਟਾਂ ਵਿੱਚ ਹਿੱਸਾ ਲੈਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਲੱਬ ਦੇ ਸਾਰੇ ਮੈਂਬਰਾਂ ਵਿੱਚ ਹੀ ਅਗਲੇ ਸਾਲ ਫਿਰ ਇਨ੍ਹਾਂ ਦੌੜਾਂ ਵਿੱਚ ਭਾਗ ਲੈਣ ਬਾਰੇ ਬੜਾ ਉਤਸ਼ਾਹ ਦਿਖਾਈ ਦੇ ਰਿਹਾ ਸੀ ਅਤੇ ਇਸ ਦੇ ਲਈ ਉਹ ਕਲੱਬ ਦੇ ਸਰਗਰਮ ਮੈਂਬਰ ਮਨਜੀਤ ਸਿੰਘ ਨੌਟਾ ਨੂੰ ਹੁਣ ਤੋਂ ਹੀ ਲੋੜੀਂਦੀ ਕਾਰਵਾਈ ਆਰੰਭ ਕਰਨ ਲਈ ਕਹਿ ਰਹੇ ਸਨ।

# ਪੱਤਝੜ ਦੇ ਵੱਖੋ-ਵੱਖਰੇ ਰੰਗ, ਦੋਸਤੀ ਤੇ ਖ਼ੁਸ਼ੀ ਦੇ ਪ੍ਰਤੀਕ ...

## ਐੱਫ.ਸੀ.ਐੱਫ.ਸੀ. ਕਲੱਬ ਨੇ ਪੱਤਝੜ ਦੀ ਆਮਦ ਨੂੰ 'ਫ਼ਾਲ ਇਨ ਲਵ' ਵਜੋਂ ਯਾਦ ਕੀਤਾ






ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 4 ਅਕਤੂਬਰ ਨੂੰ ਐੱਫ.ਸੀ.ਐੱਫ.ਸੀ. ਕਲੱਬ ਵੱਲੋਂ ਕੈਨੇਡਾ ਦੇ ਪੱਤਝੜ ਦੇ ਰੰਗੀਨ ਮੌਸਮ ਦਾ ਸੁਆਗ਼ਤ ਕਰਦਿਆਂ ਹੋਇਆਂ ਇਸ ਨੂੰ 'ਫ਼ਾਲ ਇਨ ਲਵ' ਦਾ ਮੌਸਮ ਕਿਹਾ। ਇਸ ਸਬੰਧੀ ਸਥਾਨਕ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿੱਚ ਇਸ ਕਲੱਬ ਦੇ 100 ਤੋਂ ਵਧੀਕ ਮੈਂਬਰਾਂ ਨੇ ਇਕੱਤਰ ਹੋ ਕੇ ਰੰਗਾਂ ਦੇ ਇਸ ਮੌਸਮ ਨੂੰ 'ਜੀ-ਆਇਆਂ' ਆਖਿਆ। ਉਹ ਪੱਤਝੜ ਦੇ ਮੌਸਮ ਵਿੱਚ ਰੁੱਖਾਂ ਦੇ ਪੱਤਿਆਂ ਦੇ ਲਾਲ, ਸੰਗਤਰੀ, ਪੀਲੇ, ਸੁਨਹਿਰੀ ਤੇ ਖ਼ਾਕੀ ਰੰਗਾਂ ਦੀਆਂ ਪੁਸ਼ਾਕਾਂ ਪਹਿਨੀ ਇਸ ਰੰਗੀਨ ਸਮਾਗਮ ਵਿੱਚ ਸ਼ਾਮਲ ਹੋਏ।

ਸਮਾਗ਼ਮ ਦੀ ਸ਼ੁਰੂਆਤ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਮੈਂਬਰਾਂ ਨੂੰ ਸੰਬੋਧਿਤ ਸੁਆਗ਼ਤੀ ਸ਼ਬਦਾਂ ਨਾਲ ਕੀਤੀ ਗਈ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ, "ਪੱਤਝੜ ਦਾ ਮੌਸਮ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਹਰੇਕ ਮੌਸਮ ਦੀ ਆਪਣੀ ਹੀ ਖ਼ੂਬਸੂਰਤੀ ਹੈ। ਉਨ੍ਹਾਂ ਕਿਹਾ ਕਿ ਸੀਨੀਅਰਾਂ ਦੇ ਲਈ ਤਾਂ ਇਹ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਦੇ ਪਿਆਰ ਤੇ ਸਤਿਕਾਰ ਦਾ ਨਿੱਘ ਮਾਨਣ ਦਾ ਸਮਾਂ ਹੈ ਜਿਸਦੀ ਸਾਰੀ ਉਮਰ ਹੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਉਹ ਇਸ ਸਮਾਗ਼ਮ ਦੌਰਾਨ 'ਥੈਂਕਸ ਗਿਵਿੰਗ', 'ਸੀਨੀਅਰਜ਼ ਡੇਅ' ਅਤੇ ਪੱਤਝੜ ਮੌਸਮ ਦਾ 'ਫ਼ਾਲ ਇਨ ਲਵ' ਇਕੱਠੇ ਹੀ ਸਮੂਹਿਕ ਰੂਪ 'ਚ ਮਨਾ ਰਹੇ ਹਨ।" ਉਪਰੰਤ, ਸਮਾਗ਼ਮ ਦੀ ਕਮਾਨ ਜੋਤੀ ਨੇ ਸੰਭਾਲੀ ਅਤੇ ਇਸ ਪ੍ਰੋਗਰਾਮ ਨੂੰ ਪੂਰੇ ਉਤਸ਼ਾਹ, ਜੋਸ਼ ਤੇ ਊਰਜਾ ਨਾਲ ਹਾਸੇ-ਮਜ਼ਾਕ ਦੇ ਮਾਹੌਲ 'ਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਐੱਫ.ਸੀ.ਐੱਫ.ਸੀ. ਕਲੱਬ ਦਾ ਇਹ ਪ੍ਰੋਗਰਾਮ ਕੇਵਲ ਮਨੋਰੰਜਨ ਹੀ ਨਹੀਂ ਹੈ, ਸਗੋਂ ਸੀਨੀਅਰਾਂ ਦੇ ਲਈ ਆਪਣਾ ਟੇਲੈਂਟ ਵਿਖਾਉਣ, ਦੋਸਤੀਆਂ ਬਨਾਉਣ ਅਤੇ ਸਮਾਜਿਕ ਤੌਰ 'ਤੇ ਚੇਤੰਨ ਰਹਿਣ ਲਈ ਵਧੀਆ ਮੰਚ ਮੁਹੱਈਆ ਕਰਦਾ ਹੈ। ਇਸ ਦੌਰਾਨ ਸਮਾਗਮ ਵਿੱਚ ਸੋਲੋ ਗੀਤ, ਨਾਚ-ਗਾਣੇ ਅਤੇ ਮਨੋਰੰਜਨ ਦੀਆਂ ਕਈ ਹੋਰ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਪੇਸ਼- ਕਰਤਾਵਾਂ ਵਿੱਚ ਕਮਲ ਬਬਰਾ, ਪੁਸ਼ਪਿੰਦਰ ਵਾਲੀਆ, ਜੋਤੀ ਡੈਡਲੀਆ, ਹਰਮੀਤ ਕੁਲਾਰ, ਬਲਵਿੰਦਰ ਸੰਧੂ, ਰਮਿੰਦਰ ਚੌਹਾਨ, ਸਵਿੰਦਰ ਫੁੱਲ, ਆਦਿ ਸ਼ਾਮਲ ਸਨ। ਨਾਚ-ਗਾਣਿਆਂ ਅਤੇ ਗਿੱਧੇ ਦੀ ਪੇਸ਼ਕਾਰੀ ਨਾਲ ਇਹ ਸਮਾਗਮ ਹੋਰ ਵੀ ਦਿਲਚਸਪ ਤੇ ਮਨੋਰੰਜਕ ਹੋ ਗਿਆ। ਇਸ ਦੌਰਾਨ ਭੁਪਿੰਦਰ ਮੱਕੜ ਅਤੇ ਰੇਨੂ ਕੋਹਲੀ ਨੂੰ ਕਲੱਬ ਵੱਲੋਂ ਵਿਸ਼ੇਸ਼ ਮਾਣ-ਸਤਿਕਾਰ ਭੇਂਟ ਕੀਤਾ ਗਿਆ। ਸਮਾਗਮ ਦੇ ਮੁੱਖ-ਮਹਿਮਾਨ ਰੀਜਨਲ ਕੌਂਸਲਰ ਰਵੀਨਾ ਸੰਤੋਸ ਸਨ। ਕਲੱਬ ਮੈਂਬਰਾਂ ਨੂੰ ਸੰਬੋਧਿਤ ਹੁੰਦਿਆਂ ਉਨ੍ਹਾਂ ਕਿਹਾ, "ਐੱਫ.ਸੀ.ਐੱਫ.ਸੀ. ਕਲੱਬ ਵਰਗੀਆਂ ਸੰਸਥਾਵਾਂ ਸੀਨੀਅਰਾਂ ਨੂੰ ਇਕੱਠਿਆਂ ਕਰਨ, ਉਨ੍ਹਾਂ ਵਿੱਚ ਦੋਸਤੀ ਵਧਾਉਣ, ਉਨ੍ਹਾਂ ਦਾ ਮਨੋਰੰਜਨ ਕਰਨ ਅਤੇ ਕਮਿਊਨਿਟੀ ਦੇ ਕੰਮਾਂ ਵਿੱਚ ਉਨ੍ਹਾਂ ਨੂੰ ਸਾਂਝੇਦਾਰ ਬਨਾਉਣ ਵਿੱਚ ਬੜਾ ਵੱਡਾ ਯੋਗਦਾਨ ਪਾਉਂਦੀਆਂ ਹਨ। ਇਨ੍ਹਾਂ ਸਮਾਗਮਾਂ ਵਿੱਚ ਉਨ੍ਹਾਂ ਨੂੰ ਇਕੱਠੇ ਖ਼ੁਸ਼ ਬੈਠਿਆਂ ਵੇਖ ਕੇ ਬਹੁਤ ਵਧੀਆ ਲੱਗਦਾ ਹੈ।" ਉਨ੍ਹਾਂ ਕਲੱਬ ਦੇ ਪ੍ਰਬੰਧਕਾਂ ਨੂੰ ਅਜਿਹੇ ਸਮਾਗਮ ਕਰਨ ਲਈ ਹਾਰਦਿਕ ਵਧਾਈ ਦਿੱਤੀ।

ਇਸ ਸਮਾਗਮ ਦਾ ਇੱਕ ਹੋਰ ਦਿਲਚਸਪ ਪੱਖ ਇਸ ਵਿੱਚ ਇਸ ਅਕਤੂਬਰ ਮਹੀਨੇ ਆਏ ਕਲੱਬ ਮੈਂਬਰਾਂ ਦੇ ਜਨਮ-ਦਿਨ ਮਨਾਉਣਾ ਸੀ। ਇਹ ਜਨਮ-ਦਿਨ ਸਾਂਝੇ ਤੌਰ 'ਤੇ ਕੇਕ ਕੱਟ ਕੇ ਅਤੇ ਸਬੰਧਿਤ ਮੈਂਬਰਾਂ ਨੂੰ ਜਨਮ-ਦਿਨ ਦੀ ਮੁਬਾਰਕਬਾਦ ਦੇ ਕੇ ਮਨਾਏ ਗਏ। ਇਸ ਦੌਰਾਨ ਸੁਰਿੰਦਰ ਪੈਂਫ਼ਰ ਵੱਲੋਂ ਆਪਣਾ 75ਵਾਂ ਜਨਮ-ਦਿਨ ਬੜੀ ਖ਼ੁਸ਼ੀ ਤੇ ਉਤਸ਼ਾਹ ਨਾਲ ਮਨਾਇਆ ਗਿਆ। ਜਸਵਿੰਦਰ ਦੈਂਦ ਵੱਲੋਂ ਸਾਰਿਆਂ ਨੂੰ ਜਨਮ-ਦਿਨਾਂ ਦੀ ਮੁਬਾਰਕਬਾਦ ਸਾਂਝੀ ਕੀਤੀ ਗਈ ਅਤੇ ਮੁੱਖ ਮਹਿਮਾਨ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਅਖ਼ੀਰ ਵਿੱਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸਮੂਹ ਮੈਂਬਰਾਂ ਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ ਗਿਆ। ਉਨ੍ਹਾਂ ਕਿਹਾ ਕਿ ਉਮਰ ਦੇ ਵੱਧਣ ਨਾਲ ਬੁਢਾਪੇ ਵੱਲ ਜਾਣ ਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਖ਼ੁਸੀ ਤੇ ਉਤਸ਼ਾਹ ਕੋਲੋਂ ਦੂਰ ਜਾ ਰਹੇ ਹਾਂ, ਕਿਉਂਕਿ ਖ਼ੁਸ਼ੀ ਦਾ ਉਮਰ ਨਾਲ ਕੋਈ ਸਬੰਧ ਨਹੀਂ ਹੈ। ਸਾਨੂੰ ਹਮੇਸ਼ਾ ਖ਼ੁਸ਼, ਜੀਵਨ ਵਿੱਚ ਆਸਵੰਦ ਅਤੇ ਉਤਸ਼ਾਹ ਭਰਪੂਰ ਰਹਿਣਾ ਚਾਹੀਦਾ ਹੈ।

# ਬਰੈਂਪਟਨ 'ਚ 2 ਤੋਂ 4 ਅਕਤੂਬਰ 2026 ਨੂੰ ਹੋਈ ਸੱਤਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਤੀਸਰੇਦਿਨ ਦੇ ਕਵੀ-ਦਰਬਾਰ ਬਾਰੇ ਪ੍ਰੋ. ਅਤੈ ਸਿੰਘ ਦੇ ਪ੍ਰਭਾਵ



ਚਾਰ ਅਕਤੂਬਰ ਦੋ ਹਜ਼ਾਰ ਛੱਬੀ ਨੂੰ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਿਖ਼ਰਲੇ ਦਿਨ ਹੋਏ ਕਵੀ-ਦਰਬਾਰ ਦੀਆਂ ਕੁਝ ਕੁ ਚੋਣਵੀਆਂ, ਮਿਆਰੀ ਤੇ ਪਿਆਰੀਆਂ ਕਵਿਤਾਵਾਂ ਵਿੱਚੋਂ ਹੋਰਨਾਂ ਸਣੇ ਡਾਕਟਰ ਆਤਮਜੀਤ, ਪ੍ਰੋਫੈਸਰ ਜਗੀਰ ਕਾਹਲੋਂ, ਓਧਰੋਂ ਤਾਹਿਰਾ ਪਹਿਲੀ ਕਤਾਰ ਵਿੱਚ ਆਉਂਦੀਆਂ ਜਾਪੀਆਂ। ਰਜਵੰਤ ਸੰਧੂ- ਡਾਕਟਰ ਵਰਿਆਮ ਸਿੰਘ ਸੰਧੂ ਦੀ ਸੁਭਾਗੀ ਜੋੜੀ ਦੀਆਂ ਰਚਨਾਵਾਂ, ਸਵੈ ਤੋਂ ਸਮੂਹ ਤੱਕ ਅਪੜਦੀਆਂ ਸਿਖ਼ਰੀ ਲੱਗੀਆਂ।

ਉਜ਼ਮਾ-ਤਾਹਿਰਾ ਦੀ ਸੁਚੱਜੀ ਮੰਚ-ਸੰਚਾਲਨਾ ਨੇ ਖਿੱਲਰਦੇ ਕਵੀ-ਦਰਬਾਰ ਨੂੰ ਵੀ ਬੰਨ੍ਹੀ ਰੱਖਿਆ। ਵੱਡੇ ਭਾਊ ਜੀ ਡਾਕਟਰ ਵਰਿਆਮ ਸੰਧੂ ਹੋਰਾਂ ਆਤਮਜੀਤ ਦੀ ਕਵਿਤਾ ਵਿਚਲੀ ਸਰੰਗੀ ਦੀ ਸੁਰੀਲੀ-ਸੁਰ ਨੂੰ ਸਰੋਤਿਆਂ ਦੀ ਸੁਰਤਿ ਨਾਲ ਜੋੜਕੇ ਪੁੰਨ ਖੱਟਿਆ। ਉਂਜ ਸੁਣਿਆਂ ਸਰੰਗੀ ਖ਼ਾਸ ਰੁੱਖ ਦੀ ਲੱਕੜ ਤੋਂ ਬਣਦੀ ਏ ਤੇ ਦੂਜੇ ਸਾਜ਼ਾਂ ਨਾਲੋਂ ਵੱਖਰੇ ਢੰਗ ਨਾਲ ਵੱਜਦੀ ਏ। ਇਹ ਢੰਗ ਜੀਹਨੂੰ ਆ ਗਿਆ ਓਹ 'ਸੀਤਲ' ਹੋ ਜਾਂਦਾ, 'ਪਾਰਸ' ਹੋ ਜਾਂਦਾ ਤੇ ਹੁੰਦਾ-ਹੁੰਦਾ ਕਸਤੂਰੀ ਦਾ ਸਾਮਾਨਅਰਥਕ 'ਕਥੂਰੀਆ' ਦਲਬੀਰ ਸਿੰਘ ਹੋ ਜਾਂਦਾ।

ਬੜੇ ਰਸੀਲੇ ਗੁੱਝੇ ਸ਼ੌਕੀਆ ਗਾਇਕ, (ਬੁਰਜ ਨੱਥੂ ਕੇ ਤੋਂ ਮੇਰੇ ਤਾਏ ਦੇ ਸਰਨਾਂਵੀਏਂ) ਸਰਦਾਰ ਸ਼ੁਬੇਗ ਸਿੰਘ ਜੰਡਿਆਲਾ ਗੁਰੂ ਦਾ ਹੋਣਹਾਰ, ਪੰਜਾਬੀ ਨੂੰ ਸਮਰਪਿਤ ਸਾਊ ਸਪੁੱਤਰ ਹੋ ਜਾਂਦਾ- ਗੱਲ ਕੀ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਸਾਹਿਤ-ਸਭਿਆਚਾਰੀ ਨਾਇਕ ਹੋ ਜਾਂਦਾ। ਏਹੋ ਜਿਹਾ ਨਾਇਕ ਹੁਣ ਪੰਜਾਬ ਨੂੰ ਵੀ ਲੋੜੀਦਾ।

ਪੰਜਾਬੀਓ ! ਡਾਕਟਰ ਦਲਬੀਰ ਕਥੂਰੀਆ ਦੇ ਨਾਲ ਇੱਕਾ-ਦੁੱਕਾ ਈ ਸਹੀ ਕੋਈ ਵਰਿਆਮ ਸਿੰਘਘ ਸੰਧੂ, ਕੋਈ ਆਤਮਜੀਤ, ਕੋਈ ਪ੍ਰੋਫੈਸਰ ਜਗੀਰ ਕਾਹਲੋਂ, ਕੋਈ ਡਾਕਟਰ ਕੰਵਲਜੀਤ ਕੌਰ, ਕੋਈ ਡਾਕਟਰ ਗੁਰਮਿੰਦਰ ਸਿੱਧੂ, ਕੋਈ ਰਜਵੰਤ ਸੰਧੂ ਕੋਈ ਰਾਜ ਘੁੰਮਣ, ਕੋਈ ਸੁਖਦੇਵ ਸਿੰਘ ਝੰਡ, ਕੋਈ ਗੁਰਿੰਦਰਜੀਤ, ਕੋਈ ਗੁਰਦੇਵ ਚੌਹਾਨ ਈ ਹੈਧਰ ਆਪਣੇ ਪੰਜਾਬੇ ਰੱਖ ਲਈਏ, ਸਾਂਭ ਲਈਏ, ਕੈਨੇਡਿਓਂ ਮੋੜ ਲਿਆਈਏ !

ਜੇ ਕਿਤਿਓਂ ਆਉਣਾ ਪੈਂਦਾ ਸੱਚ ਆ ਤਾਂ ਕਿਤਿਓਂ ਮੁੜਨਾ ਪੈਣਾ ਵੀ ਝੂਠ ਨਹੀਂ।

ਕਣਕਾਂ ਉਡੀਕਦੀਆਂ ਨੇ
ਚਲੋ ਕਣਕਾਂ ਵੱਲ ਚੱਲੀਏ
ਮਾਵਾਂ ਉਡੀਕਦੀਆਂ ਨੇ
ਚਲੋ ਮਾਵਾਂ ਕੋਲ ਚੱਲੀਏ !

GTA Plumbing & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036

18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਆਓ ਇਸ ਭਾਵਨਾ ਨਾਲ ਗੁਰੂ ਘਰ ਜਾਣਾ ਸ਼ੁਰੂ ਕਰੀਏ !



"ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ"

ਗੁਰੂ ਰਾਮਦਾਸ ਜੀ ਇਸ ਬਚਨ ਵਿੱਚ ਸਮਝਾਉਂਦੇ ਹਨ ਕਿ ਸਤਸੰਗਤ ਇਕ ਪਾਠਸ਼ਾਲਾ ਦੀ ਨਿਆਈ ਹੈ ਜਿਥੇ ਹਰੀ ਪਰਮਾਤਮਾ ਦੇ ਗੁਣ ਸਿਖਾਏ ਜਾਂਦੇ ਹਨ ਅੱਜ ਹੱਥਲੇ ਲੇਖ ਵਿੱਚ ਅਸੀਂ ਸਤਸੰਗਤ ਸਬੰਧੀ ਵਿਚਾਰ ਕਰਾਂਗੇ।

ਇਹ ਵਿਚਾਰ ਕਰਨੀ ਤਾਂ ਵੀ ਜਰੂਰੀ ਬਣਦੀ ਹੈ ਕਿਉਂਕਿ ਜਦੋਂ ਅਸੀਂ ਸਿੱਖ ਧਰਮ ਦੇ ਕੇਂਦਰੀ ਅਸਥਾਨ ਧਾਰਮਿਕ ਸਥਾਨ ਗੁਰਦੁਆਰਾ ਸਾਹਿਬਾਨ ਜਾ ਕੇ ਦੇਖਦੇ ਹਾਂ ਤੇ ਉੱਥੇ ਆਉਣ ਵਾਲੀ ਬਹੁ ਗਿਣਤੀ ਦੇ ਵਿੱਚ ਜੋ ਲੋਕ ਪਹੁੰਚਦੇ ਹਨ ਉਹਨਾਂ ਦੇ ਆਉਣ ਦੇ ਢੰਗ ਤਰੀਕੇ ਨੂੰ ਵੇਖਦੇ ਹਾਂ ਉਹ ਕੀ ਸੋਚ ਕੇ ਆ ਰਹੇ ਹਨ।

ਇੱਕ ਸਵਾਲ ਪੈਦਾ ਹੁੰਦਾ ਹੈ ਕੀ ਗੁਰਦੁਆਰਾ ਕੇਵਲ ਪੂਜਾ ਕੇਂਦਰ ਹੈ। ਜਿਵੇਂ ਕਿ ਆਮ ਤੌਰ ਤੇ ਬਹੁ ਗਿਣਤੀ ਦੇ ਵਿੱਚ ਗੁਰਦੁਆਰਾ ਸਾਹਿਬ ਵਿਖੇ ਆਉਣ ਵਾਲੀ ਸੰਗਤ ਵੱਲੋਂ ਬਣਾ ਦਿੱਤਾ ਗਿਆ ਹੈ ਜੇਕਰ ਅਸੀਂ ਸਿਧਾਂਤਕ ਪੱਖ ਤੋਂ ਵੇਖਾਂਗੇ ਤਾਂ ਗੁਰਦੁਆਰਾ ਕੇਵਲ ਪੂਜਾ ਕੇਂਦਰ ਨਹੀਂ ਬਲਕਿ ਸਿਖਲਾਈ ਕੇਂਦਰ ਹੈ ਇੱਥੋਂ ਸਾਨੂੰ ਸਮਝ ਮਿਲਣੀ ਹੈ ਅਸੀਂ ਗੁਰੂ ਸਾਹਿਬ ਜੀ ਕੋਲ ਸਿੱਖਣਾ ਹੈ ਗੁਰੂ ਦੁਆਰੈ ਹੋਇ ਸੋਝੀ ਪਾਏ ਸੀ ਅਸੀਂ ਸਮਝ ਲੈਣੀ ਹੈ ਸੂਝ ਲੈਣੀ ਹੈ ਪਰ ਮਾਫ ਕਰਨਾ ਅਸੀਂ ਸਿੱਖਣ ਵਾਲਾ ਸਮਝਣ ਵਾਲਾ ਪੱਖ ਬਹੁ ਗਿਣਤੀ ਲੋਕਾਂ ਨੇ ਛੱਡ ਦਿੱਤਾ ਅਤੇ ਕੇਵਲ ਮੱਥਾ ਟੇਕਣ ਵਾਲਾ ਪੂਜਾ ਪਾਠ ਵਾਲਾ ਪੱਖ ਸਾਹਮਣੇ ਰੱਖਿਆ ਹੋਇਆ ਹੈ, ਅੱਜ ਬਹੁਗਿਣਤੀ ਦੀ ਸੋਚ ਇਹ ਬਣ ਗਈ ਹੈ। ਨਵਾਂ ਮਹੀਨਾ ਚੜਿਆ ਹੈ ਤੇ ਅਸੀਂ ਗੁਰਦੁਆਰੇ ਜਾਣਾ ਜਾਂ ਐਤਵਾਰ ਵਾਲੇ ਦਿਨ ਗੁਰਦੁਆਰੇ ਜਾਣਾ ਜਾਂ ਨਵਾਂ ਸਾਲ ਆਰੰਭ ਹੋ ਰਿਹਾ ਹੈ ਤੇ ਅਸੀਂ ਗੁਰਦੁਆਰੇ ਜਾਣਾ। ਇਸੇ ਕਰਕੇ ਨਵੇਂ ਸਾਲ ਵਾਲੇ ਦਿਨ ਜਾਂ ਸੰਗਰਾਂਦ ਵਾਲੇ ਦਿਨ ਗੁਰਦੁਆਰਿਆਂ ਵਿੱਚ ਆਮ ਦਿਨਾਂ ਦੇ ਨਾਲੋਂ ਵੱਧ ਸੰਗਤ ਮਿਲਦੀ ਹੈ ਮੁੱਕਦੀ ਗੱਲ ਕਰੀਏ ਅੱਜ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਬਹੁ ਗਿਣਤੀ ਵਿੱਚ ਨਵੇਂ ਸਾਲ ਵਾਲੇ ਸਿੱਖ ਬਣ ਗਏ ਸੰਗਰਾਂਦੀਏ ਸਿੱਖ ਬਣ ਗਏ ਪੁੰਨਿਆਂ ਵਾਲੇ ਸਿੱਖ ਬਣ ਗਏ ਮੱਸਿਆ ਵਾਲੇ ਸਿੱਖ ਬਣ ਗਏ ਗੁਰਪੁਰਬ ਦਿਨ ਦਿਹਾੜੇ ਵਾਲੇ ਸਿੱਖ ਬਣ ਗਏ ਅਸੀਂ ਇਸ ਗੱਲ ਨੂੰ ਸਮਝ ਹੀ ਨਹੀਂ ਸਕੇ ਕਿ ਗੁਰੂ ਘਰ ਵੀ ਇੱਕ ਸਕੂਲ ਹੈ ਇੱਕ ਪਾਠਸ਼ਾਲਾ ਹੈ ਗੁਰੂ ਰਾਮਦਾਸ ਜੀ ਨੇ ਇਸੇ ਕਰਕੇ ਬਚਨ ਕੀਤਾ ਸੀ।

"ਸਤਸੰਗਤ ਸਤਿਗੁਰ ਚਟਸਾਲ ਹੈ ਜਿਤ ਹਰਿ ਗੁਣ ਸਿਖਾ"

ਪਾਠਸ਼ਾਲਾ ਦਾ ਸਕੂਲ ਦਾ ਇੱਕ ਨਿਯਮ ਹੁੰਦਾ ਹੈ ਕਿ ਬੱਚੇ ਨੂੰ ਹਰ ਰੋਜ਼ ਸਕੂਲ ਜਾਣਾ ਪੈਂਦਾ ਇਹ ਨਹੀਂ ਕਿ ਬੱਚਾ ਨਵੇਂ ਸਾਲ ਵਾਲੇ ਦਿਨ ਸਕੂਲ ਚਲੇ ਜਾਵੇ ਜਾਂ ਬੱਚਾ ਸੰਗਰਾਂਦ ਵਾਲੇ ਦਿਨ ਸਕੂਲ ਚਲੇ ਜਾਵੇ ਜਾਂ ਬੱਚਾ ਐਤਵਾਰ ਵਾਲੇ ਦਿਨ ਸਕੂਲ ਚਲੇ ਜਾਵੇ ਜਾਂ ਬੱਚਾ ਕਿਸੇ ਵਿਸ਼ੇਸ਼ ਦਿਨ ਤੇ ਸਕੂਲ ਚਲਾ ਜਾਵੇ !

ਵਿਦਿਆਰਥੀ ਜੇਕਰ ਰੋਜ ਸਕੂਲ ਨਾ ਜਾਵੇ ਤਾਂ ਫਿਰ ਉਸ ਬੱਚੇ ਨੂੰ ਪੜ੍ਹਾਈ ਨਹੀਂ ਆਉਂਦੀ ਉਸ ਬੱਚੇ ਦਾ ਨਾਮ ਵੀ ਸਕੂਲ ਤੋਂ ਕੱਢ ਦਿੱਤਾ ਜਾਂਦਾ ਹੈ।

ਸੋ ਸਾਨੂੰ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਹੁਕਮ ਹੈ

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ਪਾਵਨ ਗ੍ਰੰਥ ਸਾਹਿਬ ਜੀ ਦੀ ਬਾਣੀ ਰੋਜ਼ ਪੜ੍ਹੀ ਹੈ ਸਤਿਗੁਰ ਜੀ ਦਰਸ਼ਨ ਰੋਜ ਕਰਨੇ ਹਨ ਗੁਰੂ ਘਰ ਦੀ ਹਾਜਰੀ ਰੋਜਾਨਾ ਦੀ ਆਪਾਂ ਯਕੀਨੀ ਬਣਾਉਣੀ ਹੈ ਅਤੇ ਹਰ ਰੋਜ਼ ਸਤਿਗੁਰ ਜੀ ਪਾਸੋਂ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕਰਨੀ ਹੈ ਕਿਉਂਕਿ ਅਸੀਂ ਸਿੱਖ ਹਾਂ।

ਧਰਮ ਸਥਾਨਾਂ ਤੇ ਗੁਰਦੁਆਰਿਆਂ ਵਿੱਚ ਇੱਕ ਚੀਜ਼ ਹੋਰ ਵੇਖਣ ਨੂੰ ਮਿਲਦੀ ਹੈ ਦੀਵਾਨ ਚੱਲ ਰਿਹਾ ਹੁੰਦਾ ਕਥਾ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਹੁੰਦਾ ਹੈ ਉਸ ਵੇਲੇ ਕਈ ਸਰੀਰ ਗੁਟਕੇ ਸਾਹਿਬ ਲੈ ਕੇ ਆਪ ਪਾਠ ਕਰ ਰਹੇ ਹੁੰਦੇ ਹਨ !

ਚਲਦੇ ਦੀਵਾਨ ਦੇ ਵਿੱਚ ਅਸੀਂ ਆਪਣਾ ਨਿੱਜੀ ਪਾਠ ਕਰਨ ਲੱਗ ਪੈਂਦੇ ਹਾਂ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਸਾਡਾ ਬੱਚਾ ਸਕੂਲ ਵਿੱਚ ਪੜ੍ਹਦਾ ਇਤਿਹਾਸ ਦਾ ਟੀਚਰ ਕੰਮ ਸਮਝਾ ਰਿਹਾ ਤੇ ਉਸ ਵੇਲੇ ਕੋਈ ਬੱਚਾ ਪੰਜਾਬੀ ਜਾਂ ਇੰਗਲਿਸ਼ ਦੀ ਕਿਤਾਬ ਕੱਢ ਕੇ ਪੜਨ ਲੱਗ ਪਵੇ ਟੀਚਰ ਵੱਲ ਧਿਆਨ ਨਾ ਦੇਵੇ ਤਾਂ ਉਸ ਬੱਚੇ ਨੂੰ ਪੜ੍ਹਾਈ ਨਹੀਂ ਆਵੇਗੀ ਹਾਂ ਜਦੋਂ ਟੀਚਰ ਕਲਾਸ ਵਿੱਚ ਨਹੀਂ ਹੈ ਉਸ ਸਮੇਂ ਬੱਚਾ ਕੋਈ ਵੀ ਸੈਲਫ ਸਟੱਡੀ ਕਰ ਸਕਦਾ ਹੈ ਇਸੇ ਤਰੀਕੇ ਦੇ ਨਾਲ ਜਦੋਂ ਅਸੀਂ ਗੁਰਦੁਆਰਾ ਸਾਹਿਬ ਜਾਂਦੇ ਹਾਂ ਸੰਗਤ ਕਰਦੇ ਹਾਂ ਜੋ ਪ੍ਰਵਾਹ ਉਥੇ ਬਾਣੀ ਦਾ ਚਲ ਰਿਹਾ ਹੈ ਸਾਨੂੰ ਉਸ ਨੂੰ ਸੁਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਸੀਂ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰੀਏ

ਨਾ ਕਿ ਆਪਣਾ ਗੁਟਕਾ ਸਾਹਿਬ ਲੈ ਕੇ ਆਪਾਂ ਪਾਠ ਕਰਨਾ ਸ਼ੁਰੂ ਕਰ ਦੇਈਏ

ਸੋ ਆਓ ਆਪਾਂ ਸਾਰੇ ਗੁਰੂ ਸਾਹਿਬ ਜੀ ਦੇ ਇਸ ਸਿਧਾਂਤ ਨੂੰ ਸਮਝੀਏ ਅਤੇ ਆਪਣੇ ਨਜ਼ਦੀਕੀ ਗੁਰੂ ਘਰ ਵਿਖੇ ਰੋਜ਼ਾਨਾ ਦੀ ਹਾਜ਼ਰੀ ਭਰਨ ਦੀ ਕੋਸ਼ਿਸ਼ ਕਰੀਏ ਹਰ ਰੋਜ ਗੁਰਬਾਣੀ ਦੇ ਨਾਲ ਸਾਂਝ ਪਾਈਏ ਆਪਣੇ ਬੱਚਿਆਂ ਨੂੰ ਗੁਰਬਾਣੀ ਗੁਰ ਇਤਿਹਾਸ ਤੋਂ ਜਾਣੂ ਕਰਾਈਏ ਅਤੇ ਜੋ ਗੁਰਬਾਣੀ ਸਾਨੂੰ ਪਿਆਰ ਬਖਸ਼ਦੀ ਹੈ ਆਪ ਜਪਹੁ ਅਵਰਾ ਨਾਮ ਜਪਾਵੋ ਇਹ ਸਾਡੀ ਸਾਰਿਆਂ ਦੀ ਜਿੰਮੇਵਾਰੀ ਬਣ ਜਾਂਦੀ ਹੈ ਅਸੀਂ ਸਾਰੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਪ੍ਰਚਾਰਕ ਹਾਂ ਸੋ ਗੁਰੂ ਸਾਹਿਬ ਦੀ ਵਿਚਾਰਧਾਰਾ ਘਰ ਘਰ ਪਹੁੰਚ ਸਕੇ ਜਿਸ ਨੂੰ ਭਾਈ ਗੁਰਦਾਸ ਜੀ ਘਰ ਘਰ ਅੰਦਰ ਧਰਮਸ਼ਾਲ ਹੋਵੈ ਕੀਰਤਨ ਸਦਾ ਵਿਸੋਆ ਆਖਦੇ ਹਨ ਤੇ ਸਾਨੂੰ ਗੁਰੂ ਕੀ ਅਸੀਸ ਪ੍ਰਾਪਤ ਹੋਵੇਗੀ ਗੁਰੂ ਸਾਹਿਬ ਦੀ ਖੁਸ਼ੀ ਮਿਲੇਗੀ !

ਆਓ ਅਸੀਂ ਆਪਣੇ ਜੀਵਨ ਦੇ ਵਿੱਚ ਇੱਕ ਨਵੀਂ ਉਰਜਾ ਲੈ ਕੇ ਆਈਏ ਆਪਣੇ ਜੀਵਨ ਵਿੱਚ ਪਰਮਾਤਮਾ ਦੇ ਨਵੇਂ ਗੁਣ ਧਾਰਨ ਕਰਨ ਦੀ ਕੋਸ਼ਿਸ਼ ਕਰੀਏ ਪਰਮਾਤਮਾ ਦੇ ਗੁਣ ਗੁਰੂ ਸਾਹਿਬ ਜੀ ਸਾਨੂੰ ਦੱਸਦੇ ਹਨ ਤੇ ਉਹਦੇ ਵਾਸਤੇ ਫਿਰ ਸਾਨੂੰ ਰੋਜ਼ਾਨਾ ਗੁਰੂ ਸਾਹਿਬ ਜੀ ਦੇ ਕੋਲ ਸਿੱਖਣ ਦੀ ਭਾਵਨਾ ਲੈ ਕੇ ਬੈਠਣਾ ਪਵੇਗਾ



ਕਥਾਵਾਚਕ ਜੈਦੀਪ ਸਿੰਘ ਫਗਵਾੜਾ
+9198883-86233

# ਮਹਿੰਗੇ ਸਪਲੀਮੈਂਟਸ ਨੂੰ ਕਹੋ ਬਾਏ-ਬਾਏ !

## ਥਾਲੀ 'ਚ ਸ਼ਾਮਲ ਕਰੋ ਬਦਾਮ-ਤਿਲ ਸਮੇਤ ਇਹ 5 ਚੀਜ਼ਾਂ

ਅੱਜਕੱਲ੍ਹ ਦੀ ਭੱਜਦੌੜ ਭਰੀ, ਤਣਾਅਪੂਰਨ ਅਤੇ ਵਿਅਸਤ ਜ਼ਿੰਦਗੀ 'ਚ ਅਸੀਂ ਅਕਸਰ ਆਪਣੇ ਖਾਣ-ਪੀਣ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਨਤੀਜਾ ਇਹ ਹੁੰਦਾ ਹੈ ਕਿ ਘੱਟ ਉਮਰ 'ਚ ਹੀ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ। ਵਧਦੀ ਉਮਰ ਅਤੇ ਖਰਾਬ ਲਾਈਫਸਟਾਈਲ ਕਾਰਨ ਹੱਡੀਆਂ ਦਾ ਕਮਜ਼ੋਰ ਹੋਣਾ ਹੁਣ ਇਕ ਆਮ ਸਮੱਸਿਆ ਬਣ ਗਈ ਹੈ। ਖ਼ਾਸ ਤੌਰ 'ਤੇ ਔਰਤਾਂ 'ਚ ਕੈਲਸ਼ੀਅਮ ਦੀ ਕਮੀ ਬਹੁਤ ਜਲਦੀ ਦੇਖਣ ਨੂੰ ਮਿਲਦੀ ਹੈ। ਹਾਲਾਂਕਿ, ਘਬਰਾਉਣ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਆਪਣੀ ਡੇਲੀ ਡਾਈਟ 'ਚ ਕੁਝ ਆਸਾਨ ਅਤੇ ਹੈਲਦੀ ਬਦਲਾਅ ਕਰ ਲਓ ਤਾਂ ਆਪਣੀਆਂ ਹੱਡੀਆਂ ਨੂੰ ਲੰਬੇ ਸਮੇਂ ਤੱਕ ਫੌਲਾਦ ਵਾਂਗ ਮਜ਼ਬੂਤ ਰੱਖ ਸਕਦੇ ਹੋ। ਆਓ ਜਾਣਦੇ ਹਾਂ ਕੈਲਸ਼ੀਅਮ ਦੀ ਕਮੀ ਨੂੰ ਪੂਰਾ ਕਰਨ ਦੇ ਕੁਝ ਬੇਹੱਦ ਆਸਾਨ ਤਰੀਕੇ।

### ਬਦਾਮ

ਬਦਾਮ ਹੱਡੀਆਂ ਲਈ ਪਾਵਰਹਾਊਸ ਵਾਂਗ ਕੰਮ ਕਰਦਾ ਹੈ। ਇਸ 'ਚ ਕੈਲਸ਼ੀਅਮ, ਪ੍ਰੋਟੀਨ, ਫਾਸਫੋਰਸ, ਹੈਲਦੀ ਫੈਟ ਅਤੇ ਮੈਗਨੀਸ਼ੀਅਮ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਸਭ ਤੋਂ ਖ਼ਾਸ ਗੱਲ ਇਹ ਹੈ ਕਿ ਬਦਾਮ 'ਚ ਮੌਜੂਦ ਮੈਗਨੀਸ਼ੀਅਮ ਸਰੀਰ 'ਚ ਕੈਲਸ਼ੀਅਮ ਨੂੰ ਸਹੀ ਤਰੀਕੇ ਨਾਲ ਸੋਖਣ 'ਚ ਵੱਡੀ ਮਦਦ ਕਰਦਾ ਹੈ।

**ਖਾਣ ਦਾ ਸਹੀ ਤਰੀਕਾ:** ਰਾਤ ਨੂੰ 5-7 ਬਦਾਮ ਪਾਣੀ 'ਚ ਭਿਓਂ ਦਿਓ ਅਤੇ ਸਵੇਰੇ ਛਿੱਲ ਕੇ ਖਾਓ।

**ਫਾਇਦਾ:** ਇਸ ਨੂੰ ਰੋਜ਼ ਖਾਣ ਨਾਲ ਸਰੀਰ ਨੂੰ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੋਵੇਂ ਮਿਲਦੇ ਹਨ, ਜੋ ਹੱਡੀਆਂ ਦੀ ਕਮਜ਼ੋਰੀ, ਜੋੜਾਂ ਦੇ ਦਰਦ ਅਤੇ ਦਿਨ ਭਰ ਦੀ ਥਕਾਵਟ ਨੂੰ ਘਟਾਉਣ 'ਚ ਸਹਾਇਕ ਹਨ।

### ਡਾਈਟ 'ਚ ਸ਼ਾਮਲ ਕਰੋ ਕੈਲਸ਼ੀਅਮ ਦੇ ਇਹ 5 ਬਿਹਤਰੀਨ ਸਰੋਤ

ਬਦਾਮ ਤੋਂ ਇਲਾਵਾ ਵੀ ਸਾਡੀ ਰਸੋਈ 'ਚ ਅਜਿਹੇ ਕਈ ਵਿਕਲਪ ਮੌਜੂਦ ਹਨ, ਜੋ ਕੈਲਸ਼ੀਅਮ ਦੀ ਕਮੀ ਨੂੰ ਆਸਾਨੀ ਨਾਲ ਪੂਰਾ ਕਰਨ 'ਚ ਮਦਦ ਕਰ ਸਕਦੇ ਹਨ:

**ਦੁੱਧ ਅਤੇ ਦਹੀਂ ਦਾ ਨਿਯਮਿਤ ਸੇਵਨ:** ਕੈਲਸ਼ੀਅਮ ਦੀ ਗੱਲ ਹੋਵੇ ਤਾਂ ਦੁੱਧ, ਦਹੀਂ ਅਤੇ ਲੱਸੀ ਨੂੰ ਸਭ ਤੋਂ ਵਧੀਆ ਸਰੋਤ ਮੰਨਿਆ ਜਾਂਦਾ ਹੈ। ਰੋਜ਼ਾਨਾ ਆਪਣੀ ਡਾਈਟ 'ਚ ਘੱਟੋ-ਘੱਟ ਇੱਕ ਗਲਾਸ ਦੁੱਧ ਜਾਂ ਇੱਕ ਕਟੋਰੀ ਦਹੀਂ ਜ਼ਰੂਰ ਸ਼ਾਮਲ ਕਰੋ।

**ਤਿਲ ਦਾ ਕਮਾਲ:** ਛੋਟੇ ਜਿਹੇ ਦਿਖਾਈ ਦੇਣ ਵਾਲੇ ਤਿਲ ਕੈਲਸ਼ੀਅਮ ਦਾ ਖਜ਼ਾਨਾ ਹਨ। ਤੁਸੀਂ ਇਨ੍ਹਾਂ ਨੂੰ ਤਿਲ ਦੇ ਲੱਡੂ, ਚਟਨੀ ਦੇ ਰੂਪ 'ਚ ਜਾਂ ਫਿਰ ਆਪਣੇ ਸਲਾਦ ਦੇ ਉੱਪਰ ਪਾ ਕੇ ਵੀ ਖਾ ਸਕਦੇ ਹੋ।

**ਹਰੀਆਂ ਪੱਤੇਦਾਰ ਸਬਜ਼ੀਆਂ:** ਪਾਲਕ, ਮੇਥੀ ਅਤੇ ਸਰ੍ਹੋਂ ਦਾ ਸਾਗ ਵਰਗੀਆਂ ਹਰੀਆਂ ਸਬਜ਼ੀਆਂ 'ਚ ਵੀ ਕੈਲਸ਼ੀਅਮ ਦੀ ਚੰਗੀ-ਖਾਸੀ ਮਾਤਰਾ ਹੁੰਦੀ ਹੈ। ਇਨ੍ਹਾਂ ਨੂੰ ਆਪਣੀ ਥਾਲੀ ਦਾ ਹਿੱਸਾ ਜ਼ਰੂਰ ਬਣਾਓ।

**ਰਾਗੀ:** ਜੇਕਰ ਤੁਸੀਂ ਕੈਲਸ਼ੀਅਮ ਦਾ ਇੱਕ ਸਸਤਾ ਅਤੇ ਬੇਹੱਦ ਪ੍ਰਭਾਵਸ਼ਾਲੀ ਸਰੋਤ ਲੱਭ ਰਹੇ ਹੋ ਤਾਂ ਰਾਗੀ ਤੋਂ ਵਧੀਆ ਕੁਝ ਨਹੀਂ। ਤੁਸੀਂ ਆਪਣੀ ਡਾਈਟ 'ਚ ਰਾਗੀ ਦੀ ਰੋਟੀ ਜਾਂ ਇਸ ਦਾ ਦਲੀਆ ਸ਼ਾਮਲ ਕਰ ਸਕਦੇ ਹੋ।

**ਗੁੜ ਅਤੇ ਭੁੰਨਿਆ ਚਣਾ:** ਸਵਾਦ ਦੇ ਨਾਲ ਸਿਹਤ ਦਾ ਬਿਹਤਰੀਨ ਕੰਬੋ। ਗੁੜ ਅਤੇ ਭੁੰਨੇ ਚਣੇ ਨੂੰ ਇਕੱਠੇ ਖਾਣ ਨਾਲ ਸਰੀਰ ਨੂੰ ਕੈਲਸ਼ੀਅਮ ਦੇ ਨਾਲ-ਨਾਲ ਆਇਰਨ ਵੀ ਮਿਲਦਾ ਹੈ, ਜੋ ਬੋਨ ਹੈਲਥ ਲਈ ਬਹੁਤ ਫਾਇਦੇਮੰਦ ਹੈ।

### ਧੁੱਪ ਅਤੇ ਐਕਸਰਸਾਈਜ਼ ਵੀ ਹਨ ਜ਼ਰੂਰੀ

ਸਿਰਫ਼ ਕੈਲਸ਼ੀਅਮ ਨਾਲ ਭਰਪੂਰ ਚੀਜ਼ਾਂ ਖਾਣਾ ਹੀ ਕਾਫ਼ੀ ਨਹੀਂ ਹੈ। ਸਰੀਰ ਨੂੰ ਇਸ ਨੂੰ ਸੋਖਣ ਲਈ ਵਿਟਾਮਿਨ-ਡੀ ਦੀ ਵੀ ਸਖ਼ਤ ਲੋੜ ਹੁੰਦੀ ਹੈ। ਇਸ ਲਈ ਰੋਜ਼ਾਨਾ ਘੱਟੋ-ਘੱਟ 15-20 ਮਿੰਟ ਧੁੱਪ 'ਚ ਜ਼ਰੂਰ ਬੈਠੋ। ਇਸ ਦੇ ਨਾਲ ਹੀ ਹੱਡੀਆਂ ਨੂੰ ਲੰਬੇ ਸਮੇਂ ਤੱਕ ਮਜ਼ਬੂਤ ਬਣਾਈ ਰੱਖਣ ਲਈ ਆਪਣੀ ਦਿਨਚਰਿਆ 'ਚ ਰੋਜ਼ਾਨਾ ਹਲਕੀ ਐਕਸਰਸਾਈਜ਼ ਜਾਂ ਵਾਕ ਜ਼ਰੂਰ ਸ਼ਾਮਲ ਕਰੋ।

### ਹਮੇਸ਼ਾ ਯਾਦ ਰੱਖੋ ਇਹ 3 ਜ਼ਰੂਰੀ ਟਿਪਸ

ਨਮਕ ਅਤੇ ਕੈਫੀਨ ਘੱਟ ਕਰੋ: ਬਹੁਤ ਜ਼ਿਆਦਾ ਨਮਕ ਅਤੇ ਵੱਧ ਚਾਹ ਜਾਂ ਕੌਫੀ ਦਾ ਸੇਵਨ ਸਰੀਰ 'ਚ ਕੈਲਸ਼ੀਅਮ ਦੀ ਕਮੀ ਨੂੰ ਹੋਰ ਵਧਾ ਸਕਦਾ ਹੈ, ਇਸ ਲਈ ਇਨ੍ਹਾਂ ਤੋਂ ਬਚੋ।

30 ਤੋਂ ਬਾਅਦ ਵਰਤੋ ਖ਼ਾਸ ਸਾਵਧਾਨੀ: 30 ਸਾਲ ਦੀ ਉਮਰ ਪਾਰ ਕਰਨ ਤੋਂ ਬਾਅਦ ਆਪਣੇ ਕੈਲਸ਼ੀਅਮ ਇਨਟੇਕ 'ਤੇ ਵਿਸ਼ੇਸ਼ ਧਿਆਨ ਦਿਓ। ਔਰਤਾਂ ਦੇ ਸਰੀਰ ਨੂੰ ਕੈਲਸ਼ੀਅਮ ਦੀ ਜ਼ਿਆਦਾ ਲੋੜ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਇਸ 'ਤੇ ਖ਼ਾਸ ਫੋਕਸ ਕਰਨਾ ਚਾਹੀਦਾ ਹੈ।

# ਅਕਸਰ ਸਰੀਰ ਲੱਗਦੈ ਭਾਰੀ?

## ਨਜ਼ਰਅੰਦਾਜ਼ ਨਾ ਕਰਿਓ ਮਾਨਸਿਕ ਥਕਾਵਟ ਦੇ ਇਹ ਸ਼ੁਰੂਆਤੀ ਸੰਕੇਤ

ਕਈ ਵਾਰ ਸਵੇਰੇ ਉੱਠਣ ਤੋਂ ਬਾਅਦ ਵੀ ਮਨ ਕੰਮ ਕਰਨ ਨੂੰ ਨਹੀਂ ਕਰਦਾ। ਜ਼ਰੂਰੀ ਕੰਮ ਸ਼ੁਰੂ ਕਰਨ 'ਚ ਪਰੇਸ਼ਾਨੀ ਹੁੰਦੀ ਹੈ, ਛੋਟੀਆਂ-ਛੋਟੀਆਂ ਗੱਲਾਂ 'ਤੇ ਚਿੜਚਿੜਾਪਣ ਹੋਣ ਲੱਗਦਾ ਹੈ ਅਤੇ ਲਗਾਤਾਰ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਦਿਮਾਗ ਥੱਕ ਗਿਆ ਹੋਵੇ।

ਅਜਿਹੇ 'ਚ ਅਸੀਂ ਅਕਸਰ ਖੁਦ ਨੂੰ 'ਆਲਸੀ' ਕਹਿ ਦਿੰਦੇ ਹਾਂ, ਪਰ ਹਰ ਵਾਰ ਕੰਮ ਕਰਨ ਨੂੰ ਮਨ ਨਾ ਕਰਨਾ ਆਲਸ ਨਹੀਂ ਹੁੰਦਾ। ਕਈ ਵਾਰ ਇਸ ਦੇ ਪਿੱਛੇ ਨੀਂਦ ਦੀ ਕਮੀ, ਲਗਾਤਾਰ ਤਣਾਅ, ਬਹੁਤ ਜ਼ਿਆਦਾ ਸਕ੍ਰੀਨ ਟਾਈਮ, ਅਨਿਯਮਿਤ ਦਿਨਚਰਿਆ ਜਾਂ ਮਾਨਸਿਕ ਥਕਾਵਟ ਵਰਗੇ ਕਾਰਨ ਹੋ ਸਕਦੇ ਹਨ।

ਮਾਨਸਿਕ ਥਕਾਵਟ ਨੂੰ ਸਮਝਣ ਦਾ ਮਤਲਬ ਖੁਦ ਕਿਸੇ ਬਿਮਾਰੀ ਦਾ ਨਿਦਾਨ ਕਰਨਾ ਨਹੀਂ ਹੈ, ਸਗੋਂ ਇਸ ਦਾ ਮਤਲਬ ਆਪਣੇ ਸਰੀਰ ਅਤੇ ਦਿਨਚਰਿਆ ਦੇ ਸੰਕੇਤਾਂ 'ਤੇ ਧਿਆਨ ਦੇਣਾ ਅਤੇ ਇਹ ਦੇਖਣਾ ਹੈ ਕਿ ਕੀ ਕੁਝ ਆਦਤਾਂ 'ਚ ਬਦਲਾਅ ਦੀ ਲੋੜ ਹੈ। ਸਰੀਰ 'ਚ ਦਿਖਾਈ ਦੇਣ ਵਾਲੇ ਕੁਝ ਸੰਕੇਤ ਦੱਸਦੇ ਹਨ ਕਿ ਤੁਹਾਨੂੰ ਸਿਰਫ਼ ਆਰਾਮ ਨਹੀਂ, ਸਗੋਂ ਆਪਣੇ ਰੁਟੀਨ 'ਚ ਬਦਲਾਅ ਕਰਨ ਦੀ ਲੋੜ ਹੈ।

ਜੇ ਫੋਕਸ ਕਰਨ 'ਚ ਪਰੇਸ਼ਾਨੀ ਮਹਿਸੂਸ ਕਰ ਰਹੇ ਹੋ, ਰੋਜ਼ਾਨਾ ਦੇ ਕੰਮ ਵੀ ਭਾਰੀ ਲੱਗ ਰਹੇ ਹਨ, ਛੋਟੀਆਂ ਗੱਲਾਂ 'ਤੇ ਚਿੜਚਿੜਾਪਣ ਵੱਧ ਗਿਆ ਹੈ, ਨੀਂਦ ਦੇ ਬਾਵਜੂਦ ਤਰੋਤਾਜ਼ਾ ਮਹਿਸੂਸ ਨਹੀਂ ਕਰਦੇ ਜਾਂ ਲਗਾਤਾਰ ਸਕ੍ਰੀਨ ਅਤੇ ਸੋਸ਼ਲ ਮੀਡੀਆ ਤੋਂ ਬਾਅਦ ਮਾਨਸਿਕ ਤੌਰ 'ਤੇ ਥੱਕਿਆ ਹੋਇਆ ਮਹਿਸੂਸ ਕਰਦੇ ਹੋ ਤਾਂ ਆਪਣੀ ਰੁਟੀਨ 'ਤੇ ਇੱਕ ਨਜ਼ਰ ਮਾਰਨਾ ਜ਼ਰੂਰੀ ਹੈ।

### ਨੀਂਦ ਨਾਲ ਸਮਝੌਤਾ ਕਰਨਾ ਬੰਦ ਕਰੋ

ਫਿਜ਼ੀਕਲ ਅਤੇ ਮਾਨਸਿਕ ਊਰਜਾ ਲਈ ਪੂਰੀ ਨੀਂਦ ਲੈਣਾ ਜ਼ਰੂਰੀ ਹੈ। ਦੇਰ ਰਾਤ ਤੱਕ ਫੋਨ ਚਲਾਉਣਾ ਅਤੇ ਸਵੇਰੇ ਜਲਦੀ ਉੱਠਣਾ ਲੰਬੇ ਸਮੇਂ 'ਚ ਤੁਹਾਡੀ ਰੁਟੀਨ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਲਈ ਰੋਜ਼ ਲਗਭਗ ਇੱਕੋ ਸਮੇਂ 'ਤੇ ਸੌਣ ਅਤੇ ਉੱਠਣ ਦੀ ਕੋਸ਼ਿਸ਼ ਕਰੋ। ਸੌਣ ਤੋਂ ਘੱਟੋ-ਘੱਟ ਕੁਝ ਸਮਾਂ ਪਹਿਲਾਂ ਸਕ੍ਰੀਨ ਅਤੇ ਕੰਮ ਤੋਂ ਦੂਰੀ ਬਣਾਓ।

### ਸਰੀਰ ਨੂੰ ਐਕਟਿਵ ਰੱਖੋ

ਲਗਾਤਾਰ ਬੈਠੇ ਰਹਿਣ ਦੀ ਆਦਤ ਵੀ ਸਰੀਰਕ ਅਤੇ ਮਾਨਸਿਕ ਥਕਾਵਟ ਦਾ ਕਾਰਨ ਬਣ ਸਕਦੀ ਹੈ। ਖੁਦ ਨੂੰ ਫਿਜ਼ੀਕਲੀ ਐਕਟਿਵ ਰੱਖਣ ਲਈ ਤੁਹਾਨੂੰ ਹਰ ਵਾਰ ਜਿਮ ਜਾਣ ਦੀ ਲੋੜ ਨਹੀਂ ਹੈ। ਹਰ 45-60 ਮਿੰਟ 'ਚ ਕੁਝ ਮਿੰਟਾਂ ਲਈ ਉੱਠ ਕੇ ਚੱਲੋ। ਫੋਨ ਕਾਲ ਦੌਰਾਨ ਚੱਲੋ, ਪੌੜੀਆਂ ਦੀ ਵਰਤੋਂ ਕਰੋ ਅਤੇ ਖਾਣਾ ਖਾਣ ਤੋਂ ਬਾਅਦ ਥੋੜ੍ਹੀ ਦੇਰ ਸੈਰ ਕਰੋ। ਰੋਜ਼ਾਨਾ ਦੀਆਂ ਛੋਟੀਆਂ-ਛੋਟੀਆਂ ਐਕਟਿਵਿਟੀਜ਼ ਵੀ ਫਿਜ਼ੀਕਲੀ ਐਕਟਿਵ ਰਹਿਣ 'ਚ ਮਦਦਗਾਰ ਸਾਬਤ ਹੋ ਸਕਦੀਆਂ ਹਨ।

### ਦਿਮਾਗ ਨੂੰ ਸਕ੍ਰੀਨ ਤੋਂ ਬ੍ਰੇਕ ਦਿਓ

ਕੰਮ ਖ਼ਤਮ ਹੋਣ ਤੋਂ ਬਾਅਦ ਵੀ ਜੇਕਰ ਅਸੀਂ ਸੋਸ਼ਲ ਮੀਡੀਆ, ਵੀਡੀਓ ਅਤੇ ਮੈਸੇਜਿੰਗ 'ਚ ਰੁੱਝੇ ਰਹਿੰਦੇ ਹਾਂ ਤਾਂ ਦਿਮਾਗ ਨੂੰ ਆਰਾਮ



ਦਾ ਸਮਾਂ ਘੱਟ ਮਿਲਦਾ ਹੈ। ਇਸ ਲਈ ਦਿਨ 'ਚ ਘੱਟੋ-ਘੱਟ 20-30 ਮਿੰਟ ਦਾ ਨੋ-ਸਕ੍ਰੀਨ ਬ੍ਰੇਕ ਰੱਖੋ। ਇਸ ਦੌਰਾਨ ਸੈਰ ਕਰੋ, ਪਰਿਵਾਰ ਨਾਲ ਗੱਲ ਕਰੋ, ਕਿਤਾਬ ਪੜ੍ਹੋ ਜਾਂ ਕੁਝ ਦੇਰ ਸ਼ਾਂਤ ਬੈਠੋ। ਖ਼ਾਸ ਤੌਰ 'ਤੇ ਸੌਣ ਤੋਂ ਪਹਿਲਾਂ ਸਕ੍ਰੀਨ ਦੀ ਵਰਤੋਂ ਘੱਟ ਕਰਨਾ ਫਾਇਦੇਮੰਦ ਹੋ ਸਕਦਾ ਹੈ।

### ਮਲਟੀ-ਟਾਸਕਿੰਗ ਕਰਨ ਦੀ ਕੋਸ਼ਿਸ਼ ਨਾ ਕਰੋ

ਇੱਕੋ ਸਮੇਂ ਕਈ ਕੰਮ ਕਰਨ ਦੀ ਆਦਤ ਸਾਨੂੰ ਜ਼ਿਆਦਾ ਪ੍ਰੋਡਕਟਿਵ ਮਹਿਸੂਸ ਕਰਵਾ ਸਕਦੀ ਹੈ, ਪਰ ਲਗਾਤਾਰ ਟਾਸਕ ਸਵਿੱਚ ਕਰਨਾ ਮਾਨਸਿਕ ਤੌਰ 'ਤੇ ਥਕਾਉਣ ਵਾਲਾ ਹੋ ਸਕਦਾ ਹੈ। ਇਸ ਲਈ ਇੱਕ ਸਮੇਂ 'ਤੇ ਸਿਰਫ਼ ਇੱਕ ਹੀ ਕੰਮ 'ਤੇ ਧਿਆਨ ਦਿਓ। ਵੱਡੇ ਕੰਮ ਨੂੰ ਛੋਟੇ ਹਿੱਸਿਆਂ 'ਚ ਵੰਡੋ ਅਤੇ ਵਿਚਕਾਰ ਛੋਟੇ ਬ੍ਰੇਕ ਲਓ। ਆਪਣੇ ਦਿਨ ਦੇ ਸਿਰਫ਼ ਤਿੰਨ ਜ਼ਰੂਰੀ ਕੰਮ ਤੈਅ ਕਰਨਾ ਵੀ ਮਾਨਸਿਕ ਉਲਝਣ ਘੱਟ ਕਰਨ ਦਾ ਆਸਾਨ ਤਰੀਕਾ ਹੋ ਸਕਦਾ ਹੈ।

### ਸਿਰਫ਼ ਪੇਟ ਭਰਨ ਲਈ ਨਾ ਖਾਓ

ਜਦੋਂ ਅਸੀਂ ਬਿਜ਼ੀ ਹੁੰਦੇ ਹਾਂ ਤਾਂ ਖਾਣਾ ਛੱਡਣਾ, ਬਹੁਤ ਦੇਰ ਨਾਲ ਖਾਣਾ ਜਾਂ ਲਗਾਤਾਰ ਪ੍ਰੋਸੈਸਡ ਫੂਡਜ਼ 'ਤੇ ਨਿਰਭਰ ਰਹਿਣਾ ਆਸਾਨ ਹੋ ਜਾਂਦਾ ਹੈ। ਇਹ ਸਿਹਤ ਲਈ ਨੁਕਸਾਨਦੇਹ ਹੈ। ਇਸ ਦੀ ਬਜਾਏ ਆਪਣੀ ਡਾਈਟ 'ਚ ਦਾਲਾਂ, ਸਬਜ਼ੀਆਂ, ਫਲ, ਸਾਬਤ ਅਨਾਜ, ਪ੍ਰੋਟੀਨ ਅਤੇ ਹੋਰ ਪੌਸ਼ਟਿਕ ਚੀਜ਼ਾਂ ਸ਼ਾਮਲ ਕਰਨ ਦੀ ਕੋਸ਼ਿਸ਼ ਕਰੋ। ਇਸ ਦੇ ਨਾਲ ਹੀ ਹਾਈਡ੍ਰੇਸ਼ਨ 'ਤੇ ਧਿਆਨ ਦੇਣਾ ਨਾ ਭੁੱਲੋ।

### ਦਿਨ 'ਚ ਕੁਝ ਮਿੰਟ ਸਾਹ 'ਤੇ ਧਿਆਨ ਦਿਓ

ਜਦੋਂ ਅਸੀਂ ਤਣਾਅ 'ਚ ਹੁੰਦੇ ਹਾਂ ਤਾਂ ਕਈ ਵਾਰ ਸਾਡਾ ਸਾਹ ਵੀ ਤੇਜ਼ ਜਾਂ ਉੱਪਰ-ਉੱਪਰ ਹੋ ਸਕਦਾ ਹੈ। ਅਜਿਹੇ 'ਚ ਕੁਝ ਮਿੰਟ ਸ਼ਾਂਤ ਹੋ ਕੇ ਸਾਹ 'ਤੇ ਧਿਆਨ ਦੇਣਾ ਦਿਨ ਦੇ ਵਿਚਕਾਰ ਇੱਕ ਛੋਟਾ ਜਿਹਾ ਬ੍ਰੇਕ ਦੇ ਸਕਦਾ ਹੈ। ਇਸ ਲਈ ਆਰਾਮ ਨਾਲ ਬੈਠੋ, ਮੋਢਿਆਂ ਨੂੰ ਢਿੱਲਾ ਛੱਡੋ ਅਤੇ ਬਿਨਾਂ ਸਾਹ ਨੂੰ ਜ਼ਬਰਦਸਤੀ ਡੂੰਘਾ ਕੀਤੇ ਹੌਲੀ-ਹੌਲੀ ਸਾਹ ਲਓ ਅਤੇ ਆਰਾਮ ਨਾਲ ਛੱਡੋ। ਇਸ ਨੂੰ 2-5 ਮਿੰਟ ਤੱਕ ਕਰੋ। ਜੇ ਚੱਕਰ, ਬੇਚੈਨੀ ਜਾਂ ਪਰੇਸ਼ਾਨੀ ਮਹਿਸੂਸ ਹੋਵੇ ਤਾਂ ਪ੍ਰੈਕਟਿਸ ਰੋਕ ਦਿਓ ਅਤੇ ਆਮ ਤਰੀਕੇ ਨਾਲ ਸਾਹ ਲਓ।

### ਹਰ ਦਿਨ ਥੋੜ੍ਹਾ ਸਮਾਂ ਆਪਣੇ ਲਈ ਕੱਢੋ

ਸਾਡਾ ਦਿਨ ਅਕਸਰ ਚਾਰ ਦੀਵਾਰਾਂ ਅਤੇ ਸਕ੍ਰੀਨ ਦੇ ਵਿਚਕਾਰ ਲੰਘਦਾ ਹੈ, ਪਰ ਕੁਝ ਦੇਰ ਬਾਹਰ ਨਿਕਲਣਾ, ਦਰੱਖਤਾਂ ਦੇ ਵਿਚਕਾਰ ਚੱਲਣਾ ਜਾਂ ਖੁੱਲ੍ਹੇ ਵਾਤਾਵਰਣ 'ਚ ਬੈਠਣਾ ਮਾਨਸਿਕ ਥਕਾਵਟ ਦੂਰ ਕਰਨ ਦਾ ਆਸਾਨ ਤਰੀਕਾ ਹੈ। ਇਸ ਲਈ ਰੋਜ਼ 10-20 ਮਿੰਟ ਕਿਸੇ ਪਾਰਕ, ਗਾਰਡਨ ਜਾਂ ਖੁੱਲ੍ਹੀ ਥਾਂ 'ਤੇ ਬਿਨਾਂ ਫੋਨ ਦੇ ਚੱਲਣ ਦੀ ਕੋਸ਼ਿਸ਼ ਕਰੋ। ਇਸ ਨੂੰ ਐਕਸਰਸਾਈਜ਼ ਦਾ ਟਾਰਗੇਟ ਨਾ ਬਣਾਓ। ਇਹ ਤੁਹਾਡੇ ਦਿਮਾਗ ਲਈ ਇੱਕ ਰੀਸੈੱਟ ਬ੍ਰੇਕ ਵਰਗਾ ਹੋਣਾ ਚਾਹੀਦਾ ਹੈ।

### 20 ਮਿੰਟ ਦੀ ਆਸਾਨ ਮਾਨਸਿਕ ਤੰਦਰੁਸਤੀ ਰੁਟੀਨ

ਜੇਕਰ ਸ਼ੁਰੂਆਤ ਕਰਨਾ ਮੁਸ਼ਕਲ ਲੱਗ ਰਿਹਾ ਹੈ ਤਾਂ ਇੱਕ ਆਸਾਨ ਰੁਟੀਨ ਅਪਣਾਓ-

5 ਮਿੰਟ – ਸ਼ਾਂਤ ਹੋ ਕੇ ਸਾਹ 'ਤੇ ਧਿਆਨ ਦਿਓ।
10 ਮਿੰਟ – ਬਾਹਰ ਸੈਰ ਕਰੋ, ਹੋ ਸਕੇ ਤਾਂ ਕੁਦਰਤ ਦੇ ਵਿਚਕਾਰ।
5 ਮਿੰਟ – ਫੋਨ ਤੋਂ ਦੂਰ ਬੈਠ ਕੇ ਆਪਣੇ ਦਿਨ ਦੀ ਪ੍ਰਾਇਓਰਿਟੀ ਤੈਅ ਕਰੋ।

ਇਸ ਛੋਟੀ ਰੁਟੀਨ ਦਾ ਮਕਸਦ ਕਿਸੇ ਬਿਮਾਰੀ ਦਾ ਇਲਾਜ ਕਰਨਾ ਨਹੀਂ ਹੈ।

ਕਦੋਂ ਇਸ ਨੂੰ ਸਿਰਫ਼ ਥਕਾਵਟ ਸਮਝ ਕੇ ਨਜ਼ਰਅੰਦਾਜ਼ ਨਾ ਕਰੋ?

ਜੇਕਰ ਥਕਾਵਟ ਲੰਬੇ ਸਮੇਂ ਤੱਕ ਬਣੀ ਰਹੇ, ਰੋਜ਼ਾਨਾ ਦੇ ਕੰਮ ਪ੍ਰਭਾਵਿਤ ਹੋਣ ਲੱਗਣ, ਨੀਂਦ ਜਾਂ ਭੁੱਖ 'ਚ ਲਗਾਤਾਰ ਬਦਲਾਅ ਆਉਣ, ਲਗਾਤਾਰ ਉਦਾਸੀ ਜਾਂ ਬੇਚੈਨੀ ਮਹਿਸੂਸ ਹੋਵੇ ਜਾਂ ਵਿਅਕਤੀ ਨੂੰ ਆਪਣੀ ਆਮ ਜ਼ਿੰਦਗੀ ਸੰਭਾਲਣ 'ਚ ਪਰੇਸ਼ਾਨੀ ਮਹਿਸੂਸ ਹੋਵੇ ਤਾਂ ਡਾਕਟਰ ਨਾਲ ਸਲਾਹ ਲੈਣਾ ਜ਼ਰੂਰੀ ਹੈ।

ਗੁਰੂ ਮਾਂ ਯੋਗਿਤਾ ਖੱਤਰੀ













# ਰਾਸ਼ੀਫਲ



**ਮੇਸ਼ :** ਅੱਜ ਤੁਸੀਂ ਭਾਵੁਕ ਅਤੇ ਨਿਰਾਸ਼ ਮਹਿਸੂਸ ਕਰੋਗੇ। ਤੁਸੀਂ ਆਪਣੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਕੋਸ਼ਿਸ਼ਾਂ ਕਰੋਗੇ। ਤੁਸੀਂ ਵਚਨਬੱਧਤਾ ਨੂੰ ਭਵਿੱਖ ਲਈ ਸੁਰੱਖਿਆ ਦੇ ਰੂਪ ਵਿੱਚ ਦੇਖਦੇ ਹੋ। ਇਸ ਦੇ ਨਤੀਜੇ ਵਜੋਂ, ਤੁਸੀਂ ਮਜ਼ਬੂਤ, ਲੰਬੇ ਸਮੇਂ ਤੱਕ ਚੱਲਣ ਵਾਲੇ ਰਿਸ਼ਤੇ ਵਿਕਸਿਤ ਕਰੋਗੇ।

**ਵ੍ਰਿਸ਼ਭ :** ਚੀਜ਼ਾਂ ਬਹੁਤ ਮੁਸ਼ਕਿਲ ਅਤੇ ਗੁੰਝਲਦਾਰ ਬਣਨਗੀਆਂ। ਅੱਜ ਅਸਫਲਤਾ ਅਤੇ ਚੁਣੌਤੀਆਂ ਲਈ ਤਿਆਰ ਰਹੋ। ਭਾਵੇਂ ਸਮੱਸਿਆ ਕਿੰਨੀ ਹੀ ਵੱਡੀ ਕਿਉਂ ਨਾ ਹੋਵੇ, ਤੁਹਾਡੀ ਕਾਬਲੀਅਤ, ਤੁਹਾਡੀ ਸਾਧਨ-ਸੰਪਨਤਾ ਨਾਲ ਤੁਸੀਂ ਇਸ 'ਤੇ ਜਿੱਤ ਹਾਸਲ ਕਰ ਪਾਓਗੇ। ਕੇਂਦਰਿਤ ਅਤੇ ਸੁਚੇਤ ਰਹਿਣ ਦੀ ਕੋਸ਼ਿਸ਼ ਕਰੋ। ਸਾਵਧਾਨ ਅਤੇ ਚੌਕਸ ਰਹੋ। ਸਾਵਧਾਨੀ ਅਤੇ ਸੂਝ ਨਾਲ ਪੇਸ਼ ਆਓ। ਤੁਹਾਨੂੰ ਕੇਵਲ ਇਸ ਦੀ ਲੋੜ ਹੈ। ਕੋਈ ਸੰਕਟ ਜਾਂ ਦੁਵਿਧਾ ਤੁਹਾਨੂੰ ਰੋਕ ਨਹੀਂ ਸਕੇਗੀ। ਤੁਸੀਂ ਅਪਾਰ ਸਫਲਤਾ ਹਾਸਿਲ ਕਰੋਗੇ।

**ਮਿਥੁਨ :** ਤੁਸੀਂ ਅੱਜ ਬੀਤੇ ਸਮੇਂ ਦੀਆਂ ਯਾਦਾਂ ਵਿੱਚ ਖੋ ਜਾਓਗੇ। ਤੁਸੀਂ ਉਦਾਸੀਨ ਮੂਡ ਵਿੱਚ ਰਹੋਗੇ। ਬੌਧਿਕ ਕੰਮ ਤੁਹਾਨੂੰ ਆਕਰਸ਼ਿਤ ਕਰਨਗੇ। ਬੀਤੇ ਸਮੇਂ ਦੀ ਪਛਾਣੀ ਤੁਹਾਡੇ ਮੌਜੂਦਾ ਅਤੇ ਆਉਣ ਵਾਲੇ ਸਮੇਂ 'ਤੇ ਨਾ ਪੈਣ ਦਿਓ।

**ਕਰਕ :** ਅੱਜ ਦੇ ਦਿਨ ਤੁਸੀਂ ਆਪਣੇ ਕੰਮ ਨੂੰ ਪ੍ਰਸੰਨਤਾ ਭਰੇ ਭਾਵਾਂ ਵਿੱਚ ਪਾਓਗੇ, ਕਿਉਂਕਿ ਤੁਸੀਂ ਖੁਸ਼ ਅਤੇ ਜੋਸ਼ ਵਿੱਚ ਮਹਿਸੂਸ ਕਰ ਰਹੇ ਹੋ, ਤੁਸੀਂ ਸਖਤ ਮਿਹਨਤ ਕਰਨ ਵਿੱਚ ਸੰਕੋਚ ਮਹਿਸੂਸ ਨਹੀਂ ਕਰੋਗੇ, ਭਾਵੇਂ ਇਹ ਕੁਝ ਬੇਮਤਲਬ ਦੀਆਂ ਗਤੀਵਿਧੀਆਂ ਜਾਂ ਕੰਮ ਵਿੱਚ ਕਿਉਂ ਨਾ ਹੋਵੇ। ਇਹ ਬਾਗਬਾਨੀ, ਖਾਣਾ ਪਕਾਉਣ, ਬੇਕਿੰਗ ਅਤੇ ਇੱਥੋਂ ਤੱਕ ਕਿ ਵਧੀਆ ਨਿੱਘੇ ਮੇਲ-ਮਿਲਾਪ ਜਿਹੀਆਂ ਗਤੀਵਿਧੀਆਂ ਲਈ ਉੱਤਮ ਦਿਨ ਹੈ। ਸ਼ਾਮ ਦੇ ਸਿਤਾਰੇ ਤੁਹਾਨੂੰ ਬਾਹਰ ਜਾਣ ਅਤੇ ਆਪਣੇ ਪਿਆਰੇ 'ਤੇ - ਭਾਵਨਾ, ਪੈਸੇ ਜਾਂ ਸਮਾਂ ਨਿਛਾਵਰ ਕਰਨ ਲਈ ਪ੍ਰੇਰਿਤ ਕਰ ਰਹੇ ਹਨ।

**ਸਿੰਘ :** ਸ਼ੇਅਰਾਂ ਅਤੇ ਸਟੌਕ ਦੇ ਵਿੱਚ ਵਿੱਤੀ ਲਾਭ ਹੋਣਗੇ। ਹੋ ਸਕਦਾ ਹੈ ਤੁਸੀਂ ਇੱਕ ਨਿਵੇਸ਼ਕ ਹੋ ਤਾਂ ਤੁਹਾਡੇ ਨਿਵੇਸ਼ ਭਾਰੀ ਲਾਭ ਦੇਣਗੇ। ਲੰਬੇ ਸਮੇਂ ਤੋਂ ਪਏ ਕਰਜ਼ ਵੀ ਚੁਕਾਏ ਜਾ ਸਕਦੇ ਹਨ, ਅਤੇ ਬਕਾਇਆ ਪਈਆਂ ਰਕਮਾਂ ਦਾ ਭੁਗਤਾਨ ਕੀਤਾ ਜਾਵੇਗਾ। ਮਨੋਰੰਜਨ 'ਤੇ ਪੈਸੇ ਖਰਚੇ ਜਾਣ ਦੀਆਂ ਸੰਭਾਵਨਾਵਾਂ ਹਨ।

**ਕੰਨਿਆ :** ਅੱਜ ਪਰਿਵਾਰਿਕ ਮਾਮਲੇ ਹਾਵੀ ਰਹਿਣਗੇ। ਉਹ ਬਾਕੀ ਸਭ ਕੁਝ ਭੁਲਾਉਂਦੇ ਹੋਏ ਤੁਹਾਡੇ ਵਿਚਾਰਾਂ ਨੂੰ ਵੀ ਨਿਯੰਤਰਿਤ ਕਰਨਗੇ। ਚੀਜ਼ਾਂ ਵਪਾਰਕ ਪੱਖੋਂ ਵਧੀਆ ਰਹਿਣਗੀਆਂ। ਤੁਸੀਂ ਸ਼ਾਮ ਨੂੰ ਆਰਾਮ ਕਰਨ ਵਿੱਚ ਸਮਾਂ ਬਿਤਾ ਸਕਦੇ ਹੋ। ਧਾਰਮਿਕ ਥਾਂ 'ਤੇ ਯਾਤਰਾ ਹੋਣ ਦੀ ਸੰਭਾਵਨਾ ਹੈ।

**ਤੁਲਾ :** ਅੱਜ ਅਜਿਹਾ ਦਿਨ ਹੈ, ਜਦੋਂ ਤੁਸੀਂ ਆਪਣੇ ਪਰਿਵਾਰ ਦੇ ਜੀਆਂ ਨਾਲ ਖੁਸ਼ੀ ਭਰੇ ਪਲ ਬਿਤਾਓਗੇ। ਤੁਸੀਂ ਖੁਸ਼ ਮਹਿਸੂਸ ਕਰੋਗੇ ਅਤੇ ਤੁਹਾਨੂੰ ਆਪਣੇ ਪਿਆਰੇ ਨਾਲ ਕੁਝ ਰੋਮਾਂਟਿਕ ਸਮਾਂ ਬਿਤਾਉਣ ਨੂੰ ਮਿਲੇਗਾ। ਤੁਹਾਡੀਆਂ ਅੰਦਰੂਨੀ ਭਾਵਨਾਵਾਂ ਤੁਹਾਡੇ ਜੀਵਨ ਸਾਥੀ ਦੇ ਅੰਦਰੂਨੀ ਵਿਚਾਰਾਂ ਵਿੱਚ ਦਿਖਾਈ ਦੇਣਗੀਆਂ, ਅਤੇ ਅੱਜ ਤੁਸੀਂ ਦੋਵੇਂ ਇੱਕ ਦੂਜੇ ਦੇ ਨਾਲ-ਨਾਲ ਹੋਵੋਗੇ। ਨੇੜਤਾ ਦੇ ਇਹਨਾਂ ਸੁਹਾਵਣੇ ਪਲਾਂ ਦਾ ਆਨੰਦ ਮਾਣੋ।

**ਵ੍ਰਿਸ਼ਚਿਕ :** ਅੱਜ ਦਾ ਦਿਨ ਤੁਹਾਡੇ ਲਈ ਇੱਕ ਹੋਰ ਨੀਰਸ ਦਿਨ ਹੈ। ਕੰਮ 'ਤੇ, ਤਣਾਅ ਵਧ ਸਕਦਾ ਹੈ ਅਤੇ ਵਿਅਸਤ ਅਤੇ ਥਕਾਊ ਦਿਨ ਦਾ ਕਾਰਨ ਬਣ ਸਕਦਾ ਹੈ। ਤੁਸੀਂ ਹਰ ਸਮੇਂ ਚਿੜਚਿੜੇ ਵੀ ਮਹਿਸੂਸ ਕਰ ਸਕਦੇ ਹੋ। ਇਸ ਲਈ, ਆਪਣੇ ਆਪ ਨੂੰ ਪ੍ਰਗਟ ਕਰਨ ਦੀ ਲੋੜ ਮਹਿਸੂਸ ਕਰਦੇ ਹੋਏ, ਤੁਸੀਂ ਆਪਣੇ ਪਿਆਰੇ ਨੂੰ ਕੋਈ ਚੀਜ਼ ਲਈ ਸੱਦਾ ਦੇ ਸਕਦੇ ਹੋ ਅਤੇ ਇਕੱਠੇ ਕੁਝ ਵਧੀਆ ਸਮਾਂ ਬਿਤਾ ਸਕਦੇ ਹੋ।

**ਧਨੁ :** ਤੁਸੀਂ ਜਲਦੀ ਜਾਂ ਦੇਰੀ ਨਾਲ ਇੱਛਿਤ ਪ੍ਰਵਾਨਗੀ ਅਤੇ ਪੱਖ ਪ੍ਰਾਪਤ ਕਰ ਸਕਦੇ ਹੋ। ਆਪਣੇ ਹੌਸਲੇ ਬੁਲੰਦ ਰੱਖੋ ਅਤੇ ਸਹੀ ਪਲ ਦੇ ਆਉਣ ਲਈ ਇੰਤਜ਼ਾਰ ਕਰੋ। ਨਿਰਾਸ਼ ਹੋਣਾ ਤੁਹਾਡੇ ਪ੍ਰਦਰਸ਼ਨ ਦੇ ਰਾਹ ਵਿੱਚ ਰੁਕਾਵਟ ਬਣ ਸਕਦਾ ਹੈ, ਇਸ ਲਈ, ਮਿਹਨਤ ਕਰਨੀ ਜਾਰੀ ਰੱਖੋ।

**ਮਕਰ :** ਤੁਸੀਂ ਬਹੁਤ ਸਾਰੇ ਭਾਵਨਾਤਮਕ ਬੇਵਕੂਫਾਂ ਬਾਰੇ ਸੁਣਿਆ ਹੋਵੇਗਾ ਜੋ ਭਾਵਨਾਵਾਂ ਨੂੰ ਆਪਣੇ ਜੀਵਨ 'ਤੇ ਹਾਵੀ ਹੋਣ ਦਿੰਦੇ ਹਨ। ਉਹਨਾਂ ਜਿਹਾ ਨਾ ਬਣਨ ਦੀ ਕੋਸ਼ਿਸ਼ ਕਰੋ, ਅਤੇ ਜੇ ਇਹ ਬਹੁਤ ਮੁਸ਼ਕਿਲ ਕੰਮ ਹੈ ਤਾਂ ਘੱਟੋ ਘੱਟ ਉਹਨਾਂ ਜਿਹਾ ਨਾ ਦਿਖਣ ਦੀ ਕੋਸ਼ਿਸ਼ ਕਰੋ, ਕਿਉਂਕਿ ਤੁਹਾਡੀਆਂ ਭਾਵਨਾਵਾਂ ਵਿੱਚ ਵਹਿ ਜਾਣਾ ਤੁਹਾਨੂੰ ਬੁਰੀ ਸਥਿਤੀ ਵਿੱਚ ਪਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ, ਤੁਹਾਡੀਆਂ ਭਾਵਨਾਵਾਂ ਤੁਹਾਡੀ ਸਫਲਤਾ ਦੇ ਰਾਹ ਵਿੱਚ ਆ ਸਕਦੀਆਂ ਹਨ। ਇਸ ਸਮੱਸਿਆ ਦਾ ਹੱਲ ਸ਼ਾਂਤ ਰਹਿਣਾ ਅਤੇ ਮੌਕਾਪ੍ਰਸਤ ਵਿਅਕਤੀ ਨੂੰ ਇਹ ਸੰਕੇਤ ਦੇਣਾ ਹੈ ਕਿ ਤੁਹਾਨੂੰ ਹਰਾਉਣਾ ਮੁਸ਼ਕਿਲ ਕੰਮ ਹੈ।

**ਕੁੰਭ :** ਤੁਸੀਂ ਆਪਣੀ ਸ਼ਖ਼ਸ਼ੀਅਤ ਦੇ ਭਾਵਨਾਤਮਕ ਅਤੇ ਤਰਕਸ਼ੀਲ ਪੱਖ ਵਿਚਕਾਰ ਸੰਤੁਲਨ ਬਣਾ ਪਾਓਗੇ। ਤੁਸੀਂ ਆਪਣੇ ਕੰਮ ਵਿੱਚ ਖੁਸ਼ੀ ਪਾਓਗੇ ਅਤੇ ਆਪਣੇ ਨਿੱਜੀ ਜੀਵਨ ਨੂੰ ਆਪਣੇ ਪੇਸ਼ੇਵਰ ਜੀਵਨ ਵਿੱਚ ਸਫਲਤਾਪੂਰਵਕ ਮਿਲਾਓਗੇ। ਵਿੱਤੀ ਪੱਖੋਂ, ਕੋਈ ਮਹੱਤਵਪੂਰਨ ਮੁੱਦੇ ਨਹੀਂ ਹਨ, ਪਰ ਬਹੁਤ ਛੋਟੇ ਮਾਮਲੇ ਤੁਹਾਡੇ ਮਨ ਨੂੰ ਘੇਰ ਸਕਦੇ ਹਨ।

**ਮੀਨ :** ਅੱਜ ਤੁਹਾਡਾ ਦਿਨ ਵਿੱਤੀ ਲਾਭਾਂ ਨਾਲ ਭਰਿਆ ਹੋਇਆ ਹੈ। ਵਪਾਰ ਜਾਂ ਕੁਝ ਹੋਰ ਨਿਵੇਸ਼ਾਂ ਤੋਂ ਪੈਸਾ ਆ ਸਕਦਾ ਹੈ। ਲੋਕਾਂ ਨਾਲ ਰਿਸ਼ਤੇ ਬਣਾਉਣ ਅਤੇ ਨੈੱਟਵਰਕਿੰਗ ਦੇ ਉੱਤਮ ਕੌਸ਼ਲ ਹੋਣੇ ਲਾਭਦਾਇਕ ਸਾਬਿਤ ਹੋ ਸਕਦੇ ਹਨ ਅਤੇ ਤੁਸੀਂ ਉਮੀਦ ਨਾ ਕੀਤੇ ਸਰੋਤਾਂ ਤੋਂ ਇੱਕ ਜਾਂ ਦੋ ਸੌਦੇ ਕਰ ਸਕਦੇ ਹੋ।

# ਮਿੰਨੀ ਕਹਾਣੀ - ਮੌਤ



ਕਈ ਦਿਨ ਹੋ ਗਏ, ਬਾਬਾ ਮਿੰਦਰ ਦੇਖਿਆ ਨੀ। ਪਹਿਲਾਂ ਤਾਂ ਸੱਥ 'ਚ' ਮੰਜਾ ਡਾਹੀ ਪਿਆ ਰਹਿੰਦਾ ਸੀ, ਆਹੋ ਸੁਣਿਆ ਤਾਂ ਸੀ ਕੇਰਾਂ, ਨਿੰਮੋ ਦੇ ਬਾਪੂ ਨੂੰ ਆਖੀ ਜਾਂਦਾ ਸੀ, ਬਈ ਨੂੰਹ ਰੋਟੀ ਨੀ ਦਿੰਦੀ, ਕਹਿੰਦੀ ਘਰ 'ਚ' ਪਿਆ ਬੁਰਾ ਲਗਦੈ। ਤੈਨੂੰ ਤਾਂ ਪਤਾ ਈ ਐ ਲੰਬਰਦਾਰਨੀਏ, ਪੁੱਤ ਵਲੈਤੋਂ ਚਿਰਾਂ ਪਿੱਛੋਂ ਹੀ ਆਉਂਦੈ। ਉਹ ਕਿਹੜਾ ਮੇਰੀ ਸਾਰ ਲੈਂਦੈ, ਫੇਰ ਬੇਗਾਨੀ ਧੀ ਨੇ ਕਿੱਥੋਂ ਪੁੱਛਣੈ। ਬਾਕੀ ਘਰ ਘਰ ਦੀ ਕਹਾਣੀ ਆ ਇਹ ਤਾਂ।

ਬਾਬੇ ਦੇ ਲਫਜ਼ਾਂ ਨੂੰ ਚੇਤੇ ਕਰਦਿਆਂ ਜੱਗੂ ਦੇ ਪੈਰ ਮਿੰਦਰ ਬਾਬੇ ਕੇ ਘਰ ਵੱਲ ਨੂੰ ਮੁੜ ਗਏ। ਤਕੜਾਂ ਬਾਬਾ ? ਕਹਿੰਦਿਆਂ ਜੱਗੂ ਬਾਬੇ ਦੀ ਬੈਠਕ 'ਚ' ਵੜਿਆ। ਉਹਨੂੰ ਅਜੀਬ ਜੀ ਬਦਬੂ ਆਈ। ਬਸ ਸ਼ੇਰਾ, ਬੋਲਦਿਆਂ ਬਾਬੇ ਦਾ ਵੀ ਗਲ ਭਰ ਗਿਆ। ਜੱਗੂ ਨੇ ਆਖਿਆ ਬਾਪੂ ਆਹ ਲੱਤ ਨੂੰ ਕੀ ਕਰੀਂ ਬੈਂਠੈਂ ? ਬਸ ਸੱਟ ਜੀ ਲੱਗ ਗੀ ਸੀ ਮਾੜੀ ਜੀ। ਜੱਗੂ ਨੇ ਬਾਬੇ ਦੀ ਨੂੰਹ ਨੂੰ ਆਖਿਆ ਓ ਭਾਬੀ ਆਹ ਡਾਕਟਰ ਨੂੰ ਦਿਖਾਓ ਬਾਬੇ ਦੀ ਲੱਤ ਕਿੰਨੀ ਖਰਾਬ ਹੋਈ ਪਈ ਆ ਤੇ ਪੀਕ ਵੀ ਪਈ ਪਈ ਆ। ਜੱਗੂ ਨੇ ਜੈਲੇ ਦੀ ਘਰ ਵਾਲੀ ਮਤਲਬ ਬਾਬੇ ਦੀ ਨੂੰਹ ਨੂੰ ਲੱਤ ਦਿਖਾਉਦਿਆਂ ਕਿਹਾ। ਅੱਗੋਂ ਜੈਲੇ ਦੀ ਘਰਵਾਲੀ ਵੇ ਭਾਈ ਤੂੰ ਕੁੰਡੀ ਲਾ ਦੇ ਬਾਹਰੋਂ, ਇਹਨੇ ਆਪੇ ਮਰ ਜਾਣਾ, ਕੋਈ ਲੋੜ ਨੀ ਡਾਕਟਰਾਂ ਦੀ।

ਬਾਬੇ ਦਾ ਪਿੰਜ਼ਰ ਬਣਿਆ ਸਰੀਰ ਦਸਦਾ ਸੀ ਉਹਨੂੰ ਸੱਚੀਂ ਕਈ ਦਿਨਾਂ ਤੋਂ ਖਾਣ -ਪੀਣ ਨੂੰ ਨਹੀਂ ਮਿਲਿਆ ਸੀ। ਜੱਗੂ ਕੋਲੋਂ ਬਾਬੇ ਦੀ ਹਾਲਤ ਦੇਖੀ ਨਾ ਗਈ ਤੇ ਉਹਨੇ ਸਹਾਰਾ ਕਲੱਬ ਆਲਿਆਂ ਨੂੰ ਫੂਨ ਕਰਤਾ। ਬਾਬੇ ਨੂੰ ਸ਼ਹਿਰ ਲੈ ਗਏ, ਹਸਪਤਾਲ ਆਲਿਆਂ ਨੇ ਐਂਬੂਲੈਂਸ 'ਚੋ' ਉਤਰਣ ਹੀ ਨਾ ਦਿੱਤਾ, ਅਖੇ ਲੱਤ 'ਚ' ਕੀੜੇ ਪੈ ਗੇ, ਦਿਲ ਤੱਕ ਪਹੁੰਚਣ ਆਲੇ ਆ, ਮਾਫ ਕਰਨਾ ਤੁਸੀਂ ਲੇਟ ਹੋ ਗੇ। ਮੋੜ ਲਿਆਏ ਘਰ ਬਾਬੇ ਨੂੰ। ਬਸ ਹੁਣ ਤਾਂ ਬਾਬਾ ਆਪਣੀ ਆਖਰੀ ਘੜੀ ਦੀ ਉਡੀਕ ਕਰ ਸਕਦਾ ਸੀ, ਹੋਰ ਕੀਹਨੇ ਆਉਣੈ ਉਹਦੇ ਕੋਲ।

ਨੀ ਕੁੜੀਏ ਜੈਲੇ ਨੂੰ ਫੂਨ ਕਰਦੇ ਥੋੜਾ ਬਾਪੂ ਅੱਜਕੱਲ੍ਹ ਦਾ ਈ ਆ। ਜੱਗੂ ਦੀ ਬੇਬੇ ਜੈਲੇ ਦੀ ਬਹੂ ਨੂੰ ਆਖਣ ਆਈ। ਅੱਗੋਂ ਜੈਲੇ ਦੀ ਘਰਵਾਲੀ ਬਾਬੇ ਦੀ ਨੂੰਹ ਕਹਿੰਦੀ ਊਂ ਉਹ ਨੀ ਆਉਂਦਾ, ਕਿਥੇ ਟੈਮ ਆ? ਉਹ ਤਾਂ ਪਹਿਲਾਂ ਹੀ ਕਹਿੰਦਾ ਸੀ ਆਪੇ ਚੱਕ ਕੇ ਫੂਕ ਦਿਓ ਬੁੜੇ ਨੂੰ, ਮੈਨੂੰ ਨਾ ਉਡੀਕਿਓ। ਟੁਕਵਾਂ ਜਵਾਬ ਸੁਣ ਕੇ ਬੇਬੇ ਹੈਰਾਨ ਹੁੰਦੀ ਮੁੜ ਆਈ।

ਆਖਰ ਤੜਕੇ 4 ਵਜੇ ਮੌਤ ਨੇ ਬਾਬੇ ਨੂੰ ਗਲ ਨਾਲ ਲਾ ਲਿਆ। ਸਸਕਾਰ ਕਰਨ ਆਏ ਮੁੰਡਿਆਂ ਨੇ ਬੜੀ ਮੁਸ਼ਕਿਲ ਨਾਲ ਬਾਬੇ ਨੂੰ ਚੁੱਕਿਆ। ਅੰਦਰ ਕੀੜਿਆਂ ਨੇ ਖਾ ਲਿਆ ਸੀ, ਤੇ ਮਾਸ ਦੇ ਬੁਰਕ ਝੜੀ ਜਾਂਦੇ ਸੀ। ਗਲੀ 'ਚੋਂ ਲੰਘਦਿਆਂ ਬੁੜੀਆਂ ਦੀ ਗੱਲਾਂ ਕਰਦੀਆਂ ਦੀ ਮੇਰੇ ਕੰਨਾਂ ਚ ਅਵਾਜ਼ ਪਈ, ਕੁੜੇ ਲੈ ਦੱਸ ਮਿੰਦਰ ਬੁੜੇ ਨੇ ਕਿਸੇ ਦਾ ਬੁਰਾ ਨੀ ਸੀ ਕੀਤਾ, ਪਤਾ ਨੀ ਰੱਬ ਨੇ ਐਡੀ ਮਾੜੀ ਮੌਤ ਕਾਹਤੋਂ ਦਿੱਤੀ ਆ।

ਮੈਂ ਮਨ ਹੀ ਮਨ ਉਹਦੀ ਗੱਲ ਦਾ ਜਵਾਬ ਦਿੱਤਾ,

"ਬੇਬੇ ਮੌਤ ਨੀ ਮਾੜੀ, ਔਲਾਦ ਮਾੜੀ ਆ...।

# ਗੱਡੀ ਨੇ ਅਚਾਨਕ ਰਫ਼ਤਾਰ ਫੜ੍ਹ ਲਈ...



ਬੱਤੀਆਂ ਪਾਰ ਕਰਨ ਲੱਗਿਆ ਪਤਾ ਨਹੀਂ ਕਿਵੇਂ ਰੇਸ ਥੋੜ੍ਹੀ ਜ਼ਿਆਦਾ ਨੱਪੀ ਗਈ, ਗੱਡੀ ਨੇ ਅਚਾਨਕ ਰਫ਼ਤਾਰ ਫੜ ਲਈ, ਅੱਗੇ ਵਾਲੀ ਗੱਡੀ ਹੌਲੀ ਜਾ ਰਹੀ ਸੀ, ਬਰੇਕ ਲਾਈ ਪਰ ਉਦੋਂ ਤੱਕ ਦੇਰ ਹੋ ਚੁੱਕੀ ਸੀ...ਧੱਮ...ਗੱਡੀ ਅੱਗੇ ਵਾਲੀ ਗੱਡੀ ਦੇ ਪਿੱਛੇ ਜਾ ਵੱਜੀ ਅੱਗੇ ਵਾਲਾ ਡਰਾਈਵਰ ਘਬਰਾਕੇ ਕੁਝ ਦੂਰ ਜਾਕੇ ਮਸਾਂ ਗੱਡੀ ਰੋਕ ਸਕਿਆ।

ਮੈਂ ਸਟੇਅਰਿੰਗ ਉੱਤੇ ਹੱਥ ਰੱਖਕੇ ਕੁਝ ਪਲ ਅੱਖਾਂ ਬੰਦ ਕਰ ਲਈਆਂ...ਹਾਏ ਰੱਬਾ... ਪਹਿਲਾਂ ਹੀ ਐਨੀ ਟੈਨਸ਼ਨ ਚੱਲ ਰਹੀ ਆ... ਆਹ ਹੋਰ ਨਵਾਂ ਜੱਬ ਖੜ੍ਹਾ ਹੋ ਗਿਆ..ਪਿਛਲੇ ਕਈ ਦਿਨਾਂ ਤੋਂ ਜ਼ਿੰਦਗੀ ਜਿਵੇਂ ਇੱਕੋ ਵੇਲੇ ਕਈ ਪਾਸਿਆਂ ਤੋਂ ਘੇਰ ਰਹੀ ਸੀ, ਘਰ ਦੇ ਖਰਚੇ, ਕੰਮ ਦੀ ਚਿੰਤਾ, ਬੈਂਕ ਦੀ ਕਿਸ਼ਤ, ਪਿੰਡੋਂ ਆਉਂਦੇ ਫੋਨ 'ਤੇ ਹਰ ਵਾਰ ਕੋਈ ਨਾ ਕੋਈ ਨਵੀਂ ਲੋੜ।

ਅੱਜ ਸਵੇਰੇ ਮਾਂ ਦਾ ਫੋਨ ਵੀ ਆਇਆ ਸੀ...ਪੁੱਤ, ਆਪਣਾ ਧਿਆਨ ਰੱਖੀਂ... ਬਹੁਤ ਥੱਕਿਆ ਲੱਗਦਾ ਸੀ ਕੱਲ੍ਹ...ਮੈਂ ਹੱਸਕੇ ਕਹਿ ਦਿੱਤਾ ਸੀ...ਮੈਂ ਠੀਕ ਆਂ ਬੇਬੇ... ਤੂੰ ਫਿਕਰ ਨਾ ਕਰ..ਪਰ ਅਸਲੀਅਤ ਕੁਝ ਹੋਰ ਸੀ।

ਮੈਂ ਗੱਡੀ ਵਿੱਚੋਂ ਬਾਹਰ ਨਿਕਲਿਆ..ਅੱਗੇ ਵਾਲੀ ਗੱਡੀ ਕੋਲ ਗਿਆ 'ਤੇ ਹੱਥ ਜੋੜਕੇ ਕਿਹਾ...ਵੀਰ ਜੀ, ਗਲਤੀ ਹੋ ਗਈ... ਧਿਆਨ ਨਹੀਂ ਰਿਹਾ... ਮੁਆਫ਼ ਕਰਿਓ...ਅੱਗੇ ਵਾਲਾ ਬੰਦਾ ਵੀ ਗੱਡੀ ਦੇ ਪਿੱਛੇ ਹੋਏ ਨੁਕਸਾਨ ਨੂੰ ਦੇਖ ਰਿਹਾ ਸੀ, ਉਸਨੇ ਮੇਰੇ ਚਿਹਰੇ ਵੱਲ ਦੇਖਿਆ 'ਤੇ ਬੋਲਿਆ...ਕੋਈ ਗੱਲ ਨਹੀਂ... ਪਹਿਲਾਂ ਦੱਸ....ਤੂੰ ਠੀਕ ਆਂ।

ਇਹ ਸਵਾਲ ਸੁਣਕੇ ਮੈਂ ਹੈਰਾਨ ਰਹਿ ਗਿਆ। ਕਿਉਂਕਿ...ਕਿੰਨੇ ਦਿਨਾਂ ਤੋਂ ਕਿਸੇ ਨੇ ਮੈਨੂੰ ਇਹ ਨਹੀਂ ਪੁੱਛਿਆ ਸੀ ਕਿ...ਤੂੰ ਠੀਕ ਆਂ...ਸਾਰੇ ਪੁੱਛਦੇ ਸਨ। ਪੈਸੇ ਕਦੋਂ ਭੇਜਣੇ ਨੇ.. ਕੰਮ ਕਿਵੇਂ ਚੱਲ ਰਿਹਾ। ਪਰ ਮੇਰੇ ਦਿਲ ਦਾ ਹਾਲ ਕਿਸੇ ਨੇ ਨਹੀਂ ਪੁੱਛਿਆ ਸੀ।

ਮੈਂ ਅੱਖਾਂ ਨੀਵੀਆਂ ਕਰ ਲਈਆਂ ਕਿਉਂਕਿ ਅੱਖਾਂ ਵਿੱਚ ਪਾਣੀ ਆ ਗਿਆ ਸੀ। ਗੱਡੀ ਦਾ ਨੁਕਸਾਨ ਤਾਂ ਹੋ ਗਿਆ, ਉਹ ਕਿਸੇ ਤਰ੍ਹਾਂ ਠੀਕ ਹੋ ਜਾਊ... ਪਰ ਬੰਦਾ ਅੰਦਰੋਂ ਜਦੋਂ ਟੁੱਟ ਜਾਵੇ ਤਾਂ ਉਸਦੀ ਮੁਰੰਮਤ ਬੜੀ ਔਖੀ ਹੁੰਦੀ ਆ।

ਅੱਗੇ ਵਾਲੇ ਬੰਦੇ ਨੇ ਮੇਰੇ ਮੋਢੇ ਉੱਤੇ ਹੱਥ ਰੱਖਕੇ ਕਿਹਾ....ਵੀਰ, ਫਿਕਰ ਨਾ ਕਰ... ਗੱਡੀ ਦਾ ਨੁਕਸਾਨ ਆ...ਠੀਕ ਹੋ ਜਾਊ ਬੰਦਾ ਠੀਕ ਹੋਣਾ ਚਾਹੀਦਾ, ਉਸਦੇ ਇਹ ਬੋਲ ਸੁਣਕੇ ਮੇਰੇ ਅੰਦਰੋਂ ਜਿਵੇਂ ਕੁਝ ਟੁੱਟਕੇ ਬਾਹਰ ਆ ਗਿਆ। ਮੈਂ ਆਪਣੇ ਹੰਝੂ ਰੋਕ ਨਾ ਸਕਿਆ.. ਮੈਂ ਮੂੰਹ ਦੂਜੇ ਪਾਸੇ ਕਰ ਲਿਆ।

ਉਹ ਬੰਦਾ ਮੇਰੇ ਕੋਲ ਖੜ੍ਹਾ ਸੀ। ਉਸਨੇ ਨਾ ਨੁਕਸਾਨ ਦਾ ਹਿਸਾਬ ਪੁੱਛਿਆ ਨਾ ਪੈਸਿਆਂ ਦੀ ਗੱਲ ਕੀਤੀ...ਨਾ ਮੇਰੇ ਉੱਤੇ ਗੁੱਸਾ ਕੀਤਾ ਸ਼ਾਇਦ ਉਸਨੂੰ ਸਮਝ ਆ ਗਈ ਸੀ ਕਿ ਇਸ ਵੇਲੇ ਮੇਰੀ ਗੱਡੀ ਨਾਲੋਂ ਮੇਰਾ ਦਿਲ ਜ਼ਿਆਦਾ ਟੁੱਟਿਆ ਹੋਇਆ ਹੈ।

ਮੈਂ ਫੋਨ ਕੱਢਿਆ 'ਤੇ ਮਾਂ ਦਾ ਨੰਬਰ ਦੇਖਣ ਲੱਗ ਪਿਆ..ਸਵੇਰ ਵੇਲੇ ਉਸ ਨਾਲ ਹੋਈ ਗੱਲ ਮੁੜ ਕੰਨਾਂ ਵਿੱਚ ਗੂੰਜੀ...ਪੁੱਤ, ਆਪਣਾ ਧਿਆਨ ਰੱਖੀਂ... ਬਹੁਤ ਥੱਕਿਆ ਲੱਗਦਾ ਸੀ ਕੱਲ੍ਹ..ਉਦੋਂ ਮੈਂ ਕਿਹਾ ਸੀ...ਮੈਂ ਠੀਕ ਆਂ ਬੇਬੇ...ਅੱਜ ਸਮਝ ਆਈ ਕਿ ਮਾਂ ਤੋਂ ਵੱਡਾ ਕੋਈ ਝੂਠ ਨਹੀਂ ਬੋਲ ਸਕਦਾ... ਕਿਉਂਕਿ ਮਾਂ ਅਕਸਰ ਸਾਡੀ ਅਵਾਜ਼ ਵਿੱਚੋਂ ਹੀ ਪੜ੍ਹ ਲੈਂਦੀ ਹੈ ਕਿ ਪੁੱਤ ਸੱਚਮੁੱਚ ਠੀਕ ਹੈ ਜਾਂ ਸਿਰਫ਼ ਠੀਕ ਹੋਣ ਦਾ ਨਾਟਕ ਕਰ ਰਿਹਾ ਹੈ।

ਮੈਂ ਉਸ ਬੰਦੇ ਵੱਲ ਦੇਖਿਆ 'ਤੇ ਸਿਰਫ਼ ਐਨਾ ਹੀ ਕਹਿ ਸਕਿਆ...ਵੀਰ... ਅੱਜ ਤੁਸੀਂ ਮੇਰੀ ਗੱਡੀ ਨਹੀਂ, ਮੈਨੂੰ ਬਚਾ ਲਿਆ..ਉਹ ਮੇਰੇ ਵੱਲ ਦੇਖਕੇ ਮੁਸਕਰਾਇਆ 'ਤੇ ਬੋਲਿਆ..ਬੰਦੇ ਨੂੰ ਬੰਦੇ ਦੀ ਲੋੜ ਪੈਂਦੀ ਰਹਿੰਦੀ ਆ ਵੀਰ... ਅੱਜ ਤੈਨੂੰ ਪੈ ਗਈ, ਕੱਲ੍ਹ ਨੂੰ ਮੈਨੂੰ ਵੀ ਪੈ ਸਕਦੀ ਆ।

ਉਹ ਗੱਲ ਮੇਰੇ ਦਿਲ ਵਿੱਚ ਲਹਿ ਗਈ..ਉਸ ਦਿਨ ਮੈਨੂੰ ਸਮਝ ਆਈ ਕਿ ਜ਼ਿੰਦਗੀ ਵਿੱਚ ਹਰ ਨੁਕਸਾਨ ਪੈਸੇ ਨਾਲ ਪੂਰਾ ਨਹੀਂ ਹੁੰਦਾ ਅਤੇ ਹਰ ਦਰਦ ਦਵਾਈ ਨਾਲ ਠੀਕ ਨਹੀਂ ਹੁੰਦਾ.. ਕਈ ਵਾਰ ਕਿਸੇ ਟੁੱਟੇ ਹੋਏ ਬੰਦੇ ਨੂੰ ਸਿਰਫ਼ ਦੋ ਹਮਦਰਦੀ ਵਾਲੇ ਬੋਲ ਹੀ ਬਹੁਤ ਹੁੰਦੇ ਨੇ..ਜਦੋਂ ਵੀ ਤੁਹਾਨੂੰ ਕੋਈ ਆਪਣਾ ਜਾਂ ਪਰਾਇਆ ਬੰਦਾ ਚੁੱਪ, ਥੱਕਿਆ ਜਾਂ ਉਦਾਸ ਨਜ਼ਰ ਆਵੇ... ਉਸਦੇ ਕੋਲ ਬੈਠਕੇ ਸਿਰਫ਼ ਇਹ ਪੁੱਛ ਲਿਆ ਕਰੋ...ਤੂੰ ਸੱਚੀਂ ਠੀਕ ਆਂ।

ਅਵਤਾਰ ਸਿੰਘ ਧਾਲੀਵਾਲ

# ਮਾਂ ਤਾਂ ਆਖਰ ਮਾਂ ਹੁੰਦੀ ਏ...

"ਕੁੜੇ ਮੁੰਡਾ ਘਰੇ ਆਇਆ ਕਿ ਨਹੀਂ ?"

ਬੇਬੇ ਦੇ ਐਨਾ ਕਹਿਣ ਤੇ ਸਾਰੇ ਪਰਿਵਾਰ 'ਚ ਹਾਸੜ ਪੈ ਗਈ । ਰਮਨੀਤ ਬੇਬੇ ਦੀ ਵੱਡੀ ਪੋਤੀ ਜੋ ਜਨੇਪਾ ਕੱਟਣ ਆਪਣੇ ਪੇਕੇ ਆਈ ਹੋਈ ਸੀ ਬੋਲੀ,"ਬੇਬੇ ਪਾਪਾ ਜੀ ਦੀ ਦਾੜੀ ਚਿੱਟੀ ਹੋਗੀ ਆ ਤੂੰ ਅਜੇ ਵੀ ਮੁੰਡਾ ਕਹੀ ਜਾਨੀ ਏ"



"ਹੋਰ ਕੀ ਦੋਹਤੇ ਵਾਲਾ ਤਾਂ ਹੋ ਗਿਆ , ਐਤਕੀ ਜੀਵਨ ਦਾ ਵਿਆਹ ਕਰ ਦਿਆਂਗੇ ਤੇ ਅਗਲੇ ਸਾਲ ਦਾਦਾ ਬਣਜੂ"ਉਸਦੀ ਮੰਮੀ ਨੇ ਕਿਹਾ, ਤਾਂ ਇੱਕ ਵਾਰ ਫਿਰ ਸਾਰੇ ਹੱਸ ਪੈ।

ਦਾਦੀ ਸਾਰਿਆਂ ਦੇ ਮੂੰਹ ਵੱਲ ਵੇਖ ਕੇ ਬਸ ਮੁਸਕਰਾ ਰਹੀ ਸੀ , ਉਹ ਮਨ ਹੀ ਮਨ ਕਹਿ ਰਹੀ ਸੀ ,"ਮੇਰੇ ਲਈ ਤਾਂ ਮੁੰਡਾ ਹੀ ਆ ਪਾਪਾ ਤੁਹਾਡਾ ਏ"

ਅਗਲੇ ਦਿਨ ਰਮਨੀਤ ਦੇ ਸਹੁਰਿਆਂ ਨੇ ਪੰਜੀਰੀ ਲੈ ਕੇ ਆਉਣਾ ਸੀ। ਰਮਨੀਤ ਦੇ ਪਾਪਾ ਜੀ ਨੇ ਭੱਜ ਭੱਜ ਕੇ ਸਾਰਾ ਇੰਤਜਾਮ ਕੀਤਾ ਸੀ।

ਅੱਜ ਵੀ ਸਵੇਰ ਦੇ ਬਾਜ਼ਾਰ ਗਏ ਹੋਏ ਸੀ। ਖਾਣ ਪੀਣ ਦਾ ਸਾਰਾ ਸਮਾਨ ਪਹਿਲਾਂ ਹੀ ਲੈ ਆਏ ਸੀ । ਸਬਜ਼ੀਆਂ ,ਸਲਾਦ ਵਗੈਰਾ ਵੀ ਲਿਆ ਕੇ ਦਿੱਤੇ। ਅਜੇ ਬੈਠੇ ਹੀ ਸੀ ਕਿ ਰਮਨੀਤ ਦੀ ਮੰਮੀ ਬੋਲੇ," ਹਾਏ ਰੱਬਾ ਮੈਂ ਤਾਂ ਭੁੱਲ ਹੀ ਗਈ ,ਰਮਨੀਤ ਤੇਰੀ ਸੱਸ ਦੇ ਸੂਟ ਨਾਲ ਦੀ ਚੁੰਨੀ ਲਿਆਉਣੀ ਤਾਂ ਭੁੱਲ ਹੀ ਗਈ "

" ਕੁ ੜੇ ਜਦੋਂ ਸੂਟ ਲਿਆਂਦਾ ਉਦੋਂ ਨੀ ਲਿਆਂਦੀ ਚੁੰਨੀ"ਬੇਬੇ ਨੇ ਗੁੱਸਾ ਦਿਖਾਉਂਦੀ ਨੇ ਕਿਹਾ।

ਰਮਨੀਤ ਕਹਿੰਦੀ,"ਬੇਬੇ ਸੂਟ ਨਾਲ ਦੀ ਚੁੰਨੀ ਸੋਹਣੀ ਨੀ ਸੀ ਫਿਰ ਅਸੀਂ ਚਿੱਟੀ ਚੁੰਨੀ ਲੈ ਕੇ ਡਾਈ ਕਰਵਾ ਲਈ, ਡਾਈ ਵਾਲੇ ਤੋਂ ਫੜ ਕੇ ਲਿਆਉਣੀ ਭੁੱਲ ਗਏ"

"ਲੈ ਫਿਰ ਮੁੰਡੇ ਦਾ ਗੇੜਾ ਲਵਾਓਗੀਆਂ"

"ਹਾਹਾਹਾ ਬੇਬੇ ਕਿੱਧਰੇ ਨੀ ਘਸਣ ਲੱਗਿਆ ਤੇਰਾ ਮੁੰਡਾ "ਨੂੰਹ ਨੇ ਹੱਸਕੇ ਕਿਹਾ।

"ਪਰ ਉਹਨੂੰ ਰੋਟੀ ਦੀ ਬੁਰਕੀ ਤਾਂ ਦੇ ਦਿਓ, ਸਵੇਰ ਦਾ ਭੱਜਿਆ ਹੀ ਫਿਰਦਾ"

"ਰੋਟੀ ਆ ਕੇ ਖਾ ਲਿਓ, ਜੇ ਉਹ ਆਗੇ ਫਿਰ ਬੈਠਿਆਂ ਤੋਂ ਜਾਣਾ ਔਖਾ ਹੋਜੂ"

ਰਮਨੀਤ ਦਾ ਪਾਪਾ ਮੋਟਰਸਾਈਕਲ ਦੀ ਚਾਬੀ ਚੱਕਣ ਚਲਾ ਗਿਆ ਤੇ ਉਸਦੀ ਮੰਮੀ ਬੱਚੇ ਦੇ ਕੱਪੜੇ ਬਦਲਣ ਲੱਗ ਗਈ। ਜਦੋਂ ਨੂੰ ਪਾਪਾ ਮੋਟਰਸਾਈਕਲ ਕੋਲ ਗਿਆ ਬੇਬੇ ਖੂੰਡੀ ਦੇ ਸਹਾਰੇ ਤੁਰਦੀ ਲੱਸੀ ਦਾ ਗਲਾਸ ਲੈ ਆਈ,"ਲੈ ਪੁੱਤ ਲੱਸੀ ਪੀ ਲੈ , ਗਰਮੀ ਪੈ ਜੂ ਅੰਦਰ"

"ਓ ਬੇਬੇ ਤੇਰੀ ਨੂੰਹ ਨੇ ਮੈਨੂੰ ਸਵੇਰੇ ਸਵੇਰੇ ਹੀ ਦੋ ਰੋਟੀਆਂ ਨਾਲ ਲੱਸੀ ਪਿਆ ਦਿੱਤੀ ਸੀ, ਪਤਾ ਸੀ ਉਹਨੂੰ ਫਿਰ ਭੱਜ ਨੱਠ ਚ ਟਾਇਮ ਨੀ ਲੱਗਣਾ, ਚੱਲ ਲਿਆ ਇਹ ਵੀ ਪੀ ਲੈਂਨਾ"

"ਕੀ ਕਰਾਂ ਪੁੱਤ ਮਾਂ ਆ ਨਾ ਤੇਰੀ, ਢਿੱਡ ਮੱਚਦਾ ਮੇਰਾ ਜਦੋਂ ਧੁੱਪੇ ਬਾਹਰ ਅੰਦਰ ਜਾਨਾਂ"

ਰਮਨੀਤ ਖੜੀ ਦੇਖ ਰਹੀ ਸੀ ਤੇ ਸੋਚ ਰਹੀ ਸੀ

ਮਾਂ ਤਾਂ ਆਖਰ ਮਾਂ ਹੁੰਦੀ ਏ ।

ਲਿਖਤ– Rajdeep Kaur Khalsa

# ਇੱਕ ਚਿੱਠੀ ਮੇਰੇ ਪਿਆਰ ਲਈ...



ਮਾਫ਼ ਕਰੀ ਯਾਰਾਂ ਮੈਂ ਤੈਨੂੰ ਪਿਆਰ ਤਾਂ ਬਹੁਤ ਦਿਲੋਂ ਕੀਤਾ ਸੀ ਹੁਣ ਤੂੰ ਜਿੰਦਗੀ ਚ ਨਹੀਂ ਦਿਲ ਚ ਜਰੂਰ ਰਹੇਗਾ ...ਸਾਰੀ ਉਮਰ ਇਕ ਆਸ ਤੇ ਦੁੱਖ ਬਣਕੇ ...ਪਰ ਮੈਂ ਅੱਜ ਮਾਣ ਹੈ ਕਿ ਤੇਰੇ ਜਾਣ ਮਗਰੋਂ ਮੈਂ ਕਦੇ ਕੋਈ ਗ਼ਲਤ ਕਦਮ ਨਹੀਂ ਚੁਕਿਆ ਜਿੰਦਗੀ ਹੁਣ ਜਾਂਦਾ ਸਵਾਰੀ ਜਹੀ ਲਗਦੀ ਆ ...ਬੇਸ਼ੱਕ ਤੂੰ ਮੈਨੂੰ ਆਪਣੇ ਮਗਰ ਮਰਨ ਲਈ ਛੱਡ ਗਿਆ ਸੀ ਪਰ ਕਿ ਕਰਾ ਤੇਰੇ ਪਿੱਛੇ ਮਰਨ ਦੀ ਹਿੰਮਤ ਨਾ ਪਈ ਮੇਰੀ ....ਹਮਮ

ਮੈਂ ਕੁਝ ਪਾਗਲਪਨ ਜਰੂਰ ਕੀਤਾ ਸੀ ਪਰ ਅਸਲ ਚ ਫਰ ਤੇਰਾ ਪਿਆਰ ਮੇਰੀ ਮਾਂ ਦੇ ਪਿਆਰ ਮੂਹਰੇ ਘੱਟ ਲਗਾ ਜਿਸਨੇ ਜਿੰਦਗੀ ਦੇ 24 ਸਾਲ ਮੈਨੂੰ ਆਪਣੇ ਹੱਥਾਂ ਨਾਲ ਰੋਟੀ ਖਵਾਈ ...ਤੇ ਪਿਆਰ ਕਰਦੀ ਰਹੀ ਬਿਨਾ ਕਿਸੇ ਸਵਾਰਥ ਤੋਂ ...ਆਪਣੇ ਡੈਡੀ ਜੀ ਦਾ ਪਿਆਰ ਯਾਦ ਆਇਆ ...ਜਿਨ੍ਹਾਂ ਆਪਣੀ ਜਵਾਨੀ ਦਾ ਬੁਢਾਪਾ ਲੈ ਆਉਂਦਾ ਸਾਰੀ ਉਮਰ ਕਮਾਈ ਕਰਕੇ ਸਾਡੀ ਜਵਾਨੀ ਲੈ ਕੇ ਆਉਣ ਲਈ .....ਕਿ ਕਰ ਰਹੀ ਸੀ ਤੇਰੇ ਮਗਰ ਹੋਸ਼ ਆਈ ਤਾਂ ਸ਼ਇਦ ਸ਼ਰਮ ਵੀ ਆਈ ਥੋੜੀ ਆਪਣੇ ਆਪ ਤੇ ...ਮੈਨੂੰ ਮੇਰਾ ਨਿਕਾ ਜਹਾ ਵੀਰਾ ਯਾਦ ਆਇਆ ਜਦੋ ਉਸਨੂੰ ਮੈਂ ਬਾਬਾ ਨਾਨਕ ਜੀ ਕੋਲੋਂ ਮੰਗਿਆ ਕਰਦੀ ਸੀ ....ਹਰ ਵਖਤ ਸਾਥ ਦੇਣ ਵਾਲਾ ਵੀਰ ਮੇਰਾ ...ਤੇਰੇ ਉਹ ਝੂਠੇ ਪਿਆਰ ਮੂਹਰੇ ਕੀਤੇ ਵਡਾ ਲਗ ਰਿਹਾ ਸੀ ਤਾਂ ਕਹਾ ਮਾਫ਼ ਕਰੀ ਤੂੰ ਮੈਨੂੰ ਆਪਣੇ ਵਲੋਂ ਸੱਜਾ ਦਿਤੀ ਸੀ ਪਰ ਦੇਖ ਤੇਰੀ ਸੱਜਾ ਦਾ ਮੇਰੇ ਤੇ ਕੋਈ ਅਸਰ ਨਹੀਂ ਹੋਇਆ ...

ਬਸ ਮੈਂ ਤੇਰੇ ਪਿੱਛੇ ਮਰ ਨਾ ਸਕੀ ...ਓਹਦਾ ਪਯਾਰ ਸਾਰੀ ਉਮਰ ਕਰਦੀ ਰਹੂ....ਇਹਦੇ ਚ ਕੋਈ ਸ਼ੱਕ ਨਹੀਂ ਪਰ ਜੇ ਘਰਦਿਆਂ ਨੂੰ ਮੇਰੇ ਮਰਨ ਤੋਂ ਮਗਰ ਤਾਨ੍ਹੇ ਸੁਣਨ ਨੂੰ ਮਿਲੇ ਤੇ ....ਤੇ ਸ਼ਇਦ ਹਰ ਇਕ ਕੁੜੀ ਦੀ ਬੇਜਤੀ ਜਹੀ ਹੁੰਦੀ...ਅਜੇ ਵੀ ਜਿੰਦਾ ਹਾਂ ਮੈਂ ਇਕ ਆਸ ਤੇ ਕਿ ਸ਼ਇਦ ਕਿਹੜਾ ਵਡਾ ਇਲਜਾਮ ਸੀ ਜੋ ਮੇਰੇ ਹੱਥੋਂ ਮੇਰੇ ਘਰਦਿਆਂ ਤੇ ਲਗਣੋ ਬਚ ਗਿਆ ।

ਮੇਰੇ ਮਾਂ ਤੇ ਮੇਰੇ ਡੈਡੀ ਜੀ ਨੂੰ ਓਹਨਾ ਦੀ ਜੋਤ ਵਲੋਂ ਬਹੁਤ ਸਾਰਾ ਪਿਆਰ ....!!

# ਸਰਦਾਰਾਂ ਵਾਲਾ ਪਿੰਡ



ਕੁਝ ਦਿਨ ਪਹਿਲਾਂ ਮੈਂ ਆਪਣੇ ਸ਼ਹਿਰ ਦੇ ਇੱਕ ਬੈਂਕ ਵਿੱਚ ਐੱਫ ਡੀ ਦੇ ਸਬੰਧ ਵਿੱਚ ਗਿਆ ਸੀ। ਲੰਚ ਬਰੇਕ ਹੋਣ ਕਾਰਨ ਮੈਂ ਬੈਂਕ ਦੇ ਅੰਦਰ ਹੀ ਮੇਨ ਗੇਟ ਕੋਲ ਪਈਆਂ ਕੁਰਸੀਆਂ ’ਤੇ ਬੈਠ ਗਿਆ। ਉੱਥੇ ਪਹਿਲਾਂ ਹੀ ਦੋ ਬਜ਼ੁਰਗ ਬੈਠੇ ਸਨ। ਸ਼ਾਇਦ ਉਹ ਵੀ ਲੰਚ ਬਰੇਕ ਖ਼ਤਮ ਹੋਣ ਦੀ ਉਡੀਕ ਕਰ ਰਹੇ ਸਨ। ਉਹ ਆਪਸ ਵਿੱਚ ਗੱਲਾਂ ਕਰ ਰਹੇ ਸਨ। ਮੈਂ ਵੀ ਕੋਲ ਜਾ ਕੇ ਬੈਠਣ ਕਾਰਨ ਉਨ੍ਹਾਂ ਦੀ ਗੱਲਬਾਤ ਵਿੱਚ ਸ਼ਾਮਲ ਹੋ ਗਿਆ। ਗੱਲਾਂ-ਗੱਲਾਂ ’ਚ ਇੱਕ ਬਜ਼ੁਰਗ ਨੇ ਪੁੱਛਿਆ, “ਕਾਕਾ, ਤੇਰਾ ਪਿੰਡ ਕਿਹੜਾ ਹੈ?” ਮੈਂ ਆਦਤਨ ਆਪਣੀ ਮੌਜੂਦਾ ਰਿਹਾਇਸ਼ ਵਾਲੇ ਸ਼ਹਿਰ (ਧੂਰੀ) ਅਤੇ ਆਪਣੇ ਪਿਛੋਕੜ ਵਾਲੇ ਪਿੰਡ ਦਾ ਨਾਮ ਦੱਸ ਦਿੱਤਾ। ਪਿੰਡ ਦਾ ਨਾਮ ਸੁਣਦਿਆਂ ਹੀ ਬਜ਼ੁਰਗ ਤ੍ਰਭਕ ਕੇ ਬੋਲਿਆ, “ਅੱਛਾ! ਕਾਕਾ, ਤੂੰ ਤਾਂ ਸਰਦਾਰਾਂ ਵਾਲੇ ਪਿੰਡ ਤੋਂ ਹੈਂ!” ਇਹ ਗੱਲ ਮੈਂ ਪਹਿਲਾਂ ਵੀ ਕਈ ਵਾਰ ਸੁਣੀ ਸੀ। ਆਸ-ਪਾਸ ਦੇ ਪਿੰਡਾਂ ਦੇ ਲੋਕ ਸਾਡੇ ਪਿੰਡ ਨੂੰ ਅਕਸਰ ‘ਸਰਦਾਰਾਂ ਵਾਲਾ ਪਿੰਡ’ ਕਹਿੰਦੇ ਸਨ ਪਰ ਅੱਜ ਪਿੰਡ ਦੀ ਆਰਥਿਕ ਹਾਲਤ ਉਹ ਨਹੀਂ ਰਹੀ ਜੋ ਕਦੇ ਹੋਇਆ ਕਰਦੀ ਸੀ। ਮੈਂ ਪੁੱਛਿਆ, “ਬਜ਼ੁਰਗੋ, ਤੁਸੀਂ ਕਿਹੜੇ ਸਰਦਾਰਾਂ ਦੀ ਗੱਲ ਕਰਦੇ ਹੋ?”

ਉਹ ਹੈਰਾਨੀ ਨਾਲ ਬੋਲਿਆ, “ਕਾਕਾ, ਮੈਂ ਫਲਾਂ-ਫਲਾਂ ਸਿੰਘ ਤੇ ਫਲਾਂ ਮਾਨ ਦੀ ਗੱਲ ਕਰ ਰਿਹਾ ਹਾਂ, ਜਿਨ੍ਹਾਂ ਨੂੰ ਇਲਾਕੇ ਵਿੱਚ ਨੀਲੇ ਫੋਰਡ ਵਾਲੇ ਸਰਦਾਰ ਕਿਹਾ ਜਾਂਦਾ ਸੀ!” ਇੱਕ ਪਲ ਮੇਰੇ ਸਾਹਮਣੇ ਪਿੰਡ ਦੇ ਪੁਰਾਣੇ ਸਮੇਂ ਦੀ ਤਸਵੀਰ ਆ ਗਈ। ਮੈਂ ਸਮਝ ਗਿਆ ਕਿ ਬਜ਼ੁਰਗ ਕਿਹੜੇ ਪਰਿਵਾਰਾਂ ਦੀ ਗੱਲ ਕਰ ਰਿਹਾ ਸੀ। ਪਰ ਮੇਰੇ ਮਨ ਵਿੱਚ ਤੁਰੰਤ ਇੱਕ ਸਵਾਲ ਉੱਠਿਆ- ਅੱਜ ਤਾਂ ਇਨ੍ਹਾਂ ਪਰਿਵਾਰਾਂ ਕੋਲ ਬਹੁਤੀ ਜ਼ਮੀਨ ਨਹੀਂ। ਕੋਈ ਵਿੱਘਿਆਂ ਦਾ ਮਾਲਕ ਹੈ ਤੇ ਕੋਈ ਮਰਲਿਆਂ ਦਾ। ਫਿਰ ਇਹ ਬਜ਼ੁਰਗ ਉਨ੍ਹਾਂ ਨੂੰ ਵੀਹ-ਵੀਹ, ਤੀਹ-ਤੀਹ ਅਤੇ ਚਾਲੀ-ਚਾਲੀ ਕਿੱਲਿਆਂ ਦੇ ਮਾਲਕ ਕਿਵੇਂ ਦੱਸ ਰਿਹਾ ਹੈ? ਬਜ਼ੁਰਗ ਆਪਣੀਆਂ ਯਾਦਾਂ ’ਚੋਂ ਪੁਰਾਣਾ ਪਿੰਡ ਕੱਢ ਕੇ ਮੇਰੇ ਸਾਹਮਣੇ ਰੱਖ ਰਿਹਾ ਸੀ। ਉਹ ਦੱਸ ਰਿਹਾ ਸੀ ਕਿ ਸਾਡੇ ਪਿੰਡ ਦੇ ਜ਼ਿਮੀਦਾਰਾਂ ਕੋਲ ਆਸ-ਪਾਸ ਦੇ ਪਿੰਡਾਂ ਦੇ ਜ਼ਿਮੀਦਾਰਾਂ ਨਾਲੋਂ ਕਿਤੇ ਵੱਧ ਜ਼ਮੀਨ ਹੁੰਦੀ ਸੀ। ਉਨ੍ਹਾਂ ਦਾ ਪਿੰਡ ਵਿੱਚ ਹੀ ਨਹੀਂ ਸਗੋਂ ਪੂਰੇ ਇਲਾਕੇ ਵਿੱਚ ਰੋਅਬ ਹੁੰਦਾ ਸੀ। ਫਿਰ ਉਸ ਨੇ ਇੱਕ ਅਜਿਹਾ ਵਾਕ ਕਿਹਾ ਜੋ ਮੇਰੇ ਮਨ ਵਿੱਚ ਅੱਜ ਤੱਕ ਵੱਸਿਆ ਹੋਇਆ ਹੈ। “ਕਾਕਾ, ਤੇਰੇ ਪਿੰਡ ਦੇ ਫਲਾਂ ਸਰਦਾਰ ਦੇ ਖੇਤ ’ਚੋਂ ਤਾਂ ਹਵਾ ਵੀ ਪੁੱਛ ਕੇ ਲੰਘਦੀ ਸੀ!” ਇਹ ਵਾਕ ਸਿਰਫ਼ ਕਿਸੇ ਵਿਅਕਤੀ ਦੇ ਰੋਅਬ ਦੀ ਕਹਾਣੀ ਨਹੀਂ ਸੀ। ਇਹ ਇੱਕ ਅਜਿਹੇ ਸਮੇਂ ਦੀ ਯਾਦ ਸੀ ਜਦੋਂ ਜ਼ਮੀਨ ਹੀ ਪਿੰਡ ਦੀ ਸਭ ਤੋਂ ਵੱਡੀ ਤਾਕਤ, ਪਛਾਣ ਅਤੇ ਦੌਲਤ ਹੁੰਦੀ ਸੀ। ਬਜ਼ੁਰਗ ਨੇ ਅੱਗੇ ਦੱਸਿਆ ਕਿ ਪਿੰਡ ਦੇ ਆਲੇ-ਦੁਆਲੇ ਬਣੇ ਕਈ ਗੋਦਾਮ, ਸ਼ੈੱਲਰ, ਫੈਕਟਰੀਆਂ ਅਤੇ ਕਾਰਖਾਨੇ ਉਨ੍ਹਾਂ ਹੀ ਪਰਿਵਾਰਾਂ ਦੇ ਖੇਤਾਂ ਵਿੱਚ ਉਸਰੇ ਹੋਏ ਹਨ। ਇਹ ਗੱਲ ਮੇਰੇ ਲਈ ਨਵੀਂ ਸੀ।

ਮੈਂ ਸੋਚਣ ਲੱਗਾ- ਜਿਨ੍ਹਾਂ ਖੇਤਾਂ ਨੂੰ ਕਦੇ ਇਨ੍ਹਾਂ ਪਰਿਵਾਰਾਂ ਦੀ ਸ਼ਾਨ ਸਮਝਿਆ ਜਾਂਦਾ ਸੀ ਅੱਜ ਉਨ੍ਹਾਂ ਖੇਤਾਂ ’ਚ ਹੋਰਾਂ ਦੇ ਕਾਰਖਾਨੇ ਖੜ੍ਹੇ ਹਨ। ਜਿਨ੍ਹਾਂ ਪਰਿਵਾਰਾਂ ਕੋਲ ਕਦੇ ਤੀਹ-ਚਾਲੀ ਕਿੱਲੇ ਜ਼ਮੀਨ ਹੁੰਦੀ ਸੀ, ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਕੋਲ ਹੁਣ ਵਿੱਘੇ ਤੇ ਮਰਲੇ ਹੀ ਰਹਿ ਗਏ ਹਨ। ਕਦੇ ਜਿਹੜੀ ਜ਼ਮੀਨ ਪਰਿਵਾਰਾਂ ਦੀ ਤਾਕਤ ਸੀ, ਉਹ ਹੌਲੀ-ਹੌਲੀ ਵਿਕਦੀ ਗਈ। ਕਿਸੇ ਨੇ ਲੋੜ ਵੇਲੇ ਵੇਚੀ ਹੋਵੇਗੀ, ਕਿਸੇ ਨੇ ਕਾਰੋਬਾਰ ਲਈ ਤੇ ਕਿਸੇ ਨੇ ਸ਼ੌਕ ਲਈ। ਕਿਸੇ ਨੇ ਸ਼ਾਇਦ ਇਹ ਸੋਚ ਕੇ ਕਿ ਜ਼ਮੀਨ ਤਾਂ ਬਹੁਤ ਹੈ, ਥੋੜ੍ਹੀ ਵਿੱਕ ਗਈ ਤਾਂ ਕੀ ਹੋਇਆ। ਪਰ ਜ਼ਮੀਨ ਵਿਕਣ ਤੋਂ ਬਾਅਦ ਮੁੜ ਖ਼ਰੀਦਣੀ ਸੌਖੀ ਨਹੀਂ ਹੁੰਦੀ। ਕੌਡੀਆਂ ਦੇ ਭਾਅ ਵਿਕੀ ਜ਼ਮੀਨ ’ਤੇ ਅੱਜ ਵੱਡੀਆਂ-ਵੱਡੀਆਂ ਇਮਾਰਤਾਂ, ਸ਼ੈੱਲਰ ਅਤੇ ਫੈਕਟਰੀਆਂ ਖੜ੍ਹੀਆਂ ਹਨ। ਜਿੱਥੇ ਕਦੇ ਮੋਤੀਆਂ ਵਰਗੀ ਕਣਕ ਉੱਗਦੀ ਹੋਵੇਗੀ ਅੱਜ ਉਸ ਜ਼ਮੀਨ ਦੀ ਛਾਤੀ ਉਪਰ ਗੱਡੀਆਂ ਚਿਮਨੀਆਂ ਬਿਮਾਰੀਆਂ ਵੰਡ ਰਹੀਆਂ ਹਨ। ਉਹ ਚਿਮਨੀਆਂ ਸਿਰਫ਼ ਧੂੰਆਂ ਨਹੀਂ ਛੱਡਦੀਆਂ- ਉਹ ਸਾਨੂੰ ਇੱਕ ਸਵਾਲ ਵੀ ਪੁੱਛਦੀਆਂ ਹਨ: ਕੀ ਅਸੀਂ ਆਪਣੀ ਅਗਲੀ ਪੀੜ੍ਹੀ ਦੀ ਪੂੰਜੀ ਨੂੰ ਅੱਜ ਦੀਆਂ ਲੋੜਾਂ ਲਈ ਵੇਚ ਤਾਂ ਨਹੀਂ ਦਿੱਤਾ? ਕੁਝ ਦਿਨਾਂ ਬਾਅਦ ਮੈਂ ਪਿੰਡ ਵੱਲ ਜਾ ਰਿਹਾ ਸੀ।

ਇਸ ਵਾਰ ਜਦੋਂ ਮੈਂ ਉਨ੍ਹਾਂ ਸ਼ੈੱਲਰਾਂ, ਫੈਕਟਰੀਆਂ ਅਤੇ ਕਾਰਖਾਨਿਆਂ ਕੋਲੋਂ ਲੰਘਿਆ ਤਾਂ ਮੇਰਾ ਨਜ਼ਰੀਆ ਪਹਿਲਾਂ ਨਾਲੋਂ ਵੱਖਰਾ ਸੀ। ਇੱਕ ਫੈਕਟਰੀ ਦੇ ਅੰਦਰ ਮੇਰੇ ਪਿੰਡ ਦੇ ਬਹੁਤ ਸਾਰੇ ਲੋਕ ਮਜ਼ਦੂਰ ਵਜੋਂ ਕੰਮ ਕਰਦੇ ਹਨ। ਥੋੜ੍ਹੇ ਲੋਕ ਸੁਪਰਵਾਈਜ਼ਰ ਹਨ। ਫੈਕਟਰੀ ਵਿੱਚ ਮਜ਼ਦੂਰ, ਮਕੈਨਿਕ, ਇੰਜਨੀਅਰ ਜ਼ਿਆਦਾਤਰ ਪਰਵਾਸੀ ਹਨ। ਜਿਉਂ ਹੀ ਮੈਂ ਉਸ ਫੈਕਟਰੀ ਦੇ ਗੇਟ ਕੋਲੋਂ ਲੰਘਣ ਲੱਗਾ ਤਾਂ ਮੇਰੀ ਨਜ਼ਰ ਇੱਕ ਸਰਦਾਰ ਸੁਰੱਖਿਆ ਕਰਮੀ ’ਤੇ ਪਈ ਜੋ ਨੀਲੇ ਫੋਰਡ ਵਾਲੇ ਸਰਦਾਰਾਂ ਦੀ ਜ਼ਮੀਨ ’ਤੇ ਉੱਸਰੀ ਫੈਕਟਰੀ ਦੇ ਗੇਟ ਅੱਗੇ ਨੀਲੀ ਵਰਦੀ ਪਾਈ ਖੜ੍ਹਾ ਸੀ ਅਤੇ ਅੰਦਰ ਜਾਣ ਵਾਲੇ ਹਰ ਵਿਅਕਤੀ ਦੀ ਚੰਗੀ ਤਰ੍ਹਾਂ ਜਾਂਚ ਕਰ ਰਿਹਾ ਸੀ। ਮੇਰੇ ਮਨ ਵਿੱਚ ਤੁਰੰਤ ਬੈਂਕ ਵਾਲੇ ਬਜ਼ੁਰਗ ਦੀ ਗੱਲ ਗੂੰਜੀ, “ਤੇਰੇ ਪਿੰਡ ਦੇ ਸਰਦਾਰ ਦੇ ਖੇਤ ਵਿੱਚੋਂ ਤਾਂ ਹਵਾ ਵੀ ਪੁੱਛ ਕੇ ਲੰਘਦੀ ਸੀ।”

ਮੈਂ ਕੁਝ ਪਲ ਲਈ ਉਸ ਗੇਟ ਵੱਲ ਦੇਖਦਾ ਰਿਹਾ। ਇਹ ਉਹੀ ਜ਼ਮੀਨ ਸੀ ਪਰ ਹੁਣ ਇਸ ਜ਼ਮੀਨ ਦਾ ਮਾਲਕ ਕੌਣ ਸੀ? ਗੇਟ ’ਤੇ ਖੜ੍ਹਾ ਸੁਰੱਖਿਆ ਕਰਮੀ ਕਿਸੇ ਨੂੰ ਅੰਦਰ ਜਾਣ ਦੇ ਰਿਹਾ ਸੀ ਅਤੇ ਕਿਸੇ ਨੂੰ ਰੋਕ ਰਿਹਾ ਸੀ। ਦੂਜੇ ਪਾਸੇ ਇੱਕ ਛੋਟੇ ਜਿਹੇ ਹੋਟਲ ’ਤੇ ਟਰੱਕ ਡਰਾਈਵਰ ਚਾਹ ਪੀ ਰਹੇ ਅਤੇ ਤਾਸ਼ ਖੇਡ ਰਹੇ ਸਨ। ਨਾਲ ਹੀ ਮੋਟਰ ਦਾ ਪੁਰਾਣੀਆਂ ਇੱਟਾਂ ਵਾਲਾ ਕੋਠਾ ਢਹਿ-ਢੇਰੀ ਹੋ ਰਿਹਾ ਸੀ। ਕੋਲ ਪਿਆ ਟੁੱਟਿਆ-ਖਿੱਲਰਿਆ ਚੁਬੱਚਾ ਵੀ ਜਿਵੇਂ ਆਪਣੇ ਆਖ਼ਰੀ ਸਾਹ ਲੈ ਰਿਹਾ ਸੀ। ਇੱਕ ਪਾਸੇ ਨਵੀਂ ਫੈਕਟਰੀ ਦੀਆਂ ਉੱਚੀਆ-ਉੱਚੀਆਂ ਕੰਧਾਂ ਸਨ ਅਤੇ ਦੂਜੇ ਪਾਸੇ ਪੁਰਾਣੇ ਖੇਤੀਬਾੜੀ ਵਾਲੇ ਸਮੇਂ ਦੀਆਂ ਨਿਸ਼ਾਨੀਆਂ ਮਿੱਟੀ ਵਿੱਚ ਰਲ ਰਹੀਆਂ ਸਨ। ਇਹ ਦ੍ਰਿਸ਼ ਆਪਣੇ ਆਪ ਵਿੱਚ ਇੱਕ ਪੂਰਾ ਇਤਿਹਾਸ ਸੀ। ਮੇਰੇ ਪਿੰਡ ਦੇ ਉਨ੍ਹਾਂ ਪਰਿਵਾਰਾਂ ਦੇ ਮੁੰਡੇ ਵੀ ਅੱਜ ਇਨ੍ਹਾਂ ਫੈਕਟਰੀਆਂ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਦੀ ਗੱਲ ਬੈਂਕ ਵਿੱਚ ਮਿਲਿਆ ਬਜ਼ੁਰਗ ਕਰ ਰਿਹਾ ਸੀ। ਉਹ ਪਰਿਵਾਰ, ਜਿਨ੍ਹਾਂ ਕੋਲ ਕਦੇ ਦਰਜਨਾਂ ਕਿੱਲੇ ਜ਼ਮੀਨ ਸੀ, ਅੱਜ ਉਨ੍ਹਾਂ ਦੀ ਆਪਣੀ ਪੁਰਾਣੀ ਜ਼ਮੀਨ ’ਤੇ ਬਣੀ ਫੈਕਟਰੀ ਵਿੱਚ ਉਹ ਰੁਜ਼ਗਾਰ ਦੀ ਤਲਾਸ਼ ਵਿੱਚ ਖੜ੍ਹੇ ਸਨ। ਕਦੇ ਜਿਨ੍ਹਾਂ ਦੇ ਖੇਤਾਂ ਵਿੱਚੋਂ ਹਵਾ ਪੁੱਛ ਕੇ ਲੰਘਦੀ ਸੀ ਅੱਜ ਉਨ੍ਹਾਂ ਦੀਆਂ ਪੀੜ੍ਹੀਆਂ ਸ਼ਾਇਦ ਉਸੇ ਜ਼ਮੀਨ ’ਤੇ ਬਣੀ ਫੈਕਟਰੀ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਗੇਟ ’ਤੇ ਆਪਣੀ ਜਾਂਚ ਕਰਵਾਉਂਦੀਆਂ ਹੋਣਗੀਆਂ। ਇਹ ਵਿਚਾਰ ਹੀ ਮਨ ਨੂੰ ਅੰਦਰ ਤੱਕ ਝੰਜੋੜ ਦਿੰਦਾ ਹੈ। ਪਰ ਇਸ ਕਹਾਣੀ ਨੂੰ ਸਿਰਫ਼ ਕਿਸੇ ਇੱਕ ਪਰਿਵਾਰ ਦੀ ਗ਼ਲਤੀ ਕਹਿ ਦੇਣਾ ਵੀ ਠੀਕ ਨਹੀਂ ਹੋਵੇਗਾ। ਸਮੇਂ ਦੇ ਹਾਲਾਤ, ਪਰਿਵਾਰਕ ਲੋੜਾਂ, ਬਦਲਦੀ ਖੇਤੀ, ਕਰਜ਼ੇ, ਕਾਰੋਬਾਰ ਅਤੇ ਬਦਲਦੀਆਂ ਸਮਾਜਿਕ ਕਦਰਾਂ-ਕੀਮਤਾਂ, ਇਹ ਸਾਰੇ ਕਾਰਨ ਰਹੇ ਹੋਣਗੇ। ਪਰ ਇੱਕ ਗੱਲ ਸਪੱਸ਼ਟ ਹੈ- ਜ਼ਮੀਨ ਵੇਚਣ ਦਾ ਫ਼ੈਸਲਾ ਇੱਕ ਵਿਅਕਤੀ ਕਰਦਾ ਹੈ ਪਰ ਉਸ ਦਾ ਪ੍ਰਭਾਵ ਕਈ ਪੀੜ੍ਹੀਆਂ ਤੱਕ ਜਾਂਦਾ ਹੈ। ਪੰਜਾਬ ਵਿੱਚ ਜ਼ਮੀਨ ਸਿਰਫ਼ ਮਿੱਟੀ ਦਾ ਟੁਕੜਾ ਨਹੀਂ। ਇਹ ਇੱਕ ਪਰਿਵਾਰ ਦੀ ਆਰਥਿਕ ਸੁਰੱਖਿਆ, ਪਛਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸੰਭਾਵਨਾ ਵੀ ਰਹੀ ਹੈ।

ਇੱਕ ਪਾਸੇ ‘ਨੀਲੇ ਫੋਰਡ ਵਾਲੇ ਸਰਦਾਰ’ ਹਨ, ਜਿਨ੍ਹਾਂ ਦੀਆਂ ਕਹਾਣੀਆਂ ਅੱਜ ਬਜ਼ੁਰਗਾਂ ਦੀਆਂ ਯਾਦਾਂ ਵਿੱਚ ਤਾਜ਼ਾ ਹਨ। ਦੂਜੇ ਪਾਸੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਹਨ ਜੋ ਕਦੇ ਆਪਣੀ ਜ਼ਮੀਨ ’ਤੇ ਬਣੇ ਕਾਰਖਾਨਿਆਂ ਵਿੱਚ ਰੁਜ਼ਗਾਰ ਲੱਭਦੀਆਂ ਹਨ। ਇਹ ਜ਼ਮੀਨ ਤੋਂ ਰੁਜ਼ਗਾਰ ਤੱਕ, ਮਾਲਕੀ ਤੋਂ ਮਜ਼ਦੂਰੀ ਤੱਕ ਅਤੇ ਖੇਤ ਤੋਂ ਫੈਕਟਰੀ ਤੱਕ ਦੇ ਬਦਲਦੇ ਪੰਜਾਬ ਦੀ ਕਹਾਣੀ ਹੈ। ਪਿੰਡ ਦੀਆਂ ਪੁਰਾਣੀਆਂ ਹਵੇਲੀਆਂ, ਢਹਿ ਰਹੇ ਮੋਟਰਾਂ ਦੇ ਕੋਠੇ, ਟੁੱਟੇ ਚੁਬੱਚੇ ਅਤੇ ਉਨ੍ਹਾਂ ਦੇ ਸਾਹਮਣੇ ਖੜ੍ਹੀਆਂ ਫੈਕਟਰੀਆਂ ਅੱਜ ਵੀ ਚੁੱਪਚਾਪ ਸਾਨੂੰ ਕੁਝ ਕਹਿ ਰਹੀਆਂ ਹਨ। ਸਵਾਲ ਸਿਰਫ਼ ਇਹ ਨਹੀਂ ਕਿ ਕਿੰਨੀ ਜ਼ਮੀਨ ਵਿਕ ਗਈ। ਸਵਾਲ ਇਹ ਹੈ ਕਿ ਉਸ ਜ਼ਮੀਨ ਦੇ ਨਾਲ ਕਿੰਨੀਆਂ ਪੀੜ੍ਹੀਆਂ ਦੀ ਤਾਕਤ ਵੀ ਵਿਕ ਗਈ? ਕਦੇ ਜਿਨ੍ਹਾਂ ਖੇਤਾਂ ਵਿੱਚ ਕਣਕ ਦੀਆਂ ਬੱਲੀਆਂ ਲਹਿਰਾਉਂਦੀਆਂ ਸਨ, ਅੱਜ ਉਨ੍ਹਾਂ ਦੀ ਹਿੱਕ ’ਤੇ ਚਿਮਨੀਆਂ ਅਤੇ ਕਾਰਖਾਨਿਆਂ ਦੀਆਂ ਕੰਧਾਂ ਖੜ੍ਹੀਆਂ ਹਨ। ਸਮਾਂ ਬਦਲ ਗਿਆ ਹੈ। ਸਰਦਾਰਾਂ ਵਾਲੇ ਪਿੰਡ ਦਾ ਉਹ ਰੁਤਬਾ ਹੁਣ ਯਾਦਾਂ ਵਿੱਚ ਰਹਿ ਗਿਆ ਹੈ ਅਤੇ ਅੱਖਾਂ ਸਾਹਮਣੇ ਇੱਕ ਹੋਰ ਸਫ਼ਰ ਹੈ- ਸਰਦਾਰਾਂ ਤੋਂ ਲਾਚਾਰਾਂ ਤੱਕ ਦਾ ਸਫ਼ਰ।

ਦਲੀਪ ਸਿੰਘ ਮਾਨਵਾਲਾ
ਸੰਪਰਕ: 88726-00579

# ਕੁੜੀਆਂ ਤਾਂ ਕੜਮੀਆਂ

ਨਿੱਕੇ ਨਿੱਕੇ ਹੱਥ ਪੈਰਾਂ ਵਾਲੀ ਟਿੱਡੀ ਜਿਹੀ ਨੂੰ ਜਦੋਂ ਨਰਸ ਨੇ ਮੈਨੂੰ ਫੜਾਇਆ ਤਾਂ ਮਨ 'ਚ ਕਈ ਗੱਲਾਂ ਘੁੰਮਣ ਲੱਗੀਆਂ ਕਿ ਕੁੜੀਆਂ ਤਾਂ ਕੜਮੀਆਂ ਹੁੰਦੀਆਂ।

ਜੰਮਦੀ ਮਗਰੋਂ ਏ ਕਰਜ਼ਾ ਪਹਿਲਾਂ ਚੜ੍ਹਾ ਦਿੰਦੀ ਏ ... ਪੱਗ ਰੋਲਣ ਲੱਗੀਆਂ ਮਿੰਟ ਨੀ ਲਗਾਉਂਦੀਆਂ। ਮੇਰੇ ਹੱਥਾਂ 'ਚ ਅਜੀਬ ਜੇਹੀ ਕੰਬਣੀ ਛਿੜ ਗਈ ।

ਤੀਜੀ ਵੀ ਕੁੜੀ ਤੇ ਦੋ ਵੱਡੇ ਆਪ੍ਰੇਸ਼ਨ ... ਡਾਕਟਰ ਨੇ ਇਹ ਵੀ ਕਹਿ ਦਿੱਤਾ ਕਿ ਹੁਣ ਨਾ ਅੱਗੇ ਕੋਈ ਬੱਚਾ ਲੈਣਾ। ਮੇਰੀ ਘਬਰਾਹਟ ਮੰਜੇ ਤੇ ਪਈ ਮੇਰੀ ਜੀਵਨ ਸਾਥਣ ਸਮਝ ਰਹੀ ਸੀ ਤੇ ਉਹਨੇ ਮੈਨੂੰ ਇਸ਼ਾਰਾ ਕਰਦੇ ਹੋਏ ਕਿਹਾ ਲਿਆਉ ਮੈਂ ਦੁੱਧ ਪਿਲਾ ਦੇਵਾਂ ।

ਨਿੱਕੀ ਜੇਹੀ ਟਿੱਡੀ ਮੇਰੇ ਵੱਲ ਦੇਖ ਮੁਸਕਰਾਈ ਤੇ ਹੱਥ ਪੈਰ ਮਾਰਨ ਲੱਗੀ। ਮੈਂ ਵੀ ਮੁਸਕਰਾ ਪਿਆ। ਸਾਰਾ ਕੁਛ ਭੁੱਲ ਗਿਆ ਤੇ ਉਸ ਟਿੱਡੀ ਦਾ ਮੱਥਾ ਚੁੰਮ ਲਿਆ। ਦਿਲ ਨੇ ਕਿਹਾ ਕਿ ਕੁੜੀਆਂ ਚੰਗੇ ਕਰਮ ਨਾਲ ਲੈ ਕੇ ਜੰਮਦੀਆਂ। ਮੈਂ ਘੁੱਟ ਕੇ ਉਸਨੂੰ ਸੀਨੇ ਲਾ ਲਿਆ।

ਸਰੀਰ ਸਕੂਨ ਨਾਲ ਭਰ ਗਿਆ ਤੇ ਮੈਂ ਜੀਵਨਸਾਥਣ ਨੂੰ ਟਿੱਡੀ ਫੜ੍ਹਾ ਕੇ ਮਿਠਿਆਈ ਦਾ ਡੱਬਾ ਲੈਣ ਚਲਾ ਗਿਆ ਤੇ 350 ਦਾ ਡੱਬਾ ਸੀ ਤੇ ਬਾਕੀ ਤੇ ਪੈਸੇ ਮੈਂ ਦੁਕਾਨ ਵਾਲੇ ਨੂੰ ਕਿਹਾ ਕਿ ਰੱਖ ਲੈ, ਮੈਂ ਅੱਜ ਖੁਸ਼ ਹਾਂ ਮੇਰੇ ਘਰ ਇੱਕ ਹੋਰ ਪਰੀ ਆਈ ਏ।

ਸੱਚੀ ਆਖਦੇ ਆਪ ਨੂੰ ਫ਼ਿਕਰ ਦੇਣ ਵਾਲੇ ਅਸੀਂ ਖੁਦ ਹਾਂ ਜੋ ਲੋਕਾਂ ਦੀਆਂ ਗੱਲਾਂ ਨੂੰ ਪ੍ਰਵਚਨ ਮੰਨ ਮਨ 'ਚ ਬਿਠਾ ਲੈਂਦੇ ਹਾਂ ਤੇ ਆਂਵਦਿਆਂ ਨੂੰ ਦੁਰਕਾਰਨ ਲੱਗਦੇ ਹਾਂ।

ਲਿਖਤ– ਬਰਾੜ ਜੈਸੀ






ਪੰਜਾਬ ਸਟਾਰ
www.punjabstar.com

# ਸੁਰਿੰਦਰਜੀਤ ਦਾ 'ਅੱਖੀਂ ਡਿੱਠਾ ਭਾਰਤੀ ਕਿਸਾਨ ਅੰਦੋਲਨ 2020-2021': ਇੱਕ ਅਹਿਮ ਇਤਿਹਾਸਕ ਦਸਤਾਵੇਜ਼

ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ 26 ਨਵੰਬਰ 2020 ਨੂੰ ਆਰੰਭ ਹੋਇਆ ਕਿਸਾਨ ਅੰਦੋਲਨ 378 ਦਿਨ ਚੱਲਿਆ। ਇਹ ਅੰਦੋਲਨ ਨਾ ਕੇਵਲ ਭਾਰਤ ਦਾ ਹੀ, ਸਗੋਂ ਵਿਸ਼ਵ-ਭਰ ਦੇ ਕਿਸਾਨ ਅੰਦੋਲਨਾਂ ਨਾਲੋਂ ਗਿਣਤੀ ਤੇ ਮਿਣਤੀ ਵਿੱਚ ਸੱਭ ਤੋਂ ਵੱਡਾ ਤੇ ਲੰਮਾ ਸਮਾਂ ਚੱਲਣ ਵਾਲਾ ਅੰਦੋਲਨ ਸੀ। ਇਸ ਅੰਦੋਲਨ ਵਿੱਚ ਨਾ ਕੇਵਲ ਪੰਜਾਬ ਕੇਵਲ ਪੰਜਾਬ ਤੇ ਹਰਿਆਣੇ ਦੀਆਂ 40 ਤੋਂ ਵਧੀਕ ਵੱਖ-ਵੱਖ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਹੀ ਸ਼ਾਮਲ ਸਨ, ਸਗੋਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਉੱਤਰਾ ਖੰਡ, ਰਾਜਸਥਾਨ, ਬੰਗਾਲ, ਕਰਨਾਟਕਾ, ਮਹਾਂਰਾਸ਼ਟਰ, ਆਦਿ ਰਾਜਾਂ ਦੇ ਕਿਸਾਨ ਅਤੇ ਮਜ਼ਦੂਰ ਵੀ ਵੱਡੀ ਗਿਣਤੀ ਵਿੱਚ ਇਸ ਵਿੱਚ ਓਨੇ ਹੀ ਉਤਸ਼ਾਹ ਨਾਲ ਸ਼ਾਮਲ ਹੋਏ। ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਜੋਗਿੰਦਰ ਸਿੰਘ ਉਗਰਾਹਾਂ, ਰਾਕੇਸ਼ ਟਿਕੈਤ, ਯੋਗਿੰਦਰ ਯਾਦਵ, ਗਰਨਾਮ ਸਿੰਘ ਚੰਡੂਨੀ, ਜਗਜੀਤ ਸਿੰਘ ਡੱਲੇਵਾਲ, ਰੁਲਦੂ ਸਿੰਘ ਮਾਨਸਾ ਵਰਗੇ ਹੰਢੇ-ਵਰਤੇ ਕਿਸਾਨ ਲੀਡਰ ਇਸ ਅੰਦੋਲਨ ਦੀ ਅਗਵਾਈ ਕਰ ਰਹੇ ਸਨ। ਹਿੰਮਤੀ ਕਿਸਾਨਾਂ ਤੇ ਮਜ਼ਦੂਰਾਂ ਨੇ ਵੱਖ-ਵੱਖ ਸਮਾਜਿਕ ਤੇ ਸੱਭਿਆਚਾਰਕ ਜੱਥੇਬੰਦੀਆਂ ਦੀ ਸਹਾਇਤਾ ਨਾਲ ਭਰ-ਗਰਮੀ ਤੇ ਠੰਢੀ-ਯੱਖ਼ ਸਰਦੀ, ਮੀਂਹਾਂ, ਹਨੇਰੀਆਂ, ਝੱਖੜਾਂ ਤੇ ਤੂਫ਼ਾਨਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਭਾਰਤ ਸਰਕਾਰ ਵੱਲੋਂ ਬਣਾਏ ਗਏ ਕਿਸਾਨ ਵਿਰੋਧੀ ਤਿੰਨ 'ਕਾਲ਼ੇ ਕਾਨੂੰਨਾਂ' ਦਾ ਡੱਟਵਾਂ ਵਿਰੋਧ ਕਰਕੇ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਇਸ ਕਿਸਾਨ ਅੰਦੋਲਨ ਦੀ ਵਿਲੱਖਣਤਾ ਇਹ ਰਹੀ ਕਿ ਇਹ ਸਿਆਸੀ ਪਾਰਟੀਆਂ, ਗਰੁੱਪਾਂ ਅਤੇ ਨਿੱਜੀ ਹਿੱਤਾਂ ਤੋਂ ਉੱਪਰ ਰਹਿ ਕੇ ਸੱਚਾ-ਸੁੱਚਾ ਲੋਕ-ਸੰਘਰਸ਼ ਸੀ। ਇਸਦੇ ਨਾਲ ਹੀ ਇਸ ਵਿੱਚ 700 ਤੋਂ ਵਧੀਕ ਕਿਸਾਨਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਇਸ ਨੂੰ ਸਫ਼ਲ ਬਣਾਇਆ।

ਪੁਸਤਕ ਲੇਖਿਕਾ ਸੁਰਿੰਦਰਜੀਤ ਕੌਰ ਇਸ ਕਿਸਾਨ ਅੰਦੋਲਨ ਦੀ ਚਸ਼ਮਦੀਦ ਗਵਾਹ ਹੈ। ਉਹ ਕੈਨੇਡਾ ਦੇ 'ਪੰਜਾਬੀਆਂ ਦੇ ਗੜ੍ਹ' ਬਰੈਂਪਟਨ ਤੋਂ ਰਵਾਨਾ ਹੋ ਕੇ ਮਾਰਚ 2021 ਦੇ ਸ਼ੁਰੂ ਵਿੱਚ ਟਿੱਕਰੀ ਬਾਰਡਰ 'ਤੇ ਡਾ. ਸਵੈਮਾਨ ਸਿੰਘ ਦੀ ਅਗਵਾਈ ਵਿੱਚ ਬਣੇ 'ਪਿੰਡ ਕੈਲੇਫ਼ੋਰਨੀਆ' ਵਿਖੇ ਚਲਾਈ ਜਾ ਰਹੀ ਮੈਡੀਕਲ ਟੀਮ ਦੇ ਮੈਂਬਰਾਂ ਵਿੱਚ ਸ਼ਾਮਲ ਹੋਈ ਅਤੇ ਅੰਦੋਲਨ ਦੇ ਆਖ਼ਰੀ ਦਿਨ 12 ਦਸੰਬਰ ਨੂੰ ਕਿਸਾਨਾਂ ਅਤੇ ਮੈਡੀਕਲ ਟੀਮ ਦੇ ਅਖ਼ੀਰਲੇ ਜੱਥੇ ਨਾਲ ਪੰਜਾਬ ਵਾਪਸ ਪਰਤੀ। ਉਂਜ, ਇਹ ਅੰਦੋਲਨ ਪੰਜਾਬ ਵਿੱਚ ਅਕਤੂਬਰ 2020 ਵਿੱਚ ਹੀ ਸ਼ੁਰੂ ਹੋ ਗਿਆ ਸੀ ਪਰ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਕਾਰਨ ਕਿਸਾਨ ਨੇਤਾਵਾਂ ਨੂੰ ਇਹ ਦਿੱਲੀ ਦੇ ਆਲੇ- ਦੁਆਲੇ ਸਿੰਘੂ, ਟਿੱਕਰੀ, ਘਨੌਰ, ਗਾਜ਼ੀਪਰ, ਤੇ ਕੁੰਡਲੀ, ਆਦਿ ਬਾਰਡਰਾਂ 'ਤੇ ਲਿਜਾਣਾ ਪਿਆ ਅਤੇ ਉੱਥੇ ਡੱਟਵੇਂ ਮੋਰਚੇ ਲਗਾ ਕੇ ਉਨ੍ਹਾਂ ਨੂੰ ਇੱਕ ਸਾਲ ਤੋਂ ਵਧੇਰਾ ਸਮਾਂ ਕਿਸਾਨਾਂ ਦੀ ਹੋਂਦ ਦੀ ਇਹ ਲੜਾਈ ਲੜਨੀ ਪਈ। ਟਿੱਕਰੀ ਬਾਰਡਰ ਉੱਪਰ ਡਾ. ਸਵੈਮਾਨ ਸਿੰਘ ਦੀ ਅਗਵਾਈ ਵਿੱਚ 'ਭਾਈ ਘਨੱਈਆ ਮੈਡੀਕਲ ਕਲਿਨਿਕ ਤੇ ਮੋਦੀਖਾਨਾ' ਚੱਲ ਰਿਹਾ ਸੀ ਜਿੱਥੇ ਇਸ ਪੁਸਤਕ ਦੀ ਲੇਖਿਕਾ ਨੇ ਹੋਰ ਵਾਲੰਟੀਅਰਾਂ ਨਾਲ ਮਿਲ਼ ਕੇ ਸੰਘਰਸ਼ ਕਰ ਰਹੇ ਕਿਸਾਨਾਂ ਦੀ 10 ਮਹੀਨੇ ਤੋਂ ਵਧੀਕ ਸਮਾਂ ਸੇਵਾ ਕੀਤੀ। ਇਸ ਕੈਂਪ ਵਿੱਚ 'ਖ਼ਾਲਸਾ ਏਡ' ਤੇ ਹੋਰ ਕਈ ਸਮਾਜ-ਸੇਵੀ ਸੰਸਥਾਵਾਂ ਵੱਲੋਂ ਐਲੋਪੈਥੀ, ਹੋਮੀਓਪੈਥੀ, ਆਯੁਰਵੇਦ, ਆਕੂਪ੍ਰੈਸ਼ਰ, ਆਕੂਪੰਕਚਰ, ਆਦਿ ਮੈਡੀਕਲ ਥੈਰੇਪੀਆਂ ਤੋਂ ਇਲਾਵਾ ਛੋਟੇ-ਮੋਟੇ ਆਪਰੇਸ਼ਨ ਕਰਨ ਦਾ ਪ੍ਰਬੰਧ ਵੀ ਮੌਜੂਦ ਸੀ।

ਪੁਸਤਕ ਲੇਖਿਕਾ ਨੇ ਇਸ ਪੁਸਤਕ ਨੂੰ ਮੁੱਖ ਤੌਰ 'ਤੇ ਵਾਰਤਕ ਅਤੇ ਕਵਿਤਾ ਦੋ ਭਾਗਾਂ ਵਿੱਚ ਵੰਡਿਆ ਹੈ। ਕਵਿਤਾ ਭਾਗ ਦੇ ਅੱਗੋਂ ਉਸ ਨੇ ਦੋ ਹਿੱਸੇ 'ਕਿਸਾਨੀ' ਕਵਿਤਾ ਅਤੇ 'ਬਾਲ ਕਵਿਤਾ' ਬਣਾ ਦਿੱਤੇ ਹਨ। ਵਾਰਤਕ ਦੇ ਪਹਿਲੇ ਭਾਗ ਵਿੱਚ ਅੰਦੋਲਨ ਦੀ ਰੂਪ-ਰੇਖਾ ਤੇ ਇਸਦੇ ਵਿਸਥਾਰ ਨੂੰ ਦਰਸਾਉਂਦਿਆਂ ਹੋਇਆਂ ਉਹ ਇਸ ਵਿੱਚ 'ਦਿੱਲੀ ਕਿਸਾਨ ਅੰਦੋਲਨ ਦੇ ਅੱਖੀਂ ਡਿੱਠੇ ਝਲਕਾਰੇ', 'ਪੱਥਰੀਲੀ ਮਿੱਟੀ ਦਾ ਬੰਦਾ', 'ਭਾਈ ਘਨੱਈਆ ਮੈਡੀਕਲ ਕਲਿਨਿਕ ਤੇ ਮੋਦੀ ਖਾਨਾ', ' ਦੁਨੀਆਂ-ਭਰ ਦੀਆਂ ਮਸ਼ਹੂਰ ਹਸਤੀਆਂ ਦਾ ਸਮਰਥਨ', 'ਇਸ ਅੰਦੋਲਨ ਦੀ ਵਿਸ਼ੇਸ਼ਤਾ', 'ਕਿਸਾਨ ਮਾਰੂ ਤਿੰਨ ਖੇਤੀਬਾੜੀ ਅੰਦੋਲਨਾਂ ਵਿਰੁੱਧ ਅੰਦੋਲਨ', 'ਖੇਤੀ ਸਬੰਧੀ ਤਿੰਨ ਆਰਡੀਨੈਂਸ ਬਿੱਲ', '75 ਇੰਡੋ-ਕੈਨੇਡੀਅਨ ਸਾਹਿਤਕ ਤੇ ਸਮਾਜਿਕ ਜੱਥੇਬੰਦੀਆਂ ਦਾ ਸਮਰਥਨ' ਅਤੇ 'ਭਵਿੱਖੀ ਯੋਜਨਾਵਾਂ ਉਲੀਕੀਏ' ਵਰਗੇ 12 ਅਧਿਆਏ ਸ਼ਾਮਲ ਕੀਤੇ ਗਏ







ਹਨ, ਜਦਕਿ ਕਵਿਤਾ ਵਾਲੇ ਪਹਿਲੇ ਸੈੱਕਸ਼ਨ ਵਿੱਚ ਕਿਸਾਨਾਂ ਦੇ ਜੀਵਨ ਤੇ ਸੰਘਰਸ਼ ਬਾਰੇ 61 ਕਵਿਤਾਵਾਂ ਹਨ ਅਤੇ ਦੂਸਰੇ ਬਾਲ-ਸੈੱਕਸ਼ਨ ਵਿੱਚ 12 ਕਵਿਤਾਵਾਂ, ਕੁਝ ਪੱਤਰਾਂ ਅਤੇ ਅਹਿਮ ਪੰਜਾਬੀ ਲੇਖਕਾਂ ਤੇ ਸ਼ਖ਼ਸੀਅਤਾਂ ਨਾਲ ਮੁਲਾਕਾਤਾਂ ਹਨ। ਇਸ ਸੈੱਕਸ਼ਨ ਦੇ ਅਖ਼ੀਰ ਵਿੱਚ ਲੇਖਿਕਾ ਵੱਲੋਂ ਆਪਣਾ ਜੀਵਨ ਬਿਓਰਾ ਤੇ ਸਮੇਂ-ਸਮੇਂ ਮਿਲ਼ੇ ਮਾਨ-ਸਨਮਾਨਾਂ ਦੀ ਸੂਚੀ ਵੀ ਸ਼ਾਮਲ ਕੀਤੀ ਗਈ ਹੈ।

ਪੁਸਤਕ ਦੀ ਸਮੁੱਚੀ ਵਾਰਤਕ ਅਤੇ ਕਵਿਤਾ ਕਿਸੇ ਨਾ ਕਿਸੇ ਰੂਪ ਵਿੱਚ ਕਿਸਾਨੀ ਅਤੇ ਇਸ ਦੀਆਂ ਮੁਸ਼ਕਲਾਂ ਤੇ ਦੁਸ਼ਵਾਰੀਆਂ ਦੀ ਗੱਲ ਕਰਦੀ ਹੈ। ਇਹ ਸਾਰੀ ਦੀ ਸਾਰੀ ਵਾਰਤਾ ਪੜ੍ਹਨ ਵਾਲੀ ਹੈ। ਇਸ ਸੀਮਤ ਆਰਟੀਕਲ ਵਿੱਚ ਸਾਰੀ ਪੁਸਤਕ ਬਾਰੇ ਗੱਲ ਕਰਨੀ ਸੰਭਵ ਨਹੀਂ ਹੈ। ਅਲਬੱਤਾ, ਇਸ ਦੇ ਕੁਝ ਕੁ ਵਿਸੇਸ਼ ਪੱਖ ਇੱਥੇ ਉਜਾਗਰ ਕਰਨੇ ਜ਼ਰੂਰੀ ਹਨ। ਪੁਸਤਕ ਦੇ ਵਾਰਤਕ ਵਾਲੇ ਭਾਗ ਵਿੱਚ ਇਸ ਕਿਸਾਨ ਅੰਦੋਲਨ 'ਚ ਭਾਗ ਲੈ ਰਹੇ ਇੱਕ ਬਜ਼ੁਰਗ ਕਿਸਾਨ ਨਾਲ ਹੋਈ ਸੁਰਿੰਦਰਜੀਤ ਦੀ ਵਾਰਤਕ ਸ਼ੈਲੀ ਦਾ ਨਮੂੰਨਾ ਵੇਖੋ : ਬਾਪੂ ਦੇ ਕੋਲ ਬੈਠਿਆਂ ਮੈਂ ਉਨ੍ਹਾਂ ਦੇ ਹੱਥਾਂ-ਪੈਰਾਂ ਨੂੰ ਗਹੁ ਨਾਲ ਦੇਖਿਆ ਅਤੇ ਫਿਰ ਉਨ੍ਹਾਂ ਦੇ ਵਜੂਦ ਵੱਲ ਸਿਰ ਤੋਂ ਪੈਰਾਂ ਤੱਕ ਧਿਆਨ ਮਾਰਿਆ। ਉਨ੍ਹਾਂ ਦੇ ਹੱਥਾਂ ਦੇ ਉੱਪਰਲੇ ਇਵੇਂ ਸਨ, ਜਿਵੇਂ ਉਹ ਘਸਮੈਲ਼ੀ ਧੂੜ ਮਿੱਟੀ ਨੂੰ ਗੁੰਨ੍ਹ ਕੇ ਬਣਾਏ ਹੋਣ। ਹੱਥਾਂ ਦੀਆਂ ਤਲ਼ੀਆਂ ਜ਼ਰਾ ਕੁ ਜ਼ਿਆਦਾ ਘਸਮੈਲ਼ੀ ਭਾਅ ਮਾਰਦੀਆਂ ਸਨ। ਪੈਰ ਖ਼ਿੰਗਰ ਬਣੀਆਂ ਇੱਟਾਂ ਵਰਗੇ। ਉਹ ਹੱਡ-ਮਾਸ ਦੇ ਨਹੀਂ ਸਨ ਜਾਪਦੇ। ਮੈਂ ਪੁੱਛਿਆ, "ਤੁਸੀਂ ਨੰਗੇ ਪੈਰੀਂ ਰਹਿੰਦੇ ਹੋ?" "ਨਹੀਂ ਬੀਬੀ ਜੀ, ਜਦੋਂ ਜੁੱਤੀ ਹੋਵੇ, ਪਾ ਲੈਂਦਾ ਹਾਂ। ਜੇ ਮੰਜੇ ਹੇਠੋਂ ਨਾ ਲੱਭੇ ਤਾਂ ਓਦਾਂ ਈ ਫਿਰਦੇ ਰਹੀਦਾ।" (ਪੰਨਾ : 27)

ਸੁਰਿੰਦਰਜੀਤ ਦੀ ਵਾਰਤਕ-ਬਿਆਨੀ ਇਸ ਕਿਸਾਨ ਅੰਦੋਲਨ ਦੌਰਾਨ ਵਾਪਰੀ ਦਰਦਨਾਕ ਇੱਕ ਘਟਨਾ ਨੂੰ ਇੰਜ ਦਰਸਾ ਰਹੀ ਹੈ, "ਇੱਕ ਦਿਨ ਮੀਂਹ ਹਨੇਰੀ ਦਾ ਬੜਾ ਤੂਫ਼ਾਨ ਆਇਆ। ਟੈਂਟ ਉੱਖੜ ਗਏ। ਕਿਸਾਨ ਪਰਿਵਾਰਾਂ ਸਮੇਤ ਬਾਹਰ ਤੂਫ਼ਾਨ ਵਿੱਚ ਘਿਰੇ ਆਪਣਾ ਅਤੇ ਦੂਜਿਆਂ ਦਾ ਬਚਾਅ ਕਰ ਰਹੇ ਸਨ। ਹਰਿਆਣੇ ਤੋਂ ਕਿਸਾਨ ਲੀਡਰ ਪਰਵਿੰਦਰ ਸਿੰਘ ਪਿੰਡ ਖੁੰਨਣ ਜੋ ਆਪਣੇ ਸਾਥੀਆਂ ਸਮੇਤ ਅੰਦੋਲਨ ਵਿੱਚ ਸ਼ੁਰੂ ਤੋਂ ਹੀ ਸ਼ਾਮਲ ਸੀ, ਟੈਂਟਾ ਦੀ ਮੁਰੰਮਤ ਕਰ ਰਿਹਾ ਸੀ। ਤੂਫ਼ਾਨੀ ਹਵਾ ਦੇ ਨਾਲ ਉਸਦੇ ਹੱਥ ਵਿੱਚ ਫੜ੍ਹਿਆ ਹੋਇਆ ਤੇਜ਼ਧਾਰ ਹਥਿਆਰ ਜਿਸ ਨਾਲ ਉਹ ਲੱਕੜ ਵੱਢ ਰਿਹਾ ਸੀ, ਅਚਾਨਕ ਉਸਦੀ ਬਾਂਹ 'ਤੇ ਆਣ ਡਿੱਗਾ ਅਤੇ ਉਸਦੀ ਬਾਂਹ ਵੱਢੀ ਗਈ ਤੇ ਲੱਗਭੱਗ ਅਲੱਗ ਹੋ ਗਈ। ਖ਼ੂਨੋ-ਖ਼ੂਨ ਹੋਏ ਉਸਨੇ ਕਿਹਾ, ਮੈਨੂੰ ਡਾ. ਸਵੈਮਾਨ ਕੋਲ ਲੈ ਚੱਲੋ। ਦੁਰਘਟਨਾ ਬਾਰੇ ਸੁਣਦਿਆਂ ਹੀ ਡਾ. ਸਵੈਮਾਨ ਆਪਣੀ ਟੀਮ ਦੇ ਕੁਝ ਮੈਂਬਰਾਂ ਸਮੇਤ ਉੱਥੇ ਪਹੁੰਚੇ ਅਤੇ ਖ਼ੂਨ ਨਾਲ ਲੱਥ-ਪੱਥ ਲਟਕ ਰਹੀ ਬਾਂਹ ਉੱਤਰ ਆਪਣੀ ਟੀ-ਸ਼ਰਟ ਉਤਾਰ ਕੇ ਬੰਨ੍ਹ ਦਿੱਤੀ। ਉਹ ਉਸਨੂੰ ਹਸਪਤਾਲ ਲੈ ਗਏ ਅਤੇ ਉੱਥੇ ਹੋਰ ਡਾਕਟਰਾਂ ਦੀ ਮਦਦ ਨਾਲ ਉਸਦੀ ਉਹ ਲਟਕ ਰਹੀ ਬਾਂਹ ਬਚਾ ਲਈ ਗਈ।" (ਪੰਨਾ : 29-30)

ਹੁਣ, ਜੇਕਰ ਉਸਦੀ ਕਿਸਾਨੀ ਕਵਿਤਾ ਦੀ ਗੱਲ ਕਰੀਏ ਤਾਂ ਇਸ ਵਿੱਚ ਸੈਂਕੜੇ ਦ੍ਰਿਸ਼ਟਾਂਤ ਵਰਨਣਯੋਗ ਹਨ। ਪਰ ਇਹ ਆਰਟੀਕਲ ਲੰਮਾਂ ਹੋ ਜਾਣਦੇ ਡਰੋਂ ਇੱਥੇ ਉਨ੍ਹਾਂ ਵਿੱਚੋਂ ਕੁਝ ਇੱਕ ਬਾਰੇ ਹੀ ਗੱਲ ਕਰਨੀ ਜ਼ਰੂਰੀ ਹੈ। ਇਨ੍ਹਾਂ ਵਿੱਚ ਕੁਦਰਤ ਵੱਲੋਂ ਮਨੁੱਖਤਾ ਨੂੰ ਦਿੱਤੀਆਂ ਦਾਤਾਂ ਲਈ ਸ਼ੁਕਰਾਨਾ ਤੇ ਅਰਦਾਸ ਹੈ, ਚਾਨਣ ਦੇ ਨਾ ਡਰਨ ਦੀ ਗੱਲ ਹੈ, 'ਖੇਤਾਂ ਦੇ ਪੁੱਤਾਂ' ਕਿਸਾਨਾਂ ਦੀ ਇਬਾਰਤ ਹੈ, ਰੁੱਖ ਦੇ ਨਾਲ ਝੂੰਮਦੀ ਕਿਸਾਨ ਦੀ ਲਾਸ਼ ਦਿਖਾਈ ਦਿੰਦੀ ਹੈ।

ਅੰਦੋਲਨਕਾਰੀ ਕਿਸਾਨਾਂ ਦੇ ਸੰਘਰਸ਼ ਦੀ 'ਲੰਮੀ ਵਾਟ' ਦੀ ਬਾਤ ਲੇਖਿਕਾ ਇੰਜ ਪਾਉਂਦੀ ਹੈ :

ਵਾਟ ਲੰਮੇਰੀ ਪੰਧ ਕੁਵੱਲੇ, ਉੱਡਦੇ ਰੁੰ ਅਕਾਹਾਂ ਦੇ,

ਰਾਹੀ ਤਾਂ ਪਰ ਸੁੰਘ ਲੈਂਦੇ ਨੇ, ਖਿਲਰੇ ਭੁੱਲ ਫ਼ਲਾਹਾਂ ਦੇ।
ਫ਼ਸਲਾਂ ਚੁਗ ਨਾ ਲੈਣ ਬਟੇਰੇ, ਰਾਖੀ ਆਪੇ ਕਰਨੀ ਹੈ,
ਖਿੜ-ਖਿੜ ਹੱਸਣ ਨਾਲੇ ਦੱਸਣ, ਆਪਣੇ ਖੇਤ ਕਪਾਹਾਂ ਦੇ।
ਉੱਚੇ ਸ਼ਮਲੇ, ਉੱਚ ਇਰਾਦੇ, ਉੱਚੀਆ ਸੋਚਾਂ ਵਾਲੇ ਨੇ,
ਬਾਲੋ ਮਾਹੀਆ ਗਾਉਂਦੇ ਫਿਰਦੇ, ਰਾਹੀ ਨੇ ਖ਼ੁਸ਼ ਰਾਹਾਂ ਦੇ।
(ਪੰਨਾ : 70)

ਆਪਣੀ ਇੱਕ ਕਵਿਤਾ ਵਿੱਚ ਉਹ 'ਰਾਜੇ' ਦਾ 'ਭੁਲੇਖਾ' ਬਾਖ਼ੂਬੀ ਦੂਰ ਕਰਦੀ ਹੈ :

ਰਾਜੇ ਨੂੰ ਭੁਲੇਖਾ ਰਿਹਾ
ਕਿ ਬੈਰੀਕੇਡ ਲਾ ਕੇ ਉਹ
ਰੋਕ ਦੇਵੇਗਾ ਉਨ੍ਹਾਂ ਅੰਦਰ ਮਚਲਦੇ
ਗੁੱਸੇ ਦੀ ਹਨੇਰੀ ਨੂੰ।
ਸੜਕਾਂ 'ਤੇ ਪੁੱਟੇ ਟੋਇਆਂ ਵਿੱਚ
ਕੁਚਲੇ ਗਏ ਅਰਮਾਨ
ਬਹੁਤੀ ਦੇਰ ਦੱਬੇ ਨਹੀਂ ਰਹਿੰਦੇ
ਉੱਗ ਪੈਣਗੇ ਥੋਹਰਾਂ ਵਾਂਗ
ਤੇ ਖਿੱਲਰ ਜਾਣਗੇ
ਉਹਦੇ ਕੂਲ਼ੇ ਰੇਸ਼ਮੀ ਬਿਸਤਰੇ ਉੱਤੇ। (ਪੰਨਾ : 87)

ਅਜੋਕੇ 'ਰਾਜਿਆਂ' ਨੂੰ ਜੋ ਉਸਦੇ ਖੇਤਾਂ ਨੂੰ ਹਥਿਆਉਣਾ ਚਾਹੁੰਦੇ ਹਨ, ਨੂੰ ਉਹ ਆਪਣੇ ਖੇਤ ਦੀ ਮਿੱਟੀ ਵਿੱਚੋਂ ਇੱਕ ਮੁੱਠ ਰੇਤ ਦੀ ਵੀ ਦੇਣ ਨੂੰ ਤਿਆਰ ਨਹੀਂ ਹੈ ਅਤੇ ਬੜੀ ਦਲੇਰੀ ਨਾਲ ਉਨ੍ਹਾਂ ਨੂੰ ਵੰਗਾਰਦੀ ਹੈ :

ਆ ਤੈਨੂੰ ਮੈਂ ਖੇਤ ਦਿਆਂ
ਆਪਣੇ ਖੇਤਾਂ ਦੀ ਮਿੱਟੀ ਵਿੱਚੋਂ
ਇੱਕ ਮੁੱਠੀ ਨਾ ਰੇਤ ਦਿਆਂ। (ਪੰਨਾ : 99)

ਆਪਣੀਆਂ ਕਵਿਤਾਵਾਂ ਵਿੱਚ ਸੁਰਿੰਦਰਜੀਤ ਸੂਰਮਿਆਂ, ਚੰਦਨ ਵਰਗੇ ਰੁੱਖਾਂ, ਯੋਧਿਆਂ ਅਤੇ ਸ਼ਹੀਦਾਂ ਦੀ ਗੱਲ ਕਰਦੀ ਹੈ :

ਔਖੇ ਵਕਤਾਂ ਦੇ ਵਿੱਚ ਵੀ ਜੋ ਹੱਸਦਾ ਹੈ, ਹੱਸਮੁੱਖ ਜਿਹਾ,
ਕਿਹੜੇ ਵਣ ਵਿੱਚ ਉੱਗਿਆ ਹੈ, ਉਹ ਚੰਦਨ ਵਰਗੇ ਰੁੱਖ ਜਿਹਾ।

ਬੇਸ਼ਕ ਕਿੱਲ, ਕੰਡਿਆਲ਼ੀਆਂ ਤਾਰਾਂ, ਵਿਛੀਆਂ ਉਹਦੇ ਰਾਹਾਂ ਵਿੱਚ,
ਖੇਤਾਂ ਦੇ ਵਿੱਚ ਉੱਗਿਆ ਜਾਪੇ, ਅੰਬਾਂ ਭਰਿਆ ਰੁੱਖ ਜਿਹਾ।
(ਪੰਨਾ : 116)

ਜਾਗਦੀ ਜ਼ਮੀਰ ਵਾਲ਼ਿਆਂ ਕਿਸਾਨਾਂ ਅਤੇ ਯੋਧਿਆਂ ਦੀ ਗੱਲ ਕਰਦੀ ਹੋਈ ਉਹ ਕਹਿੰਦੀ ਹੈ :

ਜਾਗਦੀ ਜ਼ਮੀਰ ਰੱਖੇਗਾ, ਉਹ ਦਿਲਦਾਰ ਰੱਖੇਗਾ,
ਰੱਖੇਗਾ ਆਪਣੇ ਸਿਰ 'ਤੇ, ਦੂਜੇ ਦੇ ਵੀ ਦਸਤਾਰ ਰੱਖੇਗਾ।
ਬੀਜੇਗਾ ਜਦ ਗੁਲਾਬ, ਉੱਗਣਗੇ ਖ਼ਾਰ ਵੀ,
ਸੱਜਣ ਰਾਹਾਂ ਵਿੱਚ ਫੁੱਲ, ਦੁਸ਼ਮਣ ਖ਼ਾਰ ਰੱਖੇਗਾ।
ਦੇਖੇਗਾ ਗਲ਼ੀਆਂ ਵਿੱਚ ਰੁਲ਼ਦੀ ਅਸਮਤ ਜਦ,
ਨੰਗੇ ਸਿਰ ਉੱਤੇ ਦਸਤਾਰ ਸਰਦਾਰ ਰੱਖੇਗਾ।
ਦੇਖੇਗਾ ਰਹਿਬਰ ਇੰਤਹਾਅ ਜ਼ੁਲਮ ਦੀ ਜਦ,
ਉਹ ਇੱਕ ਹੱਥ ਬਾਜ਼, ਦੂਜੇ ਤਲਵਾਰ ਰੱਖੇਗਾ। (ਪੰਨਾ : 148)

ਕਵਿਤਾਵਾਂ ਦੇ ਦੂਸਰੇ ਭਾਗ 'ਬਾਲ ਸੈੱਕਸ਼ਨ' ਵਿੱਚ ਲੇਖਿਕਾ ਬੱਚਿਆਂ, ਫੁੱਲਾਂ ਤੇ ਫ਼ਸਲਾਂ ਦੀ ਗੱਲ ਕਰਦੀ ਹੋਈ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ :

ਫੁੱਲਾਂ ਤੇ ਫ਼ਸਲਾਂ ਨੂੰ ਜਰਖ਼ੇਜ਼ ਜ਼ਮੀਨ ਦੇ,
ਮੀਂਹ ਦੇ, ਖ਼ਾਦ ਦੇ।
ਬੱਚੇ ਤੇ ਫੁੱਲ ਲੁਕਣਮੀਚੀ ਖੇਡਣ
ਮਹਿਕਾਂ ਵੰਡਣ ਤੇ ਖ਼ੁਸ਼ਬੂਆਂ ਮਾਨਣ। (ਪੰਨਾ : 151)

ਪੁਸਤਕ ਵਿੱਚ ਕਿਸਾਨ ਅੰਦੋਲਨ ਨਾਲ ਜੁੜੀਆਂ 'ਲੋਕ-ਬੋਲੀਆਂ' ਹਨ, ਲਲਾਰੀ ਕੋਲੋਂ ਅਲਸੀ ਦੇ ਫੁੱਲ ਵਰਗੀ ਚੁੰਨੀ ਰੰਗਾਉਣ ਦੀ ਗੱਲ ਹੈ, ਜਿਸ ਵਿੱਚ ਅੰਮੜੀ ਨਾਲ ਲੰਮੇਰੀ, ਬਾਬਲ ਨਾਲ ਚੰਗੇਰੀ, ਵੀਰੇ ਨਾਲ ਦਲੇਰੀ ਅਤੇ ਮਾਹੀਏ ਨਾਲ ਘਨੇਰੀ ਸਾਂਝ ਦੀ ਗੱਲ ਕੀਤੀ ਗਈ ਹੈ ਅਤੇ ਇਸਦੇ ਨਾਲ ਹੀ ਮੋਰਚਾ ਜਿੱਤਣ ਤੋਂ ਬਾਅਦ ਪਿੰਡ ਮੁੜ ਕੇ ਪ੍ਰੇਮ-ਪਿਆਰ ਦੀਆਂ ਸਾਂਝਾ ਇਵੇਂ ਹੀ ਨਿਭਾਉਂਦੇ ਰਹਿਣ ਦੀ ਯਾਚਨਾ ਕੀਤੀ ਗਈ ਹੈ। ਇਨ੍ਹਾਂ ਕਵਿਤਾਵਾਂ ਵਿੱਚ ਉਹ 'ਸੋਨੇ ਦੇ ਛਣਕਣੇ', ਪੁੰਗਰਦੇ ਬੂਟੇ ਅਤੇ 'ਬੁੱਝ ਮੇਰੀ ਮੁੱਠੀ ਵਿੱਚ ਕੀ?' ਦੀ ਵੀ ਗੱਲ ਕਰਦੀ ਹੈ।

ਇਸਦੇ ਨਾਲ ਹੀ ਪੁਸਤਕ ਵਿੱਚ ਵਿੱਚ ਕਈ ਲੇਖਕਾਂ ਨਾਲ ਮੁਲਾਕਾਤਾਂ, ਕਈਆਂ ਦੇ ਪੱਤਰ ਅਤੇ ਕਈਆਂ ਦੀਆਂ ਯਾਦਾਂ ਅੰਕਿਤ ਕੀਤੀਆਂ ਗਈਆਂ ਹਨ। ਇਸਦੇ ਅਖ਼ੀਰਲੇ ਪੰਜ ਪੰਨਿਆਂ ਵਿੱਚ ਉੱਘੀ ਲੇਖਿਕਾ ਮੇਧਾ ਪਾਟੇਕਰ, ਡਾ. ਸਵੈਮਾਨ ਸਿੰਘ, ਕਿਸਾਨੀ ਮੋਰਚੇ ਦੌਰਾਨ ਕੱਢੀ ਗਈ 'ਜਾਗੋ' ਅਤੇ ਇਸ ਮੋਰਚੇ ਵਿੱਚ ਭਾਗ ਲੈ ਰਹੇ ਬੱਚਿਆਂ ਦੇ ਨਾਲ ਲਈਆਂ ਗਈਆਂ ਤਸਵੀਰਾਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਕਿਸਾਨ ਅੰਦੋਲਨ ਦੇ ਇਸ ਪੱਖ ਨੂੰ ਬਾਖ਼ੂਬੀ ਉਜਾਗਰ ਕਰਦੀਆਂ ਹਨ। ਇਸ ਤਰ੍ਹਾਂ ਇਹ ਪੁਸਤਕ ਨਾ ਕੇਵਲ 2020 -21 ਦੇ ਮਹਾਨ ਕਿਸਾਨ ਅੰਦੋਲਨ ਦਾ ਹੀ ਭਾਵਪੂਰਤ 'ਇਤਿਹਾਸਕ ਦਸਤਾਵੇਜ਼' ਹੈ, ਸਗੋਂ ਇਸਦੇ ਨਾਲ ਹੀ ਇਹ ਕਈ ਹੋਰ ਖ਼ੂਬਸੂਰਤ ਰੰਗਾਂ ਦਾ ਗੁਲਦਸਤਾ ਵੀ ਹੈ। ਮੈਨੂੰ ਪੂਰਨ ਆਸ ਹੈ ਕਿ ਲੇਖਿਕਾ ਦੀਆਂ ਪਹਿਲੀਆਂ ਹੋਰ ਪੁਸਤਕਾਂ ਵਾਂਗ ਪੰਜਾਬੀ ਪਾਠਕਾਂ ਵੱਲੋਂ ਇਸ 'ਗੁਲਦਸਤੇ' ਨੂੰ ਵੀ ਭਰਪੂਰ ਹੁੰਗਾਰਾ ਮਿਲੇਗਾ। ਕਿਸਾਨੀ ਅੰਦੋਲਨ ਬਾਰੇ ਇਹ ਪੁਸਤਕ ਲਿਆਉਣ 'ਤੇ ਮੈਂ ਸੁਰਿੰਦਰਜੀਤ ਕੌਰ ਨੂੰ ਹਾਰਦਿਕ ਵਧਾਈ ਦਿੰਦਾ ਹੈ ਅਤੇ ਉਸਦੀ ਕਲਮ ਤੋਂ ਹੋਰ ਵੀ ਵਧੀਆ ਲਿਖਣ ਦੀ ਆਸ ਕਰਦਾ ਹਾਂ।



ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

## 'ਆਪਣੇ ਦੇਸ਼ 'ਚ ਪਰਫਾਰਮ ਕਰਨ ਦੀ ਵਾਈਬ ਹੀ ਹੋਰ ਹੁੰਦੀ ਹੈ': ਦਿਲਜੀਤ ਦੋਸਾਂਝ ਭਾਰਤ ਦੇ 7 ਸ਼ਹਿਰਾਂ 'ਚ ਕਰਨਗੇ ਲਾਈਵ ਸ਼ੋਅ



ਮਸ਼ਹੂਰ ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਆਪਣੇ 'ਔਰਾ ਇੰਡੀਆ ਟੂਰ 2026' (Aura India Tour 2026) ਨਾਲ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪ੍ਰਸ਼ੰਸਕਾਂ ਦਾ ਮਨੋਰੰਜਨ ਕਰਨ ਲਈ ਤਿਆਰ ਹਨ। ਇਹ ਟੂਰ ਨਵੰਬਰ ਅਤੇ ਦਸੰਬਰ ਮਹੀਨੇ ਦੌਰਾਨ ਦੇਸ਼ ਭਰ ਵਿੱਚ ਚੱਲੇਗਾ।

ਇਸ ਟੂਰ ਦੀ ਸ਼ੁਰੂਆਤ 1 ਨਵੰਬਰ ਨੂੰ ਦਿੱਲੀ-ਐੱਨ.ਸੀ.ਆਰ. ਤੋਂ ਹੋਵੇਗੀ। ਇਸ ਤੋਂ ਬਾਅਦ ਦਿਲਜੀਤ ਇੰਦੌਰ, ਅਹਿਮਦਾਬਾਦ, ਮੁੰਬਈ, ਬੈਂਗਲੁਰੂ ਅਤੇ ਲਖਨਊ ਵਿੱਚ ਆਪਣੇ ਸ਼ੋਅ ਕਰਨਗੇ। ਚੰਡੀਗੜ੍ਹ ਵੀ ਇਸ ਟੂਰ ਦਾ ਹਿੱਸਾ ਹੋਵੇਗਾ, ਜਿਸ ਦੀ ਤਾਰੀਖ਼ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਪਹਿਲਾਂ ਅਹਿਮਦਾਬਾਦ ਨੂੰ ਟੂਰ ਦਾ ਪਹਿਲਾ ਪੜਾਅ ਦੱਸਿਆ ਗਿਆ ਸੀ, ਜਿੱਥੇ 21 ਨਵੰਬਰ ਨੂੰ ਨਰਿੰਦਰ ਮੋਦੀ ਸਟੇਡੀਅਮ 'ਚ ਸ਼ੋਅ ਹੋਣਾ ਸੀ, ਪਰ ਹੁਣ ਇਹ ਟੂਰ ਛੇ ਹਫ਼ਤਿਆਂ ਵਿੱਚ ਸੱਤ ਸ਼ਹਿਰਾਂ ਨੂੰ ਕਵਰ ਕਰੇਗਾ।

**ਸ਼ੋਅ ਦਾ ਪੂਰਾ ਸ਼ਡਿਊਲ:**
ਦਿੱਲੀ-ਐੱਨ.ਸੀ.ਆਰ.: 1 ਨਵੰਬਰ
ਇੰਦੌਰ: 15 ਨਵੰਬਰ
ਅਹਿਮਦਾਬਾਦ: 21 ਨਵੰਬਰ
ਮੁੰਬਈ: 27 ਨਵੰਬਰ
ਬੈਂਗਲੁਰੂ: 29 ਨਵੰਬਰ
ਲਖਨਊ: 5 ਦਸੰਬਰ
(ਚੰਡੀਗੜ੍ਹ ਸ਼ੋਅ ਦੀ ਤਾਰੀਖ਼ ਦਾ ਐਲਾਨ ਵੱਖਰੇ ਤੌਰ 'ਤੇ ਕੀਤਾ ਜਾਵੇਗਾ)।

ਟੂਰ ਦੀਆਂ ਟਿਕਟਾਂ 'ਬੁੱਕ-ਮਾਈ-ਸ਼ੋਅ' (BookMyShow) 'ਤੇ ਉਪਲੱਬਧ ਹੋਣਗੀਆਂ। 'ਰੂਪੇਅ' (RuPay) ਕ੍ਰੈਡਿਟ ਕਾਰਡ ਧਾਰਕਾਂ ਲਈ ਵਿਸ਼ੇਸ਼ ਪ੍ਰੀ-ਸੇਲ 6 ਅਕਤੂਬਰ ਨੂੰ ਦੁਪਹਿਰ 12 ਵਜੇ ਤੋਂ ਸ਼ੁਰੂ ਹੋਵੇਗੀ।

ਆਪਣੇ ਟੂਰ ਬਾਰੇ ਉਤਸ਼ਾਹ ਪ੍ਰਗਟਾਉਂਦਿਆਂ ਦਿਲਜੀਤ ਦੋਸਾਂਝ ਨੇ ਕਿਹਾ, "ਆਪਣੇ ਦੇਸ਼ ਵਿੱਚ ਪਰਫਾਰਮ ਕਰਨ ਦੀ ਵਾਈਬ ਹੀ ਹੋਰ ਹੁੰਦੀ ਹੈ। ਇਸ ਟੂਰ ਦੇ ਨਾਲ ਇੱਕ ਵਾਰ ਫਿਰ ਦਿੱਲੀ ਤੋਂ ਇੰਦੌਰ ਤੱਕ ਆਪਣੇ ਦੇਸ਼ ਦੇ ਸ਼ਹਿਰਾਂ ਵਿੱਚ ਆਪਣੇ ਫੈਨਜ਼ ਨੂੰ ਮਿਲਣ ਦਾ ਮੌਕਾ ਮਿਲ ਰਿਹਾ ਹੈ, ਤੇ ਮੈਂ ਇਸ ਸਫ਼ਰ ਲਈ ਬਹੁਤ ਐਕਸਾਈਟਿਡ ਹਾਂ। ਤੁਹਾਡਾ ਪਿਆਰ ਹਮੇਸ਼ਾ ਮੇਰੇ ਨਾਲ ਰਿਹਾ ਹੈ, ਹੁਣ ਵਾਰੀ ਆ ਤੁਹਾਡੇ ਸ਼ਹਿਰ ਆਉਣ ਦੀ। ਨਵੰਬਰ ਤੇ ਦਸੰਬਰ ਮਿਲਦੇ ਆਂ, ਪੂਰੀ ਵਾਈਬ ਦੇ ਨਾਲ!"ਟੂਰ ਦੌਰਾਨ ਦਿਲਜੀਤ ਆਪਣੇ ਚਰਚਿਤ ਗੀਤ ਜਿਵੇਂ 'ਜੀ.ਓ.ਏ.ਟੀ.' (G.O.A.T.), 'ਇੱਕ ਕੁੜੀ', 'ਲਲਕਾਰਾ', 'ਲਵਰ', '5 ਤਾਰਾ', 'ਕੇਸ' ਅਤੇ 'ਵਾਟਰ' ਪੇਸ਼ ਕਰਨਗੇ। ਇਸ ਟੂਰ ਦਾ ਨਿਰਮਾਣ 'ਬੁੱਕ-ਮਾਈ-ਸ਼ੋਅ ਲਾਈਵ' ਅਤੇ 'ਲਾਈਵ ਨੇਸ਼ਨ' ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਦਿਲਜੀਤ ਦੁਨੀਆ ਭਰ ਦੇ ਵੱਡੇ ਮੰਚਾਂ ਜਿਵੇਂ ਮੈਡੀਸਨ ਸਕੇਅਰ ਗਾਰਡਨ ਅਤੇ ਵੈਂਬਲੀ ਸਟੇਡੀਅਮ ਵਿੱਚ ਸਫ਼ਲ ਸ਼ੋਅ ਕਰ ਚੁੱਕੇ ਹਨ। ਉਹ ਵੈਂਬਲੀ ਸਟੇਡੀਅਮ ਨੂੰ ਪੂਰੀ ਤਰ੍ਹਾਂ ਭਰਨ ਵਾਲੇ ਪਹਿਲੇ ਪੰਜਾਬੀ ਕਲਾਕਾਰ ਵੀ ਹਨ।

## ਅਦਾਕਾਰਾ ਨੁਸਰਤ ਭਰੂਚਾ ਨਾਲ ਹਾਦਸਾ, ਰੀੜ੍ਹ ਦੀ ਹੱਡੀ ਤਿੜਕੀ



ਮੁੰਬਈ: ਅਦਾਕਾਰਾ ਨੁਸਰਤ ਭਰੂਚਾ ਇੰਡੋਨੇਸ਼ੀਆ ਦੀ ਰਾਜਧਾਨੀ ਬਾਲੀ ਵਿਚ ਇਕ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਉਸ ਦੀ ਰੀੜ੍ਹ ਦੀ ਹੱਡੀ ਤਿੜਕ ਗਈ। ਉਸ ਦੀ ਪ੍ਰਚਾਰ ਟੀਮ ਨੇ ਸ਼ੁਕਰਵਾਰ ਨੂੰ ਦਸਿਆ ਕਿ ਉਸ ਨੂੰ ਸਰਜਰੀ ਲਈ ਮੁੰਬਈ ਲਿਜਾਇਆ ਜਾ ਰਿਹਾ ਹੈ। ਪ੍ਰਚਾਰ ਟੀਮ ਨੇ ਕਿਹਾ ਕਿ ਅਦਾਕਾਰਾ ਇਸ ਸਮੇਂ ਬਾਲੀ ਦੇ ਇਕ ਹਸਪਤਾਲ ਵਿਚ ਡਾਕਟਰੀ ਦੇਖਭਾਲ ਅਧੀਨ ਹੈ, ਜਿੱਥੇ ਉਹ ਕੰਮ ਅਤੇ ਛੁੱਟੀਆਂ ਲਈ ਗਈ ਸੀ। ਬਿਆਨ ਵਿਚ ਕਿਹਾ ਗਿਆ ਹੈ, "ਕੰਮ ਅਤੇ ਛੁੱਟੀਆਂ ਮਨਾਉਣ ਬਾਲੀ ਗਈ ਨੁਸਰਤ ਭਰੂਚਾ ਇਕ ਹਾਦਸੇ ਦਾ ਸ਼ਿਕਾਰ ਹੋ ਗਈ ਅਤੇ ਉਸ ਦੀ ਰੀੜ੍ਹ ਦੀ ਹੱਡੀ ਫੈਕਚਰ ਹੋ ਗਈ ਹੈ। ਉਹ ਇਸ ਸਮੇਂ ਬਾਲੀ ਦੇ ਹਸਪਤਾਲ ਵਿਚ ਭਰਤੀ ਹੈ ਅਤੇ ਡਾਕਟਰੀ ਨਿਗਰਾਨੀ ਹੇਠ ਹੈ।

LEGAL & BUSINESS SOLUTIONS FOR NRI'S
Property • Family • Business • Taxation Matters
ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ



- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ



- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ



- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night



# ਬੇਬੇ ਜੀ...

ਪਾਰਕ ਜਾਣ ਵੇਲੇ ਰਸਤੇ ਵਿੱਚ ਪੈਂਦੇ ਬੱਸ ਸਟਾਪ ਉਪਰ ਖੜ੍ਹੀ ਇੱਕ ਮਾਤਾ ਮੈਨੂੰ ਰੋਜ਼ ਮਿਲਦੀ ਉਸਦੇ ਨਾਲ ਚਾਰ ਕੁ ਸਾਲ ਦਾ ਇੱਕ ਬੱਚਾ ਹੁੰਦਾ ਜੋ ਮੈਨੂੰ ਦੇਖਕੇ ਸਤਿ ਸ੍ਰੀ ਅਕਾਲ ਬੁਲਾਉਂਦਾ 'ਤੇ ਮੈਂ ਵੀ ਉਸਦਾ ਜਵਾਬ ਦਿੰਦਾ ਅਤੇ ਉਸ ਬੱਚੇ ਨੂੰ ਦੁਲਾਰ ਦੇਕੇ ਮਾਤਾ ਦੇ ਪੈਰ ਛੂਹਕੇ ਅੱਗੇ ਲੰਘ ਜਾਂਦਾ, ਇਸ ਤਰ੍ਹਾਂ ਇਹ ਨਿੱਤ ਦਾ ਹੀ ਰੂਟੀਨ ਬਣ ਗਿਆ ਸੀ।

ਇੱਕ ਦਿਨ ਮੈਂ ਬੇਬੇ ਨੂੰ ਪੁੱਛਿਆ... ਬੇਬੇ ਜੀ... ਇਹ ਬੱਚਾ ਤੁਹਾਡਾ ਕੀ ਲੱਗਦਾ...ਬੇਬੇ ਨੇ ਦੱਸਿਆ ਕਿ ਇਹ ਮੇਰਾ ਪੋਤਾ... ਵਾਹਲਾ ਮੋਹ ਕਰਦਾ ਮੇਰਾ.. ਮੇਰੇ ਬਿਨਾਂ ਬਿੰਦ ਨੀ ਸਾਰਦਾ.... ਮੈਂ ਕਿਹਾ... ਬੇਬੇ ਤੁਸੀਂ ਰੋਜਾਨਾ ਏਥੇ ਖੜ੍ਹੇ ਹੁੰਨੇ ਓ... ਕੀ ਤੁਸੀਂ ਰੋਜਾਨਾ ਇਸ ਵੇਲੇ ਗੁਰਦਵਾਰਾ ਸਾਹਿਬ ਜਾਂਦੇ ਓ...ਬੇਬੇ ਨੇ ਕਿਹਾ ਨਹੀਂ ਪੁੱਤ... ਮੇਰੇ ਐਨੇ ਭਾਗ ਕਿੱਥੇ ਕਿ ਮੈਂ ਗੁਰਦੁਆਰਾ ਸਾਹਿਬ ਜਾ ਸਕਾ... ਮੈਂ ਹੈਰਾਨ ਹੋਕੇ ਪੁੱਛਿਆ... ਫਿਰ ਕਿੱਥੇ ਜਾਂਦੇ ਓ... ਤਾਂ ਬੇਬੇ ਨੇ ਕਿਹਾ... ਮੈਂ ਤਾਂ ਪੁੱਤ ਕਿਸੇ ਦੇ ਘਰ ਰੋਟੀ-ਟੁੱਕ ਪਕਾਉਣ ਦਾ ਕੰਮ ਕਰਦੀ ਆਂ....ਇਹ ਮੇਰਾ ਪੋਤਾ ਉੱਥੇ ਉਸ ਘਰ ਵਾਲਿਆਂ ਦੇ ਜੁਆਕਾਂ ਨਾਲ ਖੇਡਦਾ ਰਹਿੰਦਾ ਤਾਂ ਕਰਕੇ ਮੈਂ ਇਹਨੂੰ ਵੀ ਨਾਲ ਲੈ ਜਾਂਦੀ ਆਂ।

ਬੇਬੇ ਥੋੜਾ ਜਿਹਾ ਭਾਵੁਕ ਹੋਕੇ ਕਹਿਣ ਲੱਗੀ.... ਪਹਿਲਾਂ ਤਾਂ ਮੈਂ ਆਪਣੇ ਘਰ ਦਾ ਸਾਰਾ ਕੰਮ ਨਿਬੇੜਦੀ ਆਂ... ਫਿਰ ਚਾਰ ਪੰਜ ਘੰਟੇ... ਅੱਗੇ ਜਾਕੇ ਲੱਗ ਜਾਂਦੇ ਆ.... ਕੀ ਕਰ੍ਹਾਂ ਹੁਣ ਇਹਨਾਂ ਬੁੱਢੇ ਹੱਡਾਂ ਵਿੱਚ ਜਾਨ ਕਿੱਥੇ... ਮੈਂ ਕਿਹਾ ਬੇਬੇ... ਤੇਰੀ ਨੂੰਹ ਹੈਨੀ... ਬੇਬੇ ਬੋਲੀ ਹੈਗੀ ਆ ਪੁੱਤ... ਉਹ ਘਰਦਾ ਕੰਮ ਕਰਕੇ ਖੁਸ਼ ਨਹੀਂ... ਸਾਰਾ ਕੰਮ ਮੇਰੇ ਜਿੰਮੇ ਹੀ ਆ... ਬੰਦਾ ਮੇਰਾ.. ਪਿਛਲੇ ਸਾਲ ਮਰ ਗਿਆ ਸੀ... ਉਹ ਤਾਂ ਛੁੱਟ ਗਿਆ.. ਮੈਨੂੰ ਛੱਡ ਗਿਆ ਇਹ ਦੁੱਖ ਸਹਿਣ ਨੂੰ.... ਮੈਂ ਤਾਂ ਪੁੱਤ ਇਸ ਨਿੱਕੜੇ ਨੂੰ ਦੇਖ-ਦੇਖ ਜਿਉਂਦੀ ਆਂ... ਬੱਸ ਹੁਣ ਤਾਂ ਮੇਰੇ ਜਿਉਣ ਦਾ ਇਹ ਮੇਰਾ ਪੋਤਾ ਹੀ ਸਹਾਰਾ ਏ।

ਮੈਂ ਬੇਬੇ ਨੂੰ ਪੁੱਛਿਆ....ਬੇਬੇ, ਨੂੰਹ-ਪੁੱਤ ਤੁਹਾਡਾ ਧਿਆਨ ਨਹੀਂ ਰੱਖਦੇ...ਬੇਬੇ ਹੌਲੀ ਜਿਹੀ ਬੋਲੀ....ਪੁੱਤ, ਮੇਰਾ ਪੁੱਤ ਮਾੜਾ ਨਹੀਂ... ਉਹ ਤਾਂ ਸਵੇਰੇ ਕੰਮ 'ਤੇ ਚਲਾ ਜਾਂਦਾ, ਸ਼ਾਮ ਨੂੰ ਥੱਕਿਆ-ਟੁੱਟਿਆ ਘਰ ਆਉਂਦਾ, ਉਹਦੀ ਆਪਣੀ ਵੀ ਮਜਬੂਰੀ ਏ ਪਰ ਨੂੰਹ ਨੂੰ ਘਰ ਦਾ ਕੰਮ ਕਰਨਾ ਚੰਗਾ ਨੀ ਲੱਗਦਾ... ਉਹਨੂੰ ਲੱਗਦਾ ਕਿ ਜੇ ਮੈਂ ਘਰ ਹਾਂ ਤਾਂ ਸਾਰਾ ਕੰਮ ਮੈਂ ਹੀ ਕਰਾਂ... ਮੈਂ ਵੀ ਕਦੇ ਕੁਝ ਨਹੀਂ ਕਹਿੰਦੀ ਪੁੱਤ... ਸੋਚਦੀ ਆਂ ਕੱਲ੍ਹ ਨੂੰ ਜੇ ਮੈਂ ਨਾ ਰਹੀ ਤਾਂ ਇੰਨ੍ਹਾਂ ਨੇ ਹੀ ਤਾਂ ਸਭ ਕੁਝ ਸੰਭਾਲਣਾ ਏ।

ਮੈਂ ਕਿਹਾ....ਪਰ ਬੇਬੇ.. ਤੁਸੀਂ ਆਪਣੀ ਸਿਹਤ ਦਾ ਵੀ ਤਾਂ ਸੋਚੋ....ਬੇਬੇ ਹੱਸ ਪਈ...ਪੁੱਤ, ਮਾਂ ਆਪਣੀ ਸਿਹਤ ਬਾਰੇ ਕਿੱਥੇ ਸੋਚਦੀ ਆ... ਉਹ ਤਾਂ ਸਾਰੀ ਉਮਰ ਬੱਚਿਆਂ ਦਾ ਹੀ ਸੋਚਦੀ ਆ...ਇਹ ਗੱਲ ਮੇਰੇ ਅੰਦਰ ਤੱਕ ਉਤਰ ਗਈ...ਇੱਕ ਦਿਨ ਮੈਂ ਦੇਖਿਆ ਕਿ ਬੇਬੇ ਬੱਸ ਸਟਾਪ 'ਤੇ ਨਹੀਂ ਸੀ... ਉਸਦਾ ਘਰ ਨੇੜੇ ਹੀ ਸੀ... ਮੈਂ ਉਧਰ ਨੂੰ ਹੋ ਤੁਰਿਆ... ਘਰ ਵਿੱਚ ਉਸਦਾ ਪੁੱਤਰ ਮਿਲਿਆ...ਉਸਦੇ ਚਿਹਰੇ ਤੋਂ ਲੱਗਦਾ ਸੀ ਜਿਵੇਂ ਰਾਤ ਭਰ ਸੁੱਤਾ ਨਾ ਹੋਵੇ।

ਮੈਂ ਪੁੱਛਿਆ....ਕੀ ਹੋਇਆ ਵੀਰ...ਉਹ ਬੋਲਿਆ....ਬੇਬੇ ਦੀ ਤਬੀਅਤ ਕੁਝ ਦਿਨਾਂ ਤੋਂ ਠੀਕ ਨਹੀਂ, ਕੱਲ੍ਹ ਰਾਤ ਉਹਨੂੰ ਖੰਘ ਬਹੁਤ ਸੀ.... ਮੈਂ ਪੁੱਛਿਆ ਤਾਂ ਕਹਿੰਦੀ...ਕੁਝ ਨਹੀਂ ਪੁੱਤ..ਤੂੰ ਸੌਂ ਜਾ ਪਰ ਮੈਂ ਸਮਝ ਗਿਆ ਕਿ ਮਾਂ ਅੰਦਰੋਂ ਬਹੁਤ ਥੱਕ ਚੁੱਕੀ ਏ...ਉਹ ਬੋਲਿਆ....ਸੱਚ ਦੱਸਾਂ ਤਾਂ ਮੈਂ ਕਦੇ ਪੁੱਛਿਆ ਹੀ ਨਹੀਂ ਕਿ ਮਾਂ ਸਾਰਾ ਦਿਨ ਕੀ ਕਰਦੀ ਏ... ਮੈਨੂੰ ਤਾਂ ਲੱਗਦਾ ਰਿਹਾ ਕਿ ਘਰ ਵਿੱਚ ਹੀ ਤਾਂ ਹੁੰਦੀ ਏ ਹੁਣ ਪਤਾ ਲੱਗਿਆ ਕਿ ਉਹ ਸਾਡੇ ਲਈ ਘਰ ਦਾ ਕੰਮ ਕਰਕੇ ਫਿਰ ਦੂਜਿਆਂ ਦੇ ਘਰ ਕੰਮ ਕਰਨ ਜਾਂਦੀ ਰਹੀ... 'ਤੇ ਮੈਂ ਪੁੱਤ ਹੋਕੇ ਵੀ ਅਣਜਾਣ ਬਣਿਆ ਰਿਹਾ।

ਉਸਦੀਆਂ ਅੱਖਾਂ ਭਰ ਆਈਆਂ...ਉਸਨੇ ਆਪਣੀ ਪਤਨੀ ਨੂੰ ਵੀ ਸਮਝਾਇਆ...ਉਹ ਮੇਰੀ ਮਾਂ ਏ... ਘਰ ਦੀ ਨੌਕਰਾਣੀ ਨਹੀਂ... ਜਿੰਨਾ ਚਿਰ ਮੈਂ ਹਾਂ। ਮੇਰੀ ਮਾਂ ਬੁੱਢੇ ਹੱਡਾਂ ਨਾਲ ਕਿਸੇ ਦੇ ਘਰ ਕੰਮ ਕਰਨ ਨਹੀਂ ਜਾਵੇਗੀ। ਉਸਦੀ ਪਤਨੀ ਵੀ ਚੁੱਪ ਖੜ੍ਹੀ ਰਹੀ...ਫਿਰ ਉਹ ਬੇਬੇ ਕੋਲ ਗਈ...ਉਸਦੇ ਕੋਲ ਬੈਠਕੇ ਰੋ ਪਈ...ਮਾਂ ਜੀ...ਮੈਨੂੰ ਮੁਆਫ਼ ਕਰ ਦਿਓ...ਮੈਂ ਤੁਹਾਨੂੰ ਕਦੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਮੈਨੂੰ ਆਪਣਾ ਕੰਮ ਦਿਖਾਈ ਦਿੰਦਾ ਰਿਹਾ ਪਰ ਤੁਹਾਡੀ ਥਕਾਵਟ ਨਹੀਂ ਦਿਸੀ।

ਬੇਬੇ ਨੇ ਨੂੰਹ ਦੇ ਸਿਰ ਉੱਤੇ ਹੱਥ ਰੱਖਿਆ 'ਤੇ ਕਿਹਾ...ਧੀਏ, ਮਾਂ ਕੋਲੋਂ ਮੁਆਫ਼ੀ ਨਹੀਂ ਮੰਗਣੀ ਪੈਂਦੀ... ਮਾਂ ਤਾਂ ਆਪਣੇ ਬੱਚਿਆਂ ਨੂੰ ਪਹਿਲਾਂ ਹੀ ਮੁਆਫ਼ ਕਰ ਦਿੰਦੀ ਏ...ਉਸ ਦਿਨ ਤੋਂ ਬਾਅਦ ਬੇਬੇ ਦੀ ਜ਼ਿੰਦਗੀ ਬਦਲਣ ਲੱਗੀ...ਨੂੰਹ ਨੇ ਘਰ ਦਾ ਕੰਮ ਆਪ ਸੰਭਾਲਣਾ ਸ਼ੁਰੂ ਕਰ ਦਿੱਤਾ। ਪੁੱਤ ਨੇ ਮਾਂ ਲਈ ਦਵਾਈਆਂ 'ਤੇ ਲੋੜ ਦੀਆਂ ਚੀਜ਼ਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ ਹੁਣ ਬੇਬੇ ਸਵੇਰੇ ਉੱਠਕੇ ਸਿਰਫ਼ ਆਪਣੇ ਪੋਤੇ ਨੂੰ ਤਿਆਰ ਕਰਦੀ 'ਤੇ ਉਸਦੇ ਨਾਲ ਹੱਸਦੀ-ਖੇਡਦੀ।

ਇੱਕ ਦਿਨ ਮੈਂ ਬੱਸ ਸਟਾਪ ਕੋਲੋਂ ਲੰਘਿਆ ਤਾਂ ਬੇਬੇ ਆਪਣੇ ਪੋਤੇ ਨਾਲ ਖੜ੍ਹੀ ਸੀ...ਨਿੱਕੇ ਨੇ ਮੈਨੂੰ ਦੇਖਕੇ ਕਿਹਾ...ਅੰਕਲ ਜੀ ਹੁਣ ਦਾਦੀ ਕੰਮ 'ਤੇ ਨਹੀਂ ਜਾਂਦੀ...ਮੈਂ ਬੇਬੇ ਵੱਲ ਦੇਖਿਆ...ਉਸਦੇ ਚਿਹਰੇ ਉੱਤੇ ਮੁਸਕਰਾਹਟ ਸੀ...ਬੇਬੇ ਬੋਲੀ...ਪੁੱਤ, ਹੁਣ ਮੇਰਾ ਪੁੱਤ ਮੈਨੂੰ ਕਹਿੰਦਾ..ਮਾਂ, ਤੂੰ ਸਾਰੀ ਉਮਰ ਸਾਡਾ ਕੀਤਾ ਹੁਣ ਸਾਨੂੰ ਕਰਨ ਦੇ...ਮੇਰੀਆਂ ਅੱਖਾਂ ਭਰ ਆਈਆਂ...ਮੈਂ ਸੋਚਿਆ...ਮਾਂ-ਬਾਪ ਨੂੰ ਹਮੇਸ਼ਾ ਪੈਸੇ ਦੀ ਲੋੜ ਨਹੀਂ ਹੁੰਦੀ... ਕਈ ਵਾਰ ਉਨ੍ਹਾਂ ਨੂੰ ਸਿਰਫ਼ ਇਹ ਮਹਿਸੂਸ ਕਰਵਾਉਣ ਦੀ ਲੋੜ ਹੁੰਦੀ ਹੈ ਕਿ ਉਹ ਆਪਣੇ ਹੀ ਘਰ ਵਿੱਚ ਪਰਾਏ ਨਹੀਂ ਹੋਏ।

ਔਲਾਦ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਮਾਂ ਜਦੋਂ ਤੱਕ ਕੰਮ ਕਰ ਸਕਦੀ ਹੈ, ਕਰਦੀ ਰਹੇਗੀ...ਜਿਸ ਮਾਂ ਨੇ ਸਾਨੂੰ ਜਨਮ ਦਿੱਤਾ, ਸਾਨੂੰ ਬੋਲਣਾ, ਚੱਲਣਾ ਸਿਖਾਇਆ ਜਦੋਂ ਉਸਦੇ ਕਦਮ ਲੜਖੜਾਉਣ ਲੱਗਣ ਤਾਂ ਉਸਦਾ ਹੱਥ ਫੜਨਾ ਸਾਡਾ ਫਰਜ਼ ਹੈ ਕਿਉਂਕਿ ਮਾਂ ਨੂੰ ਰੋਟੀ ਦੇਣ ਨਾਲ ਫਰਜ਼ ਪੂਰਾ ਨਹੀਂ ਹੁੰਦਾ...ਉਸਨੂੰ ਇੱਜ਼ਤ ਨਾਲ ਰੋਟੀ ਖਵਾਉਣਾ ਹੀ ਅਸਲੀ ਪੁੱਤ ਹੋਣ ਦੀ ਨਿਸ਼ਾਨੀ ਹੈ।

ਲਿਖਤ- ਅਵਤਾਰ ਸਿੰਘ ਧਾਲੀਵਾਲ

# ਮਿੰਨੀ ਕਹਾਣੀ- ਹੁਣ ਕਿੰਨੇ ਦਾ ਐ?

ਧੌਣ ਅਕੜਾ ਕੇ ਮੋਟਰ ਸਾਈਕਲ ਦੇ ਪਟਾਕੇ ਪੈਂਦਾ ਅੱਗ ਲੱਗੀ ਵਾਂਗ ਜਾ ਰਿਹਾ ਮੁੰਡਾ ਬਾਬੇ ਕਰਮ ਸਿਉਂ ਨੂੰ ਫੇਟ ਮਾਰਕੇ ਸੁੱਟ ਗਿਆਂ । ਮੁੰਡੇ ਨੇ ਐਮਰਜੈਂਸੀ ਬ੍ਰੇਕ ਲਾ ਕੇ ਮੋਟਰ ਸਾਈਕਲ ਰੋਕਿਆ ਤਾਂ ਡਿੱਗੇ ਪਏ ਬਾਬੇ ਨੇ ਜੋ ਹੋਸ਼ ਵਿੱਚ ਸੀ ਸਮਝਿਆ ਮੁੰਡਾ ਹੁਣ ਮੈਨੂੰ ਫੜ ਕੇ ਉਠਾਵੇਗਾ। ਪਰ ਮੁੰਡਾ ਆਉਂਦੇ ਹੀ ਬਾਬੇ ਨੂੰ ਪੈਰ ਦਾ ਠੁੱਡਾ ਮਾਰ ਕੇ ਚੀਕਿਆ, " ਸਾਲੇ ਲੋਕ ਕਿਵੇਂ ਬੁੱਢੇ ਖੁੰਢਾਂ ਨੂੰ ਵਗਦੇ ਰਾਹਾਂ ਵਿੱਚ ਤੋਰ ਦਿੰਦੇ ਐ, ਕੰਜਰਾ ਤੈਥੋਂ ਪਾਸੇ ਨਹੀਂ ਸੀ ਹੋਈਦਾ"ਲ

ਕਰਮ ਸਿਉਂ ਜੋ ਕਿ ਜਵਾਨੀ ਵਿੱਚ ਕਬੱਡੀ ਦਾ ਚੋਟੀ ਦਾ ਖਿਡਾਰੀ ਸੀ ਹੰਭਲਾ ਮਾਰਕੇ ਉੱਠਿਆ ਤੇ ਮੁੰਡੇ ਦੀ ਬਾਂਹ ਮਰੋੜ ਕੇ ਬੋਲਿਆ, ਜੁਆਨਾ ਜਾਹ ਚਲਾ ਜਾ, ਜੇ ਮੇਰੇ ਪੋਤੇ ਆ ਗਏ ਤਾਂ ਗੱਲ ਹੋਰ ਬਣਜੂ"। ਮੁੰਡੇ ਨੇ ਕਰਮ ਸਿੰਘ ਨੂੰ ਧੱਕਾ ਮਾਰ ਕੇ ਫੇਰ ਸੁੱਟ ਦਿੱਤਾ ਤੇ ਫੇਰ ਪਟਾਕੇ ਪੈਂਦਾ ਹਵਾ ਹੋ ਗਿਆ।

ਅਜੇ ਉਹ ਦੂਰ ਹੀ ਗਿਆ ਸੀ ਕਿ ਇੱਕ ਪੱਠਿਆ ਵਾਲੀ ਗੱਡੀ ਵਿੱਚ ਠਾਹ ਦੇਣੇ ਮੋਟਰ ਸਾਈਕਲ ਮਾਰਿਆ ਤੇ ਗੱਡੀ ਦਾ ਪਾਈਪ ਉਸਦੇ ਢਿੱਡ ਦੇ ਆਰ ਪਾਰ ਹੋ ਗਿਆ ਤੇ ਡਿੱਗਦੇ ਹੀ ਉਸ ਦੇ ਪ੍ਰਾਣ ਪੰਖੇਰੂ ਉੱਡ ਗਏ। ਗੱਡੀ ਦਾ ਬਲਦ ਤੇ ਮਾਲਕ ਦੋਨੋ ਬੁਰੀ ਤਰਾਂ ਜਖਮੀ ਹੋ ਗਏ।

ਮੌਕੇ ਤੇ ਕਾਫੀ ਇਕੱਠ ਹੋ ਗਿਆ ਤੇ ਮੁੰਡੇ ਦਾ ਗਵਾਂਢੀ ਨੱਥਾ ਸਿੰਘ ਬੋਲਿਆ, " ਬਈ ਇਹ ਤਾਂ ਸੀਤੇ ਠਾਣੇਦਾਰ ਦਾ ਮੁੰਡਾ ਹੈ ਅਜੇ ਪਰਸੋਂ ਹੀ ਕਨੇਡਾ ਚੋਂ ਆਇਆ ਸੀ, ਬਹੁਤ ਮਾੜੀ ਗੱਲ ਹੋਈ ਸੀਤੇ ਦਾ ਇਕਲੋਤਾ ਪੁੱਤ ਸੀ"। ਇਸ ਨੇ ਬੱਕਰੀਆਂ ਵਾਂਗ ਰਿਸ਼ਤੇ ਲਈ ਬਹੁਤ ਕੁੜੀਆਂ ਵੇਖੀਆਂ ਪਰ ਕੋਈ ਪਸੰਦ ਨਹੀਂ ਆਈ, ਦੱਸਦੇ ਐ ਇਸ ਦੀ ਮੰਗ ਵੀ ਤੀਹ ਲੱਖ ਰੁਪੈ ਨਕਦ ਤੇ ਵੀਹ ਤੋਲੇ ਸਿਉਨੇ ਦੀ ਸੀ"।

ਇਕੱਠ ਵਿੱਚ ਬਾਬਾ ਕਰਮ ਸਿਉਂ ਵੀ ਪਹੁੰਚ ਗਿਆ ਤੇ ਨੱਥਾ ਸਿੰਘ ਦੀ ਗੱਲ ਸੁਣ ਕੇ ਧੀਮੀ ਅਵਾਜ਼ ਵਿੱਚ ਬੋਲਿਆ, " ਪਰ ਖਾਲਸਾ ਜੀ ਇਹ ਹੁਣ ਕਿੰਨੇ ਦਾ ਐ", ? ਪਟਾਕੇ ਪਾਉਣ ਤੇ ਫੇਟ ਮਾਰਨ ਵਾਲੀ ਗੱਲ ਬੁੱਲਾਂ ਵਿੱਚ ਹੀ ਦਬਾ ਗਿਆ।

# ਸਾਡਾ ਤਿੰਨ ਸਹੇਲੀਆਂ ਦਾ ਪੱਕਾ ਜੁੱਟ..

# ਦੋ ਮੈਥੋਂ ਪਹਿਲਾਂ ਵਿਆਹੀਆਂ ਗਈਆਂ...



ਜਦੋਂ ਵੀ ਮਿਲਦੀਆਂ ਘਰ ਦੇ ਰੋਣੇ..ਇੰਝ ਹੋ ਗਿਆ..ਉਂਝ ਹੋ ਗਿਆ..ਨਨਾਣ ਨੇ ਆਹ ਆਖ ਦਿੱਤਾ..ਸੱਸ ਨੇ ਅਹੁ ਆਖ ਦਿੱਤਾ..ਫੇਰ ਸਲਾਹ ਦਿੰਦੀਆਂ ਜੇ ਸੁਖੀ ਰਹਿਣਾ ਤਾਂ ਵਿਆਹ ਓਥੇ ਕਰਾਈਂ ਸੱਸ-ਸਹੁਰੇ ਵਾਲਾ ਚੱਕਰ ਹੀ ਨਾ ਹੋਵੇ...!

ਫੇਰ ਜਦੋਂ ਹੋਇਆ ਤਾ ਅਗਲੇ ਪਾਸੇ ਦੋਵੇਂ ਜਣੇ ਪੂਰੇ ਤੰਦਰੁਸਤ..ਸੁਵੇਰੇ ਸ਼ਾਮ ਬਿਨਾ ਨਾਗਾ ਸੈਰ..ਚੰਗੀ ਖੁਰਾਕ..ਐਨ ਫਿੱਟ-ਫਾਟ ਹੱਟੇ ਕੱਟੇ..!

ਹੁਣ ਨਾਲਦੀਆਂ ਦਾ ਫੋਨ ਆਉਂਦਾ..ਆਖਦੀਆਂ ਹੁਣ ਕੋਈ ਚੱਕਰ ਚਲਾ ਕੇ ਛੇਤੀ ਵੱਖ ਹੋ ਜਾਵੀਂ ਨਹੀਂ ਤੇ ਜਿੰਦਗੀ ਨਰਕ ਬਣ ਜਾਊ..!

ਇੱਕ ਦਿਨ ਇਹਨਾਂ ਨੂੰ ਕਿਸੇ ਕੰਮ ਚੰਡੀਗੜ ਰੁਕਣਾ ਪੈ ਗਿਆ...

ਓਸੇ ਦਿਨ ਮੇਰੇ ਦਫਤਰ ਦਾ ਆਡਿਟ ਵੀ ਸੀ..ਤਕਰੀਬਨ ਰਾਤ ਦੇ ਨੌ ਵੱਜ ਗਏ..ਘਰੇ ਫੋਨ ਕਰਨਾ ਭੁੱਲ ਗਈ..ਬਾਹਰ ਆਈ ਤਾਂ ਫੋਨ ਦੀ ਬੈਟਰੀ ਪੂਰੀ ਡੈਡ..ਉੱਤੋਂ ਅਸਮਾਨ ਤੇ ਕਾਲੀਆਂ ਘਟਾਵਾਂ ਛਾਈਆਂ ਹੋਈਆਂ..ਫਿਕਰ ਲੱਗ ਗਿਆ..ਘਰੇ ਪਹੁੰਚਣਾ ਕਿੱਦਾਂ..ਬੇਗਾਨਾ ਸ਼ਹਿਰ ਤੇ ਉੱਤੋਂ ਅਖਬਾਰ ਵਿਚ ਛਪਦੀਆਂ ਪੁਠੀਆਂ ਸਿੱਧੀਆਂ ਖਬਰਾਂ..!

ਅਜੇ ਸੋਚ ਹੀ ਰਹੀ ਸਾਂ ਕੇ ਗੇਟ ਮੇਂਨ ਕੋਲ ਆਇਆ...

ਆਖਣ ਲੱਗਾ ਜੀ ਉਹ ਸਾਮਣੇ ਕਾਰ ਵਿਚ ਕੋਈ ਉਡੀਕ ਕਰੀ ਜਾਂਦਾ...!

ਗਹੁ ਨਾਲ ਵੇਖਿਆ..ਕਾਰ ਆਪਣੀ ਹੀ ਸੀ..ਕੋਲ ਗਈ ਤਾਂ ਸਹੁਰਾ ਸਾਹਿਬ ਬਾਹਰ ਨਿੱਕਲ ਆਏ..ਨਾਲ ਹੀ ਮੰਮੀ ਨੇ ਵੀ ਬਾਹਰ ਨਿੱਕਲ ਕੇ ਆ ਜੱਫੀ ਪਈ..ਅਖੇ ਅੱਜ ਬੱਦਲ ਵੇਖ ਐਵੇਂ ਹੀ ਖਿਆਲ ਆ ਗਿਆ ਕੇ ਕਿਓਂ ਨਾ ਦਫਤਰ ਚਲਿਆ ਜਾਵੇ..ਇਥੇ ਆਏ ਤਾਂ ਪਤਾ ਲੱਗਾ ਅੰਦਰ ਆਡਿਟ ਚੱਲੀ ਜਾਂਦਾਂ..ਫੇਰ ਇਥੇ ਉਡੀਕਣਾ ਹੀ ਬੇਹਤਰ ਸਮਝਿਆ..!

ਇਸਤੋਂ ਪਹਿਲਾਂ ਕੇ ਮੈਨੂੰ ਬੋਲਣ ਦਾ ਮੌਕਾ ਮਿਲਦਾ..ਕਾਰ ਮੇਰੀ ਬੇਹਤਰੀਨ ਪਸੰਦ ਵਾਲੇ ਕੁਲਚੇ ਛੋਲੇ ਵਾਲੇ ਢਾਬੇ ਤੇ ਖਲੋ ਗਈ..ਫੇਰ ਅਗਲਾ ਸਟੋਪ ਮੇਰੀ ਮਨਪਸੰਦ ਕੁਲਫੀ ਵਾਲਾ ਮੋੜ ਸੀ..!

ਭਿਆਨਕ ਲੱਗਦੀ ਸ਼ਾਮ ਜਿੰਦਗੀ ਦੀ ਯਾਦਗਾਰ ਸ਼ਾਮ ਬਣ ਗਈ..ਖਤਰਨਾਕ ਦਿਸਦੇ ਪਲ ਮਨਮੋਹਕ ਬਣ ਗਏ..ਇਹ ਸਿਲਸਿਲਾ ਅੱਗੇ ਵੀ ਚੱਲਦਾ ਗਿਆ..ਹੁਣ ਤੱਕ ਚੱਲ ਰਿਹਾ ਏ..ਬੇ ਰੋਕ ਟੋਕ..ਬਿਨਾ ਨਾਗਾ..!

ਅਕਸਰ ਸੋਚਦੀ ਹਾਂ ਕੇ ਇਨਸਾਨ ਦੀ ਜਿੰਦਗੀ ਦੀ ਸਭ ਤੋਂ ਵੱਡੀ ਗਲਤੀ..ਕਿਸੇ ਨਾਲ ਮਿਲਣ ਵਰਤਣ ਤੋਂ ਪਹਿਲਾਂ ਹੀ ਮਨ ਵਿਚ ਉਸ ਬਾਰੇ ਗਲਤ ਧਾਰਨਾ ਕਾਇਮ ਕਰ ਲੈਣੀ..ਜਰੂਰੀ ਤੇ ਨਹੀਂ ਜੇ ਕਿਸੇ ਤੀਜੇ ਨਾਲ ਗਲਤ ਹੋਇਆ ਤਾਂ ਮੇਰੇ ਨਾਲ ਵੀ ਉਂਝ ਹੀ ਹੋਊ..!

ਹਰਪ੍ਰੀਤ ਸਿੰਘ ਜਵੰਦਾ

# ਪੀੜ੍ਹੀ



ਇਕ ਘਰ ਵਿਚ ਚਾਰ ਔਰਤਾਂ ਅਤੇ ਇੱਕ ਮਰਦ ਰਹਿੰਦੇ ਸਨ। ਉਨ੍ਹਾਂ ਦਾ, ਗੁਰੂ ਘਰ ਤੇ ਅਟੁੱਟ ਵਿਸ਼ਵਾਸ ਸੀ। ਇਸ ਲਈ ਉਹ ਆਪਣੇ ਘਰ ਵਿਚ ਨਿੱਤਨੇਮ, ਪੰਜ ਬਾਣੀਆਂ ਦਾ ਪਾਠ ਕਰਦੀਆਂ, ਗੁਰੂ ਘਰ ਵੀ ਜਾਂਦੀਆਂ ਤੇ ਸੇਵਾ ਕਰਦੀਆਂ। ਨਿੱਤ ਦਿਨ ਇਹ ਅਰਦਾਸ ਕਰਦੀਆਂ, ਵਾਹਿਗੁਰੂ ਸਾਡੇ ਘਰ ਦੀ ਪੀੜ੍ਹੀਆਂ ਤੋਂ ਤੁਰੀ ਆ ਰਹੀ ਲੀਹ ਤੋੜ, ਤੇ ਸਾਡੇ ਘਰ ਵਿੱਚ ਖੁਸ਼ੀਆਂ ਪਰਤ ਆਉਣ।

ਉਨ੍ਹਾਂ ਦੇ ਘਰ ਦੀ ਲੀਹ ਪੈ ਚੁੱਕੀ ਸੀ ਕਿ, ਜਦੋਂ ਲੜਕੇ ਦਾ ਵਿਆਹ ਹੁੰਦਾ, ਉਸ ਘਰ ਬੱਚਾ ਹੋਣ ਤੋਂ ਪਹਿਲਾਂ, ਉਸ ਲੜਕੇ ਦੀ ਮੌਤ ਹੋ ਜਾਂਦੀ। ਇਹ ਲਗਾਤਾਰ ਕਈ ਪੀੜ੍ਹੀਆਂ ਤੋਂ ਚਲਦਾ ਆ ਰਿਹਾ ਸੀ।

ਹੁਣ ਜਿਹੜਾ ਘਰ ਵਿੱਚ ਮਰਦ ਸੀ, ਉਸ ਨੂੰ ਘਰ ਦੀਆਂ ਔਰਤਾਂ ਨੇ ਸਲਾਹ ਕਰਕੇ ਫੌਜ ਵਿੱਚ ਭਰਤੀ ਕਰਵਾ ਦਿੱਤਾ, ਤਾਂ ਕਿ ਪਹਿਲਾਂ ਦੀ ਤਰ੍ਹਾਂ ਸਾਨੂੰ ਰੁਲਨਾ ਨਾ ਪਵੇ, ਚਲੋ ਪੈਨਸ਼ਨ ਤਾਂ ਮਿਲਦੀ ਰਹੇਗੀ। ਉਹ ਛੁੱਟੀ ਕਟ ਕੇ ਗਿਆ, ਉਧਰ ਉਸ ਦੀ ਪਤਨੀ ਦੀ ਕੁੱਖ ਵਿਚ ਬੱਚਾ ਵੀ ਸੀ।

ਉਹ ਸਾਰੀਆਂ, ਮਾਂ, ਦਾਦੀ, ਪੜਦਾਦੀ ਅਤੇ ਪਤਨੀ ਬੜੀ ਚਿੰਤਾ ਵਿਚ ਸਨ ਕਿ ਰੱਬ ਖੈਰ ਕਰੇ, ਇਸ ਦਾ ਸਮਾਂ ਵੀ ਸਿਰ ਆਣ ਪਹੁੰਚਿਆ ਹੈ। ਖ਼ਬਰਾਂ ਵਿਚ ਪਤਾ ਲੱਗਾ ਕਿ ਬਾਡਰ ਤੇ ਲੜਾਈ ਲੱਗ ਚੁੱਕੀ ਹੈ, ਜਿਸ ਬਟਾਲੀਅਨ ਵਿਚ ਉਹ ਨੌਕਰੀ ਕਰਦਾ ਸੀ, ਉਹ ਵੀ ਉਥੇ ਪਹੁੰਚ ਚੁੱਕੀ ਹੈ।

ਵੱਡੀ ਮਾਤਾ ਰੱਬ ਦਾ ਨਾਮ ਲੈ ਕੇ, ਬਾਡਰ ਤੇ ਜਾ ਪਹੁੰਚੀ। ਉਸ ਨੇ ਆਪਣੇ ਪੜਪੋਤੇ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਤਿੰਨ ਦਿਨ ਪਹਿਲਾਂ ਦਾ ਸ਼ਹੀਦ ਹੋ ਚੁੱਕਾ ਹੈ, ਉਸ ਦੇ ਮੋਰਚੇ ਤੇ ਬੰਬ ਡਿੱਗਣ ਕਾਰਨ ਉਹ ਮੋਰਚਾ ਢਹਿ ਚੁੱਕਾ ਹੈ।

ਮਾਤਾ ਨੇ ਤਰਲੇ ਮਿੰਨਤਾਂ ਕੀਤੀਆਂ ਕਿ ਮੈਂ ਉਸ ਦੀ ਲਾਸ਼ ਲੇਕੇ ਜਾਣਾ ਚਾਹੁੰਦੀ ਹਾਂ। ਉਨਾਂ ਮਾਤਾ ਨਾਲ ਦੋ ਜਵਾਨ ਭੇਜੇ। ਜਦੋਂ ਮੋਰਚੇ ਲਾਗੇ ਪਹੁੰਚੇ ਤਾਂ ਉਸ ਵਿਚੋਂ ਕਿਸੇ ਦੇ ਹੂਗਣ ਦੀ ਅਵਾਜ ਆਈ। ਉਨ੍ਹਾਂ ਸਾਰਾ ਮਲਬਾ ਪਾਸੇ ਕਰਕੇ ਜਦੋਂ ਦੇਖਿਆ ਤਾਂ ਮਾਤਾ ਦਾ ਪੜਪੋਤਾ ਜਿਊਂਦਾ ਸੀ, ਤੇ ਦੂਸਰੇ ਦੋਵੇਂ ਇਕ ਪਹਿਲੇ ਦਿਨ ਤੇ ਦੂਸਰਾ ਕੁਝ ਘੰਟੇ ਪਹਿਲਾਂ ਸ਼ਹੀਦ ਹੋ ਚੁੱਕੇ ਸਨ। ਉਨਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਦੋਹਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਘਰ ਪਹੁੰਚਾਈਆਂ ਗਈਆਂ। ਤੇ ਲੜਕੇ ਦਾ ਇਲਾਜ ਕਰਕੇ ਮਾਤਾ ਨਾਲ ਛੁੱਟੀ ਤੇ ਭੇਜ ਦਿੱਤਾ।

ਜਦੋਂ ਉਹ ਘਰ ਆਏ ਤਾਂ ਸਾਰੇ ਪਿੰਡ ਨੇ ਬੜੀ ਖੁਸ਼ੀ ਮਨਾਈ। ਪਰ ਇਹ ਚਾਰੇ ਅਜੇ ਵੀ ਉਦਾਸ ਸਨ। ਜਦੋਂ ਉਸ ਦੇ ਘਰ ਪੁੱਤਰ ਨੇ ਜਨਮ ਲਿਆ ਤਾਂ,ਉਸ ਨੂੰ ਵੀ ਜਿਊਂਦਾ ਦੇਖ ਕੇ ਸਾਰੀਆਂ ਨੇ ਰੱਬ ਦਾ ਸ਼ੁਕਰ ਮਨਾਇਆ। ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ। ਲੰਗਰ ਵਰਤਾਏ। ਤੇ ਵਹਿਗੁਰੂ ਜੀ ਦਾ ਪਲ ਪਲ ਸ਼ੁਕਰਾਨਾ ਕਰ ਰਹੀਆਂ ਸਨ।

ਥੋੜੇ ਸਮੇਂ ਬਾਅਦ ਉਸ ਦੇ ਘਰ ਇਕ ਹੋਰ ਪੁੱਤਰ ਨੇ ਜਨਮ ਲਿਆ। ਹੁਣ ਉਹ ਸਭ ਨੂੰ ਕਹਿ ਰਹੀਆ ਸਨ ਕਿ ਕਈ ਪੀੜ੍ਹੀਆਂ ਬਾਅਦ ਸਾਡੇ ਘਰ ਦੋ ਬੱਚੇ ਹੋਏ ਹਨ ਤੇ ਉਨ੍ਹਾਂ ਦਾ ਬਾਪ ਵੀ ਜਿਊਂਦਾ ਹੈ। ਰੱਬ ਨੇ ਸਾਡੀ ਸੁਣ ਲਈ ਹੈ। ਜਿਹੜਾ ਉਸ ਨੂੰ ਹਮੇਸ਼ਾ ਹਾਜ਼ਰ ਨਾਜ਼ਰ ਸਮਝੇ, ਉਹ ਜ਼ਰੂਰ ਝੋਲੀਆਂ ਭਰਦਾ ਹੈ। ਜਿਵੇਂ ਉਸ ਨੇ ਸਾਡੀ ਲੀਹ ਤੋੜ ਕੇ ਨਵੀਂ ਲੀਹ ਖਿੱਚੀ ਹੈ।

ਬਲਵਿੰਦਰ ਕੌਰ, ਅੰਮ੍ਰਿਤਸਰ।

# ਜ਼ਮੀਨ ਦੀ ਲਾਲਚੀ ਭਰਜਾਈ...



ਬਾਈ ਕਿੱਥੇ ਆ?" ਗੁਰਮੇਲ ਨੇ ਸਾਰੇ ਬਾਹਰ-ਅੰਦਰ ਵੇਖ ਕੇ ਕਿਹਾ।

ਗੁਰਮੇਲ ਚੀਨ ਦੇ ਬਾਡਰ ਤੋਂ ਦੋ ਮਹੀਨਿਆਂ ਬਾਅਦ ਘਰ ਆਇਆ ਸੀ। ਚਿੱਠੀ ਰਾਹੀਂ ਬਾਵੇ ਦੇ ਬੀਮਾਰ ਹੋਣ ਦਾ ਗੁਰਮੇਲ ਨੂੰ ਦੱਸਿਆ ਸੀ ਤਾਂ ਹੀ ਗੁਰਮੇਲ ਛੁੱਟੀ ਲੈ ਕੇ ਘਰ ਆਇਆ ਸੀ।

ਓਹ ਤਾਂ ਹਸਪਤਾਲ ਚ ਈ ਆ।" ਜੀਤੋ ਨੇ ਤਵੇ ਤੋਂ ਰੋਟੀ ਲਾਹ ਕੇ ਛਾਬੇ ਚ ਰੱਖਦੀ ਨੇ ਕਿਹਾ।

"ਹੈਂਅ! !!, ਉਹਦੇ ਕੋਲ ਕੌਣ ਆਂ?" ਦੋਵੇਂ ਮੁੰਡਿਆਂ ਤੇ ਜੀਤੋ ਨੂੰ ਘਰੇ ਵੇਖ ਕੇ ਗੁਰਮੇਲ ਨੇ ਫਿਰ ਕਿਹਾ।

"ਕੋਲ ਕੀਹਨੇ ਹੋਣਾ ਸੀ?" ਜੀਤੋ ਨੇ ਪੀੜ੍ਹੀ ਤੋਂ ਉੱਠ ਕੇ ਦੋਵੇਂ ਹੱਥ ਢਾਕਾਂ ਤੇ ਧਰਕੇ ਕਿਹਾ।

ਓਹ ਬੀਮਾਰ ਬੰਦਾ ਆ, ਉਹਦੇ ਕੋਲ ਤਾਂ ਇੱਕ ਜਣੇ ਨੇ ਰਹਿਣਾ ਸੀ?" ਗੁਰਮੇਲ ਨੇ ਚਿੰਤਾ ਜ਼ਤਾਈ।

"ਸਾਥੋਂ ਨਹੀਂ ਉਹਦਾ ਗੂੰਹ-ਮੂਤ ਧੋਤਾ ਜਾਂਦਾ।" ਜੀਤੋ ਨੇ ਨੱਕ ਜਾ ਚੜ੍ਹਾਉਂਦੀ ਨੇ ਕਿਹਾ।

ਗੁਰਮੇਲ ਸੋਚੀਂ ਪੈ ਗਿਆ ਕਿ ਇਹ ਐਨਾ ਕਿਵੇਂ ਬਦਲ ਗਈ? ਗੁਰਮੇਲ ਨੇ ਚੱਕੇ ਬਾਵੇ ਦੇ ਲੀੜੇ ਤੇ ਸ਼ਹਿਰ ਨੂੰ ਜਾਣ ਵਾਸਤੇ ਸਕੂਟਰ ਸਰਾਰਟ ਕਰ ਲਿਆ।

ਰਾਹ 'ਚ ਜਾਂਦਾ ਸੋਚਦਾ ਜਾਵੇ ਵੀ ਇਹ ਐਨਾ ਕਿਵੇਂ ਬਦਲ ਗਏ?ਸ਼ਹਿਰ ਪਹੁੰਚ ਕੇ ਸਿੱਧਾ ਹਸਪਤਾਲ ਪਹੁੰਚ ਗਿਆ।

ਨਰਸ ਨੂੰ ਮਰੀਜ਼ ਦਾ ਕਮਰਾ ਪੁੱਛਿਆ ਤੇ ਬਾਵੇ ਕੋਲ ਚਲਾ ਗਿਆ। ਕਮਰੇ 'ਚ ਵੜ੍ਹਦੇ ਨੇ ਵੇਖਿਆ ਤਾਂ ਇੱਕ ਹਸਪਾਤਲ ਚ ਲੱਗਿਆ ਮੁੰਡਾ ਬਾਵੇ ਨੂੰ ਉਠਾ ਰਿਹਾ ਸੀ।

ਗੁਰਮੇਲ ਨੂੰ ਵੇਖ ਬਾਵੇ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਤੁਰੇ ਤੇ ਦੋਵੇਂ ਹੱਥ ਜੋੜ ਲਏ। ਕੁਝ ਕਹਿਣਾ ਚਾਹੁੰਦਾ ਸੀ ਪਰ ਜ਼ੁਬਾਨ ਬੋਲਣ ਤੋਂ ਜਵਾਬ ਦੇ ਰਹੀ ਸੀ। ਕਮਜ਼ੋਰੀ ਬਹੁਤ ਆ ਚੁੱਕੀ ਸੀ।

ਗੁਰਮੇਲ ਨੇ ਮਨ ਕਰੜਾ ਜਿਹਾ ਕਰ ਕੇ ਬਾਵੇ ਦੇ ਦੋਵਾਂ ਹੱਥਾਂ ਨੂੰ ਆਪਣੇ ਹੱਥਾਂ ਚ ਘੁੱਟ ਲਿਆ।

ਹੁਣ ਫਿਕਰ ਨਾ ਕਰ ਬਾਈ ਮੈਂ ਆ ਗਿਆ ਹਾਂ, ਤੈਨੂੰ ਕੁਝ ਨਹੀਂ ਹੋਣ ਦਿੰਦਾ। ਬਸ ਹੌਂਸਲਾ ਰੱਖ।" ਗੁਰਮੇਲ ਨੇ ਬਾਵੇ ਦਾ ਮੋਢਾ ਜਿਹਾ ਫੜ੍ਹ ਕੇ ਕਿਹਾ।

"ਤੁਸੀਂ ਕੀ ਲਗਦੇ ਹੋ ਇਹਨਾਂ ਦੇ?" ਉਸ ਮੁੰਡੇ ਨੇ ਗੁਰਮੇਲ ਨੂੰ ਪੁੱਛਿਆ।

"ਮੇਰਾ ਸਕਾ ਭਰਾ ਹੈ।" ਗੁਰਮੇਲ ਨੇ ਦੱਸਿਆ।

"ਅੱਛਾ, ਇਹਨਾਂ ਦਾ ਵਿਆਹ ਨਹੀਂ ਹੋਇਆ?" ਉਸ ਮੁੰਡੇ ਨੇ ਪੁੱਛਿਆ।

"ਨਹੀਂ।" ਗੁਰਮੇਲ ਨੇ ਦੱਸਿਆ।

"ਜੋ ਇਹਨਾਂ ਨੂੰ ਐਡਮਿਟ ਕਰਾਉਣ ਆਏ ਸੀ, ਉਹ ਕੌਣ ਸਨ?" ਉਸ ਮੁੰਡੇ ਨੇ ਪੁੱਛਿਆ।

"ਉਹ ਮੇਰੇ ਘਰਵਾਲੀ ਤੇ ਮੇਰਾ ਮੁੰਡਾ ਸੀ।" ਗੁਰਮੇਲ ਨੇ ਦੱਸਿਆ।

ਉਸ ਮੁੰਡੇ ਨੇ ਦੋਵੇਂ ਬੁੱਲ੍ਹ ਦੰਦਾਂ ਦੇ ਪੀੜ੍ਹ ਥੱਲੇ ਦੱਬ ਕੇ ਸਿਰ ਫੇਰਿਆ।

"ਕੀ ਗੱਲ ਹੋ ਗਈ ਛੋਟੇ ਵੀਰ?" ਗੁਰਮੇਲ ਨੇ ਪੁੱਛਿਆ।

"ਬਾਈ ਕੀ ਦੱਸਾਂ ਯਰ, ਬੇਗਾਨੇ ਵੀ ਏਦਾਂ ਦਾ ਵਿਹਾਰ ਨਹੀਂ ਕਰਦੇ ਜਿਵੇਂ ਉਹ ਕਰ ਕੇ ਗਏ ਨੇ।

ਇੱਕ ਵਾਰੀ ਹਸਪਤਾਲ ਚ ਸਿੱਟ ਗਏ ਤੇ ਪਰਸੋਂ ਕਾਗਜ਼ ਜੇ ਲੈ ਕੇ ਆਏ ਸੀ। ਇਹਦੇ ਗੂਠੇ-ਗਾਠੇ ਜੇ ਲਵਾ ਕੇ ਲੈ ਗਏ। ਫੇਰ ਨਹੀਂ ਆਏ ਤੇ ਮੈਂ ਅਤੇ ਇੱਕ ਔਹ ਕੁੜੀ ਆ ਜਿਹੜੇ ਅਸੀਂ ਇਹਨੂੰ ਸੰਭਾਲਦੇ ਹਾਂ।

ਉਸ ਮੁੰਡੇ ਨੇ ਸਾਰਾ ਕੁਸ਼ ਗੁਰਮੇਲ ਨੂੰ ਦੱਸਤਾ।

ਬਾਵੇ ਨੇ ਰੋਂਦੇ-ਰੋਂਦੇ ਨੇ ਨੀਲੀ ਸਿਆਹੀ ਨਾਲ ਲਿਬੜਿਆ ਅੰਗੂਠਾ ਵਿਖਾਇਆ।

ਗੁਰਮੇਲ ਸਮਝ ਗਿਆ ਕਿ ਕਿਉਂ ਜੀਤੋ ਦੀ ਬੋਲੀ ਬਦਲੀ ਪਈ ਆ।

ਗੁਰਮੇਲ ਨੇ ਬਾਵੇ ਨੂੰ ਦੋ ਕੁ ਬਿਸਕੁਟ ਜੇ ਖਵਾ ਕੇ ਬਾਵੇ ਨੂੰ ਦਵਾਈ ਦੇ ਕੇ ਲੰਮਾ ਪਾ ਦਿੱਤਾ ਤੇ ਆਪ ਬਾਹਰ ਆ ਗਿਆ। ਬਾਹਰ ਆ ਕੇ ਧਾਹਾਂ ਮਾਰ-ਮਾਰ ਕੇ ਰੋਣ ਲੱਗ ਪਿਆ।

ਮੇਰੇ ਭਰਾ ਦੀ ਜਾਨ ਨਾਲੋਂ ਜ਼ਮੀਨ ਕੀਮਤੀ ਹੋ ਇਹਨਾਂ ਨੂੰ।" ਇਹ ਸੋਚ ਕੇ ਗੁਰਮੇਲ ਦਾ ਕਾਲਜ਼ਾ ਮੂੰਹ ਨੂੰ ਆ ਗਿਆ। ਬਿਨਾਂ ਕੁਸ਼ ਖਾਧੇ-ਪੀਤੇ ਸਾਰੀ ਰਾਤ ਰੋਂਦਾ ਰਿਹਾ।

ਹਫ਼ਤੇ ਬਾਅਦ ਹਸਪਤਾਲ ਚੋਂ ਛੁੱਟੀ ਮਿਲ ਗਈ ਤੇ ਗੁਰਮੇਲ ਬਾਵੇ ਨੂੰ ਘਰ ਲੈ ਆਇਆ। ਘਰ ਲਿਆ ਕੇ ਗੁਰਮੇਲ ਨੇ ਬਾਵੇ ਦੀ ਬਹੁਤ ਸੇਵਾ ਕੀਤੀ ਤੇ ਕੁਸ਼ ਤੁਰਨ ਫਿਰਨ ਲੱਗ ਗਿਆ ਸੀ।

ਬਾਵੇ ਨੇ ਵੱਡਾ ਭਰਾ ਪਿਉ ਬਰਾਬਰ ਹੋਣ ਦਾ ਫਰਜ਼ ਨਿਭਾਇਆ ਸੀ। ਨਿੱਕੇ ਹੁੰਦਿਆਂ ਦੇ ਹੀ ਬਾਪ ਦਾ ਸਾਇਆ ਸਿਰ ਤੋਂ ਉੱਠ ਗਿਆ ਸੀ। ਬਾਵੇ ਨੇ ਬਾਪ ਬਣ ਕੇ ਗੁਰਮੇਲ ਨੂੰ ਪੜ੍ਹਾਇਆ ਤੇ ਨੌਕਰੀ ਤੇ ਲਵਾਇਆ ਸੀ। ਪਹਿਲਾਂ ਸਿਰ ਜ਼ਿੰਮੇਵਾਰੀਆਂ ਹੀ ਐਨੀਆਂ ਸਨ ਕਿ ਵਿਆਹ ਦਾ ਤਾਂ ਖਿਆਲ ਕਰਨਾ ਹੀ ਮੁਸ਼ਕਲ ਸੀ ਤੇ ਜਦੋਂ ਗੁਰਮੇਲ ਪੜ੍ਹ ਕੇ ਨੌਕਰੀ ਤੇ ਲੱਗ ਗਿਆ ਤਾਂ ਫਿਰ ਵਿਆਹ ਦੀ ਉਮਰ ਹੀ ਲੰਘ ਚੁੱਕੀ ਸੀ। ਬਾਵੇ ਨੂੰ ਸਾਰੇ ਰਿਸ਼ਤੇਦਾਰਾਂ ਨੇ ਬਹੁਤ ਸਮਝਾਇਆ ਕਿ ਵਿਆਹ ਤੋਂ ਬਿਨਾਂ ਕੁਸ਼ ਨਹੀਂ ਬਣਨਾ। ਬੁੱਢੇ-ਵਾਰੇ ਰੋਟੀ ਤੋਂ ਤੰਗ ਹੋਵੇਂਗਾ ਪਰ ਬਾਵੇ ਨੇ ਕਿਸੇ ਦੀ ਇੱਕ ਨਾ ਮੰਨੀ। ਦੋਵਾਂ ਭਰਾਵਾਂ ਦਾ ਪਿਆਰ ਹੀ ਏਨਾ ਸੀ ਕਿ ਸਾਰੇ ਪਿੰਡ ਵਿੱਚ ਗੱਲਾਂ ਹੁੰਦੀਆਂ ਸੀ। ਗੁਰਮੇਲ ਫੌਜ ਵਿੱਚ ਨੌਕਰੀ ਕਰਦਾ ਸੀ ਤੇ ਬਾਵਾ ਸਾਰਾ ਦਿਨ ਖੇਤ ਕੰਮ ਕਰਦਾ ਸੀ।

ਜੀਤੋ ਨੂੰ ਚਾਰ ਕਿੱਲਿਆਂ ਦਾ ਐਨਾ ਲਾਲਚ ਹੋ ਗਿਆ ਕਿ ਬਾਵੇ ਨੂੰ ਮੌਤ ਦੇ ਮੂੰਹ 'ਚ ਪਏ ਤੋਂ ਵੀ ਸਿਰਫ ਜ਼ਮੀਨ ਹੀ ਦਿਸਦੀ ਸੀ।

ਦਿਨ ਢਲਦੇ ਗਏ ਤੇ ਬਾਵਾ ਬਿਲਕੁਲ ਤੰਦਰੁਸਤ ਹੋ ਗਿਆ ਸੀ।

(ਚੱਲਦਾ)

# ਪੁੱਤਰ ਹੋਣਾ ਬੁਢਾਪੇ ਦਾ ਗਾਰੰਟੀ ਕਾਰਡ ਨਹੀਂ ਏ...



ਉਨ੍ਹਾਂ ਨੂੰ ਖੁਦ ਉੱਠ ਕੇ ਪਾਣੀ ਭਰਨ ਜਾਣਾ ਪਿਆ। ਉਸ ਇੱਕ ਘੁੱਟ ਪਾਣੀ ਨੇ ਉਨ੍ਹਾਂ ਦੇ ਗਲੇ ਦੇ ਨਾਲ-ਨਾਲ ਉਨ੍ਹਾਂ ਦੇ ਸਾਲਾਂ ਪੁਰਾਣੇ ਭਰਮ ਨੂੰ ਵੀ ਹੇਠਾਂ ਉਤਾਰ ਦਿੱਤਾ।

ਅਗਲੀ ਸਵੇਰ, ਪਾਰਕ ਦੀ ਬੈਂਚ ਉੱਤੇ ਮਨੋਰਮਾ ਇਕੱਲੀ ਬੈਠੀ ਸੀ। ਕਾਂਤਾ ਚਾਚੀ ਹੌਲੀ-ਹੌਲੀ ਆਈ ਅਤੇ ਉਨ੍ਹਾਂ ਦੇ ਕੋਲ ਬੈਠ ਗਈ। ਅੱਜ ਉਨ੍ਹਾਂ ਦੇ ਚਿਹਰੇ ਉੱਤੇ ਇੱਕ ਅਜੀਬ ਜਿਹੀ ਸ਼ਾਂਤੀ ਸੀ।

"ਮਨੋਰਮਾ," ਕਾਂਤਾ ਚਾਚੀ ਨੇ ਧੀਮੀ ਆਵਾਜ਼ ਵਿੱਚ ਕਿਹਾ।

"ਹਾਂ ਚਾਚੀ?"

"ਮੈਨੂੰ ਮਾਫ਼ ਕਰ ਦੇ। ਮੈਂ ਆਪਣੀ ਅਗਿਆਨਤਾ ਵਿੱਚ ਤੈਨੂੰ ਤਾਹਨੇ ਮਾਰਦੀ ਰਹੀ। ਮੈਨੂੰ ਲੱਗਦਾ ਸੀ ਕਿ ਬੁਢਾਪੇ ਦਾ ਸਹਾਰਾ 'ਲਿੰਗ' (ਜੈਂਡਰ) ਤੈਅ ਕਰਦਾ ਏ। ਪਰ ਕੱਲ੍ਹ ਸਮਝ ਆਇਆ ਕਿ ਸਹਾਰਾ 'ਸੰਸਕਾਰ' ਅਤੇ 'ਪਿਆਰ' ਤੈਅ ਕਰਦੇ ਨੇ। ਤੇਰੀਆਂ ਧੀਆਂ ਪੁੱਤਰ ਬਣ ਕੇ ਨਹੀਂ ਆਈਆਂ, ਉਹ ਤਾਂ 'ਮਾਂ' ਬਣ ਕੇ ਤੇਰੀ ਅਤੇ ਤੇਰੇ ਪਤੀ ਦੀ ਸੇਵਾ ਕਰ ਰਹੀਆਂ ਨੇ। ਅਤੇ ਮੇਰੇ ਪੁੱਤਰ... ਉਹ ਸ਼ਾਇਦ ਮੇਰੇ ਹੋ ਕੇ ਵੀ ਮੇਰੇ ਨਹੀਂ ਨੇ।"

ਮਨੋਰਮਾ ਨੇ ਚਾਚੀ ਦੇ ਮੋਢੇ ਉੱਤੇ ਹੱਥ ਰੱਖਿਆ। "ਚਾਚੀ, ਗਲਤੀ ਤੁਹਾਡੀ ਨਹੀਂ ਏ। ਸਮਾਜ ਨੇ ਸਾਨੂੰ ਇਹੀ ਪੱਟੀ ਪੜ੍ਹਾਈ ਏ ਕਿ ਪੁੱਤਰ ਕੁਲ ਦਾ ਦੀਵਾ ਏ। ਪਰ ਅਸੀਂ ਭੁੱਲ ਜਾਂਦੇ ਆਂ ਕਿ ਦੀਵੇ ਦੀ ਰੋਸ਼ਨੀ ਇਸ ਗੱਲ ਉੱਤੇ ਨਿਰਭਰ ਕਰਦੀ ਏ ਕਿ ਉਸ ਵਿੱਚ ਤੇਲ ਅਤੇ ਬੱਤੀ ਕਿਹੋ ਜਿਹੀ ਏ, ਨਾ ਕਿ ਦੀਵਾ ਮਿੱਟੀ ਦਾ ਏ ਜਾਂ ਸੋਨੇ ਦਾ। ਤੁਸੀਂ ਦੁਖੀ ਨਾ ਹੋਵੋ। ਤੁਸੀਂ ਜਦੋਂ ਚਾਹੋ, ਸਾਡੇ ਘਰ ਆ ਜਾਇਆ ਕਰੋ। ਰਿਆ ਅਤੇ ਜਿਆ ਤਾਂ ਤੁਹਾਨੂੰ ਆਪਣੀ ਵੱਡੀ ਨਾਨੀ ਮੰਨਦੀਆਂ ਨੇ।"

ਕਾਂਤਾ ਚਾਚੀ ਮੁਸਕਰਾਈ, ਪਰ ਇਸ ਵਾਰ ਉਨ੍ਹਾਂ ਦੀ ਮੁਸਕਾਨ ਵਿੱਚ ਦਰਦ ਨਹੀਂ, ਇੱਕ ਨਵੀਂ ਸਮਝ ਸੀ। "ਜਾਣਦੀ ਏਂ ਮਨੋਰਮਾ, ਕੱਲ੍ਹ ਰਾਤ ਮੈਂ ਆਪਣੇ ਪੁੱਤਰਾਂ ਨੂੰ ਕਹਿ ਦਿੱਤਾ।"

"ਕੀ ਕਹਿ ਦਿੱਤਾ?"

"ਮੈਂ ਕਹਿ ਦਿੱਤਾ ਕਿ ਮੈਂ ਹੁਣ ਰਸੋਈ ਵਿੱਚ ਖਪ ਕੇ ਨਹੀਂ ਖਾਵਾਂਗੀ। ਮੇਰੇ ਕੋਲ ਮੇਰੇ ਪਤੀ ਦੀ ਪੈਨਸ਼ਨ ਏ ਅਤੇ ਮੇਰੀ ਜਮਾਪੂੰਜੀ ਏ। ਮੈਂ ਆਪਣੇ ਲਈ ਇੱਕ ਟਿਫਿਨ ਸਰਵਿਸ ਲਗਵਾ ਲਈ ਏ ਅਤੇ ਘਰ ਦੇ ਕੰਮ ਲਈ ਇੱਕ ਕੰਮਵਾਲੀ ਰੱਖ ਲਈ ਏ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕਿ—ਮੈਨੂੰ ਰਾਣੀ ਬਣਨ ਦਾ ਸ਼ੌਕ ਨਹੀਂ ਏ, ਬੱਸ ਇੱਜ਼ਤ ਨਾਲ ਜਿਉਣ ਦਾ ਹੱਕ ਏ। ਜੇ ਤੁਸੀਂ ਸੇਵਾ ਨਹੀਂ ਕਰ ਸਕਦੇ, ਤਾਂ ਮੈਂ ਤੁਹਾਡੇ ਉੱਤੇ ਬੋਝ ਵੀ ਨਹੀਂ ਬਣਾਂਗੀ।"

ਮਨੋਰਮਾ ਹੈਰਾਨ ਰਹਿ ਗਈ। "ਇੰਨੀ ਵੱਡੀ ਹਿੰਮਤ?"

ਕਾਂਤਾ ਚਾਚੀ ਨੇ ਅਸਮਾਨ ਵੱਲ ਦੇਖਿਆ। "ਹਿੰਮਤ ਤਾਂ ਤੇਰੀਆਂ ਧੀਆਂ ਨੂੰ ਦੇਖ ਕੇ ਆਈ। ਜਦੋਂ ਉਹ ਕੁੜੀਆਂ ਹੋ ਕੇ ਆਪਣੇ ਮਾਂ-ਬਾਪ ਲਈ ਦੁਨੀਆ ਹਿਲਾ ਸਕਦੀਆਂ ਨੇ, ਤਾਂ ਮੈਂ ਆਪਣੇ ਹੀ ਘਰ ਵਿੱਚ, ਆਪਣੇ ਹੀ ਪੁੱਤਰਾਂ ਸਾਹਮਣੇ, ਨੌਕਰਾਣੀ ਬਣ ਕੇ ਕਿਉਂ ਜੀਉਵਾਂ? ਮੈਂ ਮੰਨ ਲਿਆ ਕਿ ਮੇਰੇ ਪੁੱਤਰ ਕੋਈ 'ਸ਼੍ਰਵਣ ਕੁਮਾਰ' ਨਹੀਂ ਨੇ, ਅਤੇ ਇਸ ਸੱਚ ਨੂੰ ਸਵੀਕਾਰ ਕਰਦਿਆਂ ਹੀ ਮੈਨੂੰ ਆਜ਼ਾਦੀ ਮਹਿਸੂਸ ਹੋਈ।"

ਹਵਾ ਦਾ ਇੱਕ ਬੁੱਲਾ ਆਇਆ ਅਤੇ ਗੁਲਮੋਹਰ ਦੇ ਕੁਝ ਲਾਲ ਫੁੱਲ ਉਨ੍ਹਾਂ ਦੋਵਾਂ ਉੱਤੇ ਡਿੱਗ ਗਏ।

ਕਾਂਤਾ ਚਾਚੀ ਨੇ ਹੱਸਦੇ ਹੋਏ ਕਿਹਾ, "ਦੇਖ, ਭਗਵਾਨ ਵੀ ਕਹਿ ਰਹੇ ਨੇ ਕਿ ਜ਼ਿੰਦਗੀ ਅਜੇ ਬਾਕੀ ਏ।"

ਉਸ ਦਿਨ ਤੋਂ ਬਾਅਦ, ਕਾਂਤਾ ਚਾਚੀ ਨੇ ਆਪਣੀਆਂ ਖੁਸ਼ੀਆਂ ਦੂਜਿਆਂ ਤੋਂ ਉਮੀਦ ਕਰਨ ਦੀ ਬਜਾਏ, ਖੁਦ ਵਿੱਚ ਤਲਾਸ਼ਣੀਆਂ ਸ਼ੁਰੂ ਕਰ ਦਿੱਤੀਆਂ। ਉਹ ਹੁਣ ਮਨੋਰਮਾ ਦੇ ਨਾਲ ਸਤਿਸੰਗ ਜਾਂਦੀ, ਯੋਗਾ ਕਰਦੀ ਅਤੇ ਕਦੇ-ਕਦੇ ਆਪਣੀਆਂ ਨੂੰਹਾਂ ਨੂੰ ਵੀ ਸੁਣਾ ਦਿੰਦੀ। ਉਨ੍ਹਾਂ ਨੂੰ ਸਮਝ ਆ ਗਿਆ ਸੀ ਕਿ ਪੁੱਤਰ ਜਾਂ ਧੀ ਹੋਣਾ ਗਾਰੰਟੀ ਕਾਰਡ ਨਹੀਂ ਏ; ਅਸਲ ਗਾਰੰਟੀ ਤਾਂ ਉਹ ਆਤਮਨਿਰਭਰਤਾ ਅਤੇ ਸਵਾਭਿਮਾਨ ਏ ਜੋ ਇਨਸਾਨ ਆਪਣੇ ਅੰਦਰ ਜ਼ਿੰਉਦਾ ਰੱਖਦਾ ਏ ਅਤੇ ਰਹੀ ਗੱਲ "ਖੁਦ ਲਈ ਖਾਣਾ ਬਣਾਉਣ" ਦੀ, ਤਾਂ ਹੁਣ ਅਕਸਰ ਸ਼ਾਮ ਨੂੰ ਕਾਂਤਾ ਚਾਚੀ, ਮਨੋਰਮਾ ਦੇ ਘਰ ਬੈਠੀ, ਰਿਆ ਅਤੇ ਜਿਆ ਦੇ ਭੇਜੇ ਔਨਲਾਈਨ ਆਰਡਰ ਵਾਲੇ ਪਿੱਜ਼ੇ ਦਾ ਆਨੰਦ ਲੈਂਦੀ ਨਜ਼ਰ ਆਉਂਦੀ ਸੀ, ਅਤੇ ਕਹਿੰਦੀ ਸੀ—"ਧੀਆਂ ਤਾਂ ਸੱਚ ਵਿੱਚ ਪਰੀਆਂ ਹੁੰਦੀਆਂ ਨੇ, ਜੋ ਦੂਰ ਰਹਿ ਕੇ ਵੀ ਕੋਲ ਹੋਣ ਦਾ ਅਹਿਸਾਸ ਕਰਾਉਂਦੀਆਂ ਨੇ।"

ਜ਼ਰੂਰੀ ਨਹੀਂ ਕਿ ਬੁਢਾਪੇ ਦੀ ਲਾਠੀ ਪੁੱਤਰ ਹੀ ਹੋਵੇ, ਕਦੇ-ਕਦੇ ਧੀਆਂ ਦਾ ਹੌਸਲਾ ਉਹ ਉੱਡਣ ਖਟੋਲਾ ਬਣ ਜਾਂਦਾ ਏ, ਜਿਸ ਉੱਤੇ ਬੈਠ ਕੇ ਮਾਂ-ਬਾਪ ਇੱਜ਼ਤ ਦੀ ਉਡਾਣ ਭਰਦੇ ਨੇ।

ਹੁਣ ਮੈਨੂੰ ਇਹ ਵੀ ਅਹਿਸਾਸ ਹੋ ਗਿਆ ਹੈ ਕਿ ਮੈਂ ਆਪਣੀ ਜਿੰਦਗੀ ਦੇ ਸੰਘਰਸ਼ ਵਿਚੋਂ ਨਿੱਕਲ ਕੇ ਕਦੇ ਵੀ ਆਪਣੀ ਮਾਂ ਦੇ ਦੁੱਧ ਦਾ ਫਰਜ਼ ਨਹੀ ਨਿਭਾ ਸਕਾਗੀਂ... ਜਦੋਂ ਵੀ ਮਾਂ ਦੀਆਂ ਨਿੱਕੀਆਂ ਨਿੱਕੀਆਂ ਖੁਹਾਇਸ਼ਾਂ ਦੀ ਇਹ ਪੋਟਲੀ ਫਰੋਲਦੀ ਹਾਂ ਤਾਂ ਮੇਰੀ ਆਪਣੀ ਜਿੰਦਗੀ ਦਾ ਇੱਕ ਪਲ ਮਰ ਗਿਆ ਜਾਪਦਾ ਹੈ ਙ ਮਾਂ ਦੀ ਹੱਡੀਆਂ ਹੋਈ ਦੇਹ ਨੂੰ ਮੈਂ ਕਦੇ ਵੀ ਉਹਦੇ ਮੱਕੇ ਦੇ ਦਰਸ਼ਨ ਨਹੀ ਕਰਾ ਸਕਾਂਗੀ.....

ਮੇਰੀ ਮਾਂ ਕਿਸੇ ਦਿਨ ਇਹ ਬੋਝ ਢੋਂਦੀ ਤੁਰ ਜਾਏਗੀ .... ਪਰ ਮੈਨੂੰ ਸਮਝ ਨਹੀ ਆਉਂਦੀ ਕਿ ਇਸ ਪੋਟਲੀ ਦਾ ਬੋਝ ਚੁੱਕ ਕੇ ਮੈਂ ਆਪਣੀ ਜਿੰਦਗੀ ਦੇ ਆਉਣ ਵਾਲੇ ਦਿਨ ਕਿਵੇਂ ਕੱਟਾਂਗੀ ?

ਸਮਾਪਤ

ਲਿਖਤ ਪਰਵੇਜ ਸੰਧੂ

# ਇੱਕ ਬੂੰਦ ਦੀ ਕੀਮਤ

ਇੱਕ ਨਿੱਕੀ ਜਿਹੀ ਕੁੜੀ,
ਪਿਆਸ ਵਿੱਚ ਰੋਣ ਲੱਗੀ।
ਇਧਰ-ਉਧਰ ਪਾਣੀ ਦੀ ਭਾਲ,
ਵਿੱਚ ਨਿਰਾਸ਼ ਹੋਣ ਲੱਗੀ,
ਤੁਰਦੀ ਅੱਥਰੂ ਵਹਾਉਣ ਲੱਗੀ।

ਦੂਰ ਕਿਤੇ ਲੱਗੇ ਵਾਟਰ ਕੂਲਰ,
ਦੇਖ ਉਸ ਨੂੰ ਆਸ ਹੋਣ ਲੱਗੀ।
ਭੱਜ ਉਸ ਕੋਲ ਜਾ ਆਪਣੀ,
ਪਿਆਸ ਨੂੰ ਬੁਝਾਉਣ ਲੱਗੀ,
ਚਿਹਰੇ ਉੱਤੇ ਨਿਵੇਕਲੀ ਜਿਹੀ,
ਇੱਕ ਮੁਸਕਾਨ ਦਿਖਾਉਣ ਲੱਗੀ।

ਮਨ 'ਚ ਵਿਚਾਰ ਲਿਆਉਣ ਲੱਗੀ,
ਜੋ ਪਿਆਸ ਵਿੱਚ ਉਹ ਰੋਣ ਲੱਗੀ।
ਐਵੇਂ ਅੱਥਰੂ ਵਹਾਉਣ ਲੱਗੀ,
ਪਾਣੀ ਦੀ ਕੀਤੀ ਹੋਈ ਦੁਰਵਰਤੋਂ,
ਉੱਤੇ ਬੜਾ ਪਛਤਾਉਣ ਲੱਗੀ,
ਪਾਣੀ ਦੀ ਸਾਂਭ-ਸੰਭਾਲ ਲਈ,
ਮਨ 'ਚ ਵਿਚਾਰ ਬਣਾਉਣ ਲੱਗੀ।

ਪਹਿਲਾਂ ਆਪਣੇ ਘਰ 'ਚ ਫਿਰ,
ਮੁੱਹਲੇ 'ਚ ਦੁਹਰਾਉਣ ਲੱਗੀ।
ਪਾਣੀ ਬਚਾਉਣ ਦੀ ਗੱਲਬਾਤ,
ਹਰ ਇੱਕ ਨੂੰ ਸੁਣਾਉਣ ਲੱਗੀ,
ਥਾਂ-ਥਾਂ ਰੁੱਖ ਲਗਾਉਣ ਲੱਗੀ,
ਵਾਤਾਵਰਨ ਨੂੰ ਬਚਾਉਣ ਲੱਗੀ।

ਕੁਦਰਤ ਦੇ ਇਸ ਅਨਮੋਲ ਰਤਨ ਨੂੰ,
ਸਮਝ ਕੇ ਤੋਹਫ਼ਾ ਹਰ ਇੱਕ ਮਨ ਨੂੰ,
ਬੂੰਦ-ਬੂੰਦ ਬਚਾਉਣ ਦਾ ਹੋਕਾ ਲਾਉਣ ਲੱਗੀ।
ਅਣਗਹਿਲੀ ਦੀ ਨੀਂਦ ਸੁੱਤੇ ਜਗ ਨੂੰ,
ਉਹ ਪਿਆਰ ਨਾਲ ਜਗਾਉਣ ਲੱਗੀ।

ਸੁੱਕ ਰਹੇ ਨੇ ਰੁੱਖ ਤੇ ਬੂਟੇ,
ਧਰਤੀ ਵੀ ਹੁਣ ਰੋਣ ਲੱਗੀ।

# ਧੀ ਮਗਰੋਂ ਜੰਮਿਆਂ ਅਪਾਹਜ ਪੁੱਤ...

ਤਿੰਨ ਕੁ ਸਾਲਾਂ ਬਾਅਦ ਇਹਸਾਸ ਜਿਹਾ ਹੋਣ ਲੱਗਾ ਕੇ ਇਸਦੇ ਵਜੂਦ ਵਿਚ ਕੋਈ ਕਮੀ ਹੈ..ਸਿੱਧੀ ਸਾਦੀ ਬੋਲੀ ਵਿਚ ਆਖ ਲਵੋ ਕੇ ਅਪਾਹਜ ਸੀ!

ਦੋਸਤ ਮਿੱਤਰ ਰਿਸ਼ਤੇਦਾਰ ਆਂਢ ਗਵਾਂਢ ਸਮਾਜ ਬਰਾਦਰੀ ਸੋਸਾਈਟੀ..ਜਿੰਨੇ ਮੂੰਹ ਓਨੀਆਂ ਗੱਲਾਂ..ਪਿੱਠ ਪਿੱਛੇ ਕਈ ਆਖ ਦਿੰਦੇ ਕੇ ਜਰੂਰ ਕੋਈ ਪਿਛਲੇ ਜਨਮ ਦਾ ਲਹਿਣਾ ਦੇਣਾ ਹੋਣਾ ਜਿਹੜਾ ਸਾਮਣੇ ਆ ਗਿਆ।

ਨਾਲਦੀ ਅਕਸਰ ਹੀ ਦਿਲ ਛੋਟਾ ਕਰ ਜਾਂਦੀ ਪਰ ਮੈਂ ਮਨ ਕਰੜਾ ਕਰ ਉਸਦਾ ਸਿਰ ਆਪਣੇ ਮੋਢੇ ਤੇ ਟਿਕਾ ਲਿਆ ਕਰਦਾ!

ਫੇਰ ਇੱਕ ਦਿਨ ਗੁਟਕਾ ਸਾਬ ਹੱਥ ਵਿਚ ਫੜ ਇੱਕ ਪ੍ਰਣ ਲਿਆ ਕੇ ਪੁੱਤ ਦੀ ਇਸ ਅਵਸਥਾ ਨੂੰ ਕਦੇ ਵੀ ਆਪਣੀ ਕਮਜ਼ੋਰੀ ਨਹੀਂ ਬਣਨ ਦੇਣਾ ਤੇ ਬਸ ਸਮੇਂ ਦੇ ਵਹਿਣ ਦੇ ਨਾਲ ਨਾਲ ਹੀ ਤੁਰੀ ਜਾਣਾ..

ਹੁਣ ਪੰਝੀਆਂ ਨੂੰ ਢੁੱਕਣ ਲੱਗਾ..ਜਦੋਂ ਕਦੀ ਹਸਪਤਾਲ ਟ੍ਰੀਟਮੈਂਟ ਵਾਸਤੇ ਜਾਣਾ ਹੁੰਦਾ ਤਾਂ ਅੱਗੋਂ ਅਕਸਰ ਹੀ ਆਕੜ ਜਾਂਦਾ..ਸਰੀਰੋਂ ਤਕੜਾ ਏ ਤੇ ਕੱਦ ਕਾਠ ਵਿਚ ਵੀ ਮੈਥੋਂ ਉਚਾ! ਇੱਕ ਦਿਨ ਮੇਰੇ ਹੱਥੀਂ ਵੀ ਪੈ ਗਿਆ..ਬੜੀ ਮੁਸ਼ਕਿਲ ਸੰਭਾਲਿਆ..ਮੈਂ ਬਾਕੀਆਂ ਸਾਹਵੇਂ ਤਾਂ ਚੁੱਪ ਰਿਹਾ ਪਰ ਅੰਦਰ ਵੜ ਦੋ ਚਾਰ ਹੰਜੂ ਜਰੂਰ ਵਗ੍ਹਾ ਲਏ..ਦਿਲ ਹੌਲਾ ਜਿਹਾ ਹੋ ਗਿਆ!

ਫੇਰ ਪਿਆਰ ਨਾਲ ਪਲੋਸ ਪਲਾਸ ਕੇ ਤਿਆਰ ਕੀਤਾ..ਹਸਪਤਾਲ ਪੁੱਜੇ ਤਾਂ ਅੱਗੋਂ ਇੱਕ ਆਪਣਾ ਪੰਜਾਬੀ ਜੋੜਾ ਮਿਲ ਗਿਆ..ਬੇਹੱਦ ਪ੍ਰੇਸ਼ਾਨ ਅਤੇ ਉਦਾਸ!

ਪੁੱਛਿਆ ਤਾਂ ਆਖਣ ਲੱਗੇ ਕੇ ਕੱਲਾ ਕੱਲਾ ਪੁੱਤ ਏਧਰ ਪੜਨ ਘਲਿਆ ਸੀ..ਇੱਕ ਦਿਨ ਤੁਰੇ ਜਾਂਦੇ ਨੂੰ ਚੱਕਰ ਆਇਆ..ਐਮਬੂਲੈਂਸ ਕਾਲ ਕਰ ਲਈ..ਹਫਤਾ ਹੋ ਗਿਆ ਕੌਮਾ ਵਿਚ ਏ..ਇੰਸ਼ੋਰੈਂਸ ਵੀ ਅਜੇ ਦੋ ਦਿਨ ਬਾਅਦ ਵਿਚ ਹੀ ਸ਼ੁਰੂ ਹੋਣੀ ਸੀ!

ਮਸਲਾ ਲੰਮਾ ਅਤੇ ਪੇਚੀਦਾ ਲਗਿਆਂ ਤਾਂ ਆਪਣੇ ਵਾਲੇ ਨੂੰ ਨਾਲਦੀ ਨਾਲ ਟ੍ਰੀਟ-ਮੈਂਟ ਰੂਮ ਵਿਚ ਘੱਲ ਦਿੱਤਾ ਤੇ ਆਪ ਓਹਨਾ ਦੇ ਕੋਲ ਬੈਠ ਗਿਆ!

ਹਮਾਤੜ ਇਥੋਂ ਦੇ ਸਿਸਟਮ ਤੋਂ ਬਿਲਕੁਲ ਹੀ ਨਾਵਾਕਿਫ ਸਨ..ਆਪਣਾ ਵੀ ਲੋੜੀਂਦਾ ਬੀਮਾ ਨਹੀਂ ਸੀ ਕਰਵਾਇਆ..ਬਿਪਤਾ ਵਿਚ ਪਏ ਹੋਇਆਂ ਨੂੰ ਦੇਖ ਆਪਣਾ ਆਪ ਕਾਫੀ ਬੇਹਤਰ ਜਿਹਾ ਲੱਗਾ..ਨਾਨਕ ਦੁਖੀਆ ਸਭ ਸੰਸਾਰ..!

ਦੋਸਤੋ ਅੱਜ ਹੀ ਪੱਲਿਓਂ ਪੈਸੇ ਭਰ ਕੇ ਦੋ ਮਹੀਨੇ ਦੀ ਇੰਸ਼ੋਰੈਂਸ ਲੈ ਕੇ ਦਿੱਤੀ ਏ ਤੇ "ਕੌਮਾਂ" ਵਿਚ ਪਏ ਮੁੰਡੇ ਦੇ ਕਲੇਮ ਵਾਲੇ ਪੇਪਰ ਵੀ ਅਗਾਂਹ ਤੋਰੇ!

ਓਹਨਾ ਦੀਆਂ ਅੱਖਾਂ ਵਿਚ ਦੇਖਦਾ ਹਾਂ ਤਾਂ ਇੰਝ ਆਖਦੇ ਲੱਗਦੇ ਨੇ ਕੇ ਜਿਦਾਂ ਡੁੱਬਦਿਆਂ ਦੇ ਹੱਥ ਤੀਲਾ ਲੱਗ ਗਿਆ ਗਿਆ ਹੋਵੇ।

ਮੈਂ ਵੀ ਦੋਹਾਂ ਨੂੰ ਏਨਾ ਇਹਸਾਸ ਜਰੂਰ ਕਰਵਾ ਦਿੰਨਾ ਹਾਂ ਕੇ ਬੇਸ਼ੱਕ ਮੇਰੀ ਔਕਾਤ ਡੂੰਘੇ ਪਾਣੀ ਵਿਚ ਤਰਦੇ ਹੋਏ ਇੱਕ ਕਮਜ਼ੋਰ ਜਿਹੇ ਤੀਲੇ ਤੋਂ ਵੱਧ ਨਹੀਂ ਪਰ ਥੋੜੀ ਕੀਤਿਆਂ ਥੋਨੂੰ ਡੁੱਬਣ ਨਹੀਂ ਦੇਵਾਂਗਾ.

ਰੋਜ ਤਾਂ ਨਹੀਂ ਪਰ ਹਰ ਤੀਜੇ ਦਿਨ ਹਸਪਤਾਲ ਗੇੜਾ ਵੱਜਦਾ ਏ! ਦੋਵੇਂ ਬੈਠੇ ਉਡੀਕਦੇ ਹੁੰਦੇ ਨੇ..ਤੇ ਮੈਨੂੰ ਵੇਖ ਜਾਨ ਵਿਚ ਜਾਨ ਪੈ ਜਾਂਦੀ ਏ!

ਸਿਆਣੇ ਆਖਦੇ ਹੁੰਦੇ ਸਨ ਕੇ ਦੁੱਖ ਵੰਡਿਆਂ ਘਟਦਾ ਏ ਤੇ ਖੁਸ਼ੀ ਵਧਦੀ ਏ..ਜੇ ਕਦੀ ਆਪਣੇ ਵਜੂਦ ਨੂੰ ਘੁਣ ਵਾਂਙ ਖਾਈ ਜਾਂਦੇ ਦੁੱਖ ਤੇ ਫਿਕਰ-ਮੰਦੀਆਂ ਬਰਦਾਸ਼ਤ ਤੋਂ ਬਾਹਰ ਹੋ ਜਾਵਣ ਤਾਂ ਬਾਹਰ ਖੁੱਲੇ ਵਿਚ ਆ ਕੇ ਕਿਸੇ ਲੋੜਵੰਦ ਦੀ ਮਦਤ ਕਰ ਦੇਵੋ..ਕਰਾਮਾਤ ਜਰੂਰ ਹੋਵੇਗੀ!

ਸੱਚੀ ਘਟਨਾ ਤੇ ਅਧਾਰਿਤ...

ਹਰਪ੍ਰੀਤ ਸਿੰਘ ਜਵੰਦਾ

# ਕੀ ਪੰਜਾਬੀਆਂ ਦੀ ਸਰਕਲ ਸਟਾਇਲ ਕਬੱਡੀ ਏਸ਼ੀਅਨ ਖੇਡਾਂ ਅਤੇ ਉਲੰਪਿਕ ਵਿੱਚ ਜਾ ਸਕਦੀ ਹੈ ?

## IOC ਦੇ 5 ਨਿਯਮ ਪੂਰੇ ਕਰਕੇ 2036 ਤੱਕ ਉਲੰਪਿਕ ਵਿੱਚ ਸ਼ਾਮਲ ਹੋ ਸਕਦੀ ਹੈ ਪੰਜਾਬ ਦੀ ਵਿਰਾਸਤੀ ਖੇਡ ਕਬੱਡੀ - ਜਗਰੂਪ ਸਿੰਘ ਜਰਖੜ






**ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ**

ਪੰਜਾਬੀਆਂ ਦੀ ਵਿਰਾਸਤੀ ਅਤੇ ਦਰਸ਼ਨੀ ਖੇਡ ਸਰਕਲ ਸਟਾਈਲ ਕਬੱਡੀ ਕੀ ਏਸ਼ੀਅਨ ਜਾਂ ਉਲੰਪਿਕ ਖੇਡਾਂ ਵਿੱਚ ਜਾ ਸਕਦੀ ਹੈ ? ਇਸ ਸਵਾਲ ਦਾ ਜਵਾਬ ਹੈ – ਹਾਂ, ਬਿਲਕੁੱਲ ਜਾ ਸਕਦੀ ਹੈ, ਪਰ ਇਸਦੇ ਲਈ ਸਾਨੂੰ ਇੱਕ ਸਹੀ ਵਿਧੀ ਪ੍ਰਣਾਲੀ ਅਪਨਾਉਣੀ ਪਵੇਗੀ। ਅੱਜ ਤੋਂ ਹੀ ਕਬੱਡੀ ਵਾਲਿਆ ਨੂੰ ਉਪਰਾਲੇ ਸ਼ੁਰੂ ਕਰਨੇ ਪੈਣਗੇ । ਕਬੱਡੀ ਪ੍ਰਬੰਧਕਾਂ ਨੂੰ ਆਪਣਾ ਬੋਰੀਆ ਬਿਸਤਰਾ ਮੋਢੇ ਤੇ ਬੰਨ ਕੇ ਆਲਮੀ ਟੂਰ ਤੇ ਨਿਕਲਣਾ ਹੋਵੇਗਾ। ਸਿਰਫ ਇੱਕ ਦਹਾਕੇ ਦੀ ਮੇਹਨਤ ਹੈ ਕਿ ਜਦੋਂ ਸਰਕਲ ਸਟਾਈਲ ਕਬੱਡੀ ਉਲੰਪਿਕ ਖੇਡਾਂ ਅਤੇ ਏਸ਼ੀਅਨ ਖੇਡਾਂ ਦਾ ਹਿੱਸਾ ਹੋਵੇਗੀ।

ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਇਸ ਸਬੰਧੀ ਇੱਕ ਵਿਸ਼ੇਸ਼ ਰੋਡਮੈਪ ਤਿਆਰ ਕੀਤਾ ਹੈ।

ਹੁਣੇ ਹੁਣੇ ਏਸ਼ੀਅਨ ਖੇਡਾਂ ਵਿੱਚ ਭਾਰਤ ਨੇ ਸਟੈਂਡਰਡ ਕਬੱਡੀ, (ਸਾਡੀ ਨੈਸ਼ਨਲ ਸਟਾਈਲ ਕਬੱਡੀ) ਵਿਚ ਭਾਰਤ ਨੇ ਮਰਦਾ ਅਤੇ ਇਸਤਰੀਆਂ ਦੇ ਵਰਗ ਵਿੱਚ ਸੋਨ ਤਮਗਾ ਜਿੱਤਿਆ ਹੈ ਇਹ ਸਟੈਂਡਰਡ ਸਟਾਈਲ ਕਬੱਡੀ 1990 ਵਿੱਚ ਏਸ਼ੀਅਨ ਖੇਡਾਂ ਦਾ ਹਿੱਸਾ ਬਣੀ ਸੀ , 1982 ਏਸ਼ੀਅਨ ਖੇਡਾਂ ਦਿੱਲੀ ਵਿੱਚ ਇਸ ਕਬੱਡੀ ਦਾ ਪ੍ਰਦਰਸ਼ਨੀ ਮੈਚ ਖੇਡਿਆ ਗਿਆ ਸੀ। ਜਦ ਕਿ ਨੈਸ਼ਨਲ ਸਟਾਈਲ ਕਬੱਡੀ ਹੁਣ ਉਲਿੰਪਕ ਖੇਡਾਂ ਦੀ ਵੇਟਿੰਗ ਲਿਸਟ ਵਿੱਚ ਪੰਜਵੇਂ ਨੰਬਰ ਤੇ ਖੜੀ ਹੈ। ਏਸ਼ੀਅਨ ਖੇਡਾਂ ਦਾ ਹਿੱਸਾ ਬਣਾਉਣ ਲਈ ਸਰਕਲ ਸਟਾਈਲ ਕਬੱਡੀ ਵਾਲਿਆਂ ਨੂੰ ਨੈਸ਼ਨਲ ਸਟਾਇਲ ਕਬੱਡੀ ਵਾਲਿਆਂ ਦੀ ਹੀ ਨਕਲ ਕਰ ਲੈਣੀ ਚਾਹੀਦੀ ਹੈ।

**ਸਰਕਲ ਤੇ ਸਟੈਂਡਰਡ ਕਬੱਡੀ ਵਿੱਚ ਫਰਕ:**

ਅੱਜ ਉਲੰਪਿਕ ਦੀ ਦੌੜ ਵਿੱਚ ਸਟੈਂਡਰਡ (7 ਖਿਡਾਰੀ, ਮੈਟ ਵਾਲੀ) ਕਬੱਡੀ ਹੈ। ਸਰਕਲ ਕਬੱਡੀ (8 ਖਿਡਾਰੀ, ਗੋਲ ਚੱਕਰ, ਮਿੱਟੀ) ਸਾਡੀ ਆਪਣੀ ਪੰਜਾਬੀ ਭਾਈਚਾਰੇ ਦੀ ਵਿਰਾਸਤੀ ਖੇਡ ਹੈ। ਪਰ ਇਸਨੂੰ ਅਲੱਗ ਪਹਿਚਾਣ ਨਾਲ ਹੀ ਅੱਗੇ ਲਿਜਾਣਾ ਪਵੇਗਾ। ਜੇਕਰ ਸਰਕਲ ਸਟਾਈਲ ਕਬੱਡੀ ਨੂੰ ਏਸ਼ੀਅਨ ਖੇਡਾਂ ਜਾਂ ਉਲੰਪਿਕ ਖੇਡਾਂ ਤੱਕ ਲੈ ਕੇ ਜਾਣਾ ਹੈ ਤਾਂ ਉਸ ਲਈ ਜੋ ਰੋਡ ਮੈਪ ਬਣਾਇਆ ਹੈ ਉਸ ਤੇ ਅਮਲ ਕਰਨਾ ਪਵੇਗਾ।

**ਉਲੰਪਿਕ ਵਿੱਚ ਜਾਣ ਲਈ IOC ਦੇ 5 ਨਿਯਮ:**

1. **ਇੰਟਰਨੈਸ਼ਨਲ ਫੈਡਰੇਸ਼ਨ:** ਵਰਲਡ ਸਰਕਲ ਕਬੱਡੀ ਫੈਡਰੇਸ਼ਨ ਨੂੰ IOC ਤੋਂ ਮਾਨਤਾ ਲੈਣੀ ਜ਼ਰੂਰੀ ਹੈ ਅਤੇ ਵਰਲਡ ਪੱਧਰ ਦੀ ਕਬੱਡੀ ਫੈਡਰੇਸ਼ਨ ਬਣਾਉਣੀ ਪਵੇਗੀ।
2. **ਇੰਡੀਅਨ ਓਲੰਪਿਕ ਐਸੋਸੀਏਸ਼ਨ ਤੋਂ ਮਾਨਤਾ:** ਪੰਜਾਬੀਆਂ ਦੀ ਹਰਮਨ ਪਿਆਰੀ ਕਬੱਡੀ ਖੇਡ ਹੋਣ ਕਰਕੇ ਪਹਿਲੀ ਮਾਨਤਾ ਇੰਡੀਅਨ ਓਲੰਪਿਕ ਐਸੋਸੀਏਸ਼ਨ ਤੋਂ ਲੈਣੀ ਪਵੇਗੀ ਜਿਸ ਵਿੱਚ ਕਬੱਡੀ ਦਾ ਸਾਰਾ ਪ੍ਰਸਤਾਵ ਤਿਆਰ ਕਰਕੇ, ਵਿਧੀ ਵਿਧਾਨ, ਨਿਯਮ ਸਿਧਾਂਤ ਬਣਾ ਕੇ, ਵੱਡੇ ਮੈਚਾਂ ਦੀਆਂ ਵੀਡੀਓ ਆਦਿ ਆਈ ਓ ਏ ਕੋਲ ਪੇਸ਼ ਕਰਨੀਆਂ ਪੈਣਗੀਆਂ।
3. **75 ਦੇਸ਼ਾਂ ਵਿੱਚ ਖੇਡ:** ਮਰਦਾਂ ਦੀ ਖੇਡ 4 ਮਹਾਂਦੀਪਾਂ ਦੇ 75 ਦੇਸ਼ਾਂ ਅਤੇ ਔਰਤਾਂ ਦੀ 40 ਦੇਸ਼ਾਂ ਵਿੱਚ ਖੇਡੀ ਜਾਂਦੀ ਹੋਵੇ। ਉਥੋਂ ਦੀਆਂ ਉਲੰਪਿਕ ਐਸੋਸੀਏਸ਼ਨਾਂ ਵੱਲੋਂ ਮਾਨਤਾ ਲੈਣੀ ਪਵੇਗੀ। ਏਸ਼ੀਅਨ ਮਹਾਦੀਪ ਦੇ 22, 23 ਮੁਲਕਾਂ ਨਾਲ ਸੰਪਰਕ ਕਰਨਾ ਪਵੇਗਾ। ਜਿਸ ਤਰ੍ਹਾਂ ਨੈਸ਼ਨਲ ਸਟਾਈਲ ਕਬੱਡੀ ਵਾਲਿਆਂ ਨੇ ਕੀਤਾ ਹੈ। ਪਰ ਅੱਜ ਸਰਕਲ ਕਬੱਡੀ ਸਿਰਫ 6–7 ਦੇਸ਼ਾਂ ਵਿੱਚ ਹੀ ਖੇਡੀ ਜਾਂਦੀ ਹੈ।
4. **ਨੌਜਵਾਨ ਤੇ ਔਰਤਾਂ ਦੀ ਬਰਾਬਰੀ:** U-18 ਅਤੇ ਮਹਿਲਾ ਸਰਕਲ ਕਬੱਡੀ ਲਾਜ਼ਮੀ ਹੋਣੀ ਚਾਹੀਦੀ ਹੈ।
5. **ਡੋਪਿੰਗ ਟੈਸਟ ਤੇ WADA ਦੇ ਨਿਯਮ:** WADA (ਵਰਲਡ ਐਂਟੀ ਡਰੱਗ ਏਜੰਸੀ) ਦੇ ਨਿਯਮ ਇਮਾਨਦਾਰੀ ਨਾਲ ਲਾਗੂ ਕਰਨੇ ਪੈਣਗੇ।

**ਮੀਡੀਆ ਤੇ ਕਮਰਸ਼ੀਅਲ:** ਟੀਵੀ, ਸਪਾਂਸਰ ਅਤੇ ਇੱਕੋ ਜਿਹੇ ਨਿਯਮ ਤਿਆਰ ਕਰਨੇ ਹੋਣਗੇ।

**ਸਰਕਲ ਸਟਾਈਲ ਕਬੱਡੀ ਦਾ ਰੋਡਮੈਪ 2027–2036 –**

**ਨੀਂਹ ਪੱਧਰ:** ਕਬੱਡੀ ਸਰਕਲ ਸਟਾਇਲ ਦੀ ਇੱਕੋ ਰੂਲ ਬੁੱਕ ਬਣਾਉਣਾ, ਰੈਫਰੀ ਟ੍ਰੇਨਿੰਗ, ਮਿਆਰੀ ਕਮੈਂਟਰੀ ਅਤੇ ਏਸ਼ੀਅਨ ਗੇਮਜ਼ 2030 (ਦੋਹਾ ਕਤਰ) ਵਿੱਚ ਸਰਕਲ ਸਟਾਈਲ ਕਬੱਡੀ ਨੂੰ ਡੈਮੋ ਖੇਡ ਵਜੋਂ ਸ਼ਾਮਲ ਕਰਵਾਉਣਾ ਹੋਵੇਗਾ।

**2028 ਤੋਂ 2032 ਤੱਕ ਕਬੱਡੀ ਦਾ ਵਿਕਾਸ ਪੱਧਰ:** ਜਿਸ ਵਿਚ ਅੰਤਰਰਾਸ਼ਟਰੀ ਉਲਿੰਪਕ ਕੌਂਸਲ ਦੇ ਏਜੰਡੇ ਤਹਿਤ ਹਰ 2 ਸਾਲ ਬਾਅਦ ਵਰਲਡ ਕੱਪ ਕਰਵਾਉਣਾ, ਵੱਖ ਵੱਖ ਮੁਲਕਾਂ ਨੂੰ ਕਬੱਡੀ ਵਰਲਡ ਕੱਪ ਦੀ ਮੇਜ਼ਬਾਨੀ ਦੇਣਾ ਅਤੇ ਖੇਡ ਨਾਲ ਜੋੜਨਾ ਹੋਵੇਗਾ।

**2032–2036 – ਉਲੰਪਿਕ ਪੱਧਰ ਤੇ ਜਾਣ ਲਈ ਰਾਸਤਾ:** 2032 ਬ੍ਰਿਸਬੇਨ ਓਲੰਪਿਕ ਖੇਡਾਂ ਵਿੱਚ ਡੈਮੋ ਖੇਡ ਅਤੇ 2036 ਦੀਆਂ ਓਲੰਪਿਕ ਖੇਡਾਂ ਜਿਸ ਦੀ ਭਾਰਤ ਵਿੱਚ ਹੋਣ ਦੀ ਸੰਭਾਵਨਾ ਹੈ ਉਨਾਂ ਓਲੰਪਿਕ ਖੇਡਾਂ ਵਿੱਚ ਮੈਡਲ ਵਾਲੀ ਖੇਡ ਵਜੋਂ ਪੇਸ਼ ਕਰਨਾ ਹੋਵੇਗਾ । ਜਿਵੇਂ ਮੇਨ ਬਾਸਕਟਬਾਲ ਦੇ ਨਾਲ ਨਾਲ 3x3 ਬਾਸਕਟਬਾਲ ਓਲੰਪਿਕ ਖੇਡਾਂ ਵਿੱਚ ਗਿਆ ਹੈ। ਉਸੇ ਤਰ੍ਹਾਂ ਸਰਕਲ ਸਟਾਈਲ ਕਬੱਡੀ ਵੀ ਸਟੈਂਡਰਡ ਕਬੱਡੀ ਦੇ ਨਾਲ ਨਾਲ ਓਲਿੰਪਕ ਖੇਡਾਂ ਦੀ ਵਿਉਂਤਬੰਦੀ ਵਿੱਚ ਜਾ ਸਕਦੀ ਹੈ।

ਬਾਕੀ ਗੁਰੂ ਭਲੀ ਕਰੇ ਅਤੇ ਹੁਣ ਇਹ ਸਰਕਲ ਸਟਾਈਲ ਕਬੱਡੀ ਵਾਲੇ ਹੀ ਸੋਚਣ ਕਿ ਆਪਣੀ ਮਾਂ ਖੇਡ ਪ੍ਰਤੀ ਉਹਨਾਂ ਵਿੱਚ ਇੰਨੀ ਹਿੰਮਤ, ਇਮਾਨਦਾਰੀ, ਸਮਰਪਿਤ ਭਾਵਨਾ ਅਤੇ ਸਖਤ ਮਿਹਨਤ ਦਾ ਜਜ਼ਬਾ ਹੈ ਜੇ ਹੈ ਤਾਂ ਫੇਰ ਕਬੱਡੀ ਵਾਲੇ ਆਪਣੇ ਕਮਰਕੱਸੇ ਕੱਸ ਲੈਣ। ਯਾਦ ਰੱਖਣਾ, ਰਸਤਾ ਥੋੜਾ ਜਿਹਾ ਕਠਨ ਜਰੂਰ ਹੈ ਪਰ ਮੰਜ਼ਿਲ ਬਹੁਤੀ ਦੂਰ ਨਹੀਂ। ਕੰਮ ਹਮੇਸ਼ਾ ਕੀਤਿਆ ਹੀ ਹੁੰਦੇ ਹਨ, ਬਾਕੀ ਗੱਲਾਂ ਤਾਂ ਕਰਨੀਆਂ ਢੇਰ ਸੁਖੱਲੀਆਂ ਹੀ ਹੁੰਦੀਆਂ ਹਨ। ਜੇਕਰ ਕਿਤੇ ਇਹ ਹਿੰਮਤ ਹੋ ਜੇ ਫਿਰ ਪੰਜਾਬੀਆਂ ਦੀ ਕਬੱਡੀ ਦੀ ਪੂਰੀ ਦੁਨੀਆ ਵਿੱਚ ਪੌ ਬਾਰਾ ਹੋਵੇਗੀ। ਨਹੀਂ ਤਾਂ ਫਿਰ ਸਰਕਲ ਸਟਾਈਲ ਕਬੱਡੀ ਦਾ ਰੱਬ ਹੀ ਰਾਖਾ ਹੋਵੇਗਾ।



ਲੇਖਕ: ਜਗਰੂਪ ਸਿੰਘ ਜਰਖੜ, ਖੇਡ ਲੇਖਕ,
ਸੰਸਥਾਪਕ– ਖੇਡ ਮੈਦਾਨ ਬੋਲਦਾ ਹੈ,
ਸੰਪਰਕ: 98143–00722

# ਸੌਰਵ ਗਾਂਗੁਲੀ ਦਿੱਲੀ ਕੈਪੀਟਲਜ਼ ਦੇ ਹੈੱਡ ਕੋਚ ਬਣੇ

## ਅਗਲੇ IPL ਸੀਜ਼ਨ ਵਿੱਚ ਟੀਮ ਦੀ ਸੰਭਾਲਣਗੇ ਜ਼ਿੰਮੇਵਾਰੀ



ਨਵੀਂ ਦਿੱਲੀ: ਇੰਡੀਅਨ ਪ੍ਰੀਮੀਅਰ ਲੀਗ ਯਾਨੀ IPL 2027 ਦਾ ਅਗਲੇ ਸਾਲ ਆਯੋਜਨ ਹੋਣਾ ਹੈ। ਨਵੇਂ ਸੀਜ਼ਨ ਤੋਂ ਕਾਫ਼ੀ ਪਹਿਲਾਂ ਦਿੱਲੀ ਕੈਪੀਟਲਜ਼ ਯਾਨੀ DC ਨੇ ਵੱਡਾ ਐਲਾਨ ਕੀਤਾ ਹੈ। ਦਿੱਲੀ ਕੈਪੀਟਲਜ਼ ਨੇ ਆਪਣੇ ਨਵੇਂ ਹੈੱਡ ਕੋਚ ਦੇ ਨਾਂ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਕੈਪੀਟਲਜ਼ ਨੇ ਦਿਗਜ ਸੌਰਵ ਗਾਂਗੁਲੀ ਨੂੰ ਆਪਣਾ ਨਵਾਂ ਕੋਚ ਨਿਯੁਕਤ ਕੀਤਾ ਹੈ। ਦਿੱਲੀ ਕੈਪੀਟਲਜ਼ ਨੇ ਐਕਸ (X) 'ਤੇ ਇਹ ਜਾਣਕਾਰੀ ਦਿੱਤੀ। ਦਿੱਲੀ ਕੈਪੀਟਲਜ਼ ਨੇ ਵੀਡੀਓ ਸ਼ੇਅਰ ਕਰਦਿਆਂ ਲਿਖਿਆ, 'ਦਿੱਲੀ, ਇਹ ਦਾਦਾਗਿਰੀ ਦਾ ਸਮਾਂ ਹੈ। ਸੌਰਵ ਗਾਂਗੁਲੀ, ਟਾਈਗਰਜ਼ ਦੇ ਹੈੱਡ ਕੋਚ।'

ਦਿੱਲੀ ਕੈਪੀਟਲਜ਼ ਲਈ ਪਿਛਲੇ ਸੀਜ਼ਨ ਤੱਕ ਹੈੱਡ ਕੋਚ ਦੀ ਜ਼ਿੰਮੇਵਾਰੀ ਸਾਬਕਾ ਭਾਰਤੀ ਕ੍ਰਿਕਟਰ ਹੇਮਾਂਗ ਬਦਾਨੀ ਸੰਭਾਲ ਰਹੇ ਸਨ। ਹੁਣ ਸੌਰਵ ਗਾਂਗੁਲੀ ਹੈੱਡ ਕੋਚ ਦੀ ਕੁਰਸੀ ਸੰਭਾਲਣਗੇ। ਦਿੱਲੀ ਕੈਪੀਟਲਜ਼ ਉਨ੍ਹਾਂ ਚੋਣਵੀਆਂ ਟੀਮਾਂ ਵਿੱਚ ਸ਼ਾਮਲ ਹੈ, ਜੋ ਅੱਜ ਤੱਕ IPL ਖ਼ਿਤਾਬ ਨਹੀਂ ਜਿੱਤ ਸਕੀਆਂ ਹਨ। ਅਜਿਹੇ 'ਚ ਗਾਂਗੁਲੀ ਦੀ ਕੋਸ਼ਿਸ਼ ਦਿੱਲੀ ਕੈਪੀਟਲਜ਼ ਨੂੰ ਪਹਿਲੀ ਵਾਰ ਚੈਂਪੀਅਨ ਬਣਾਉਣ 'ਤੇ ਹੋਵੇਗੀ। ਗਾਂਗੁਲੀ ਤੋਂ ਪਹਿਲਾਂ ਦਿੱਲੀ ਕੈਪੀਟਲਜ਼ 6 ਕੋਚਾਂ ਨੂੰ ਅਜ਼ਮਾ ਚੁੱਕੀ ਹੈ। ਇਨ੍ਹਾਂ ਵਿੱਚ ਗ੍ਰੈਗਰੀ ਸ਼ਿਪਰਡ, ਐਰਿਕ ਸਾਈਮਨਜ਼, ਗੈਰੀ ਕਰਸਟਨ, ਪੈਡੀ ਅਪਟਨ, ਰਿਕੀ ਪੋਂਟਿੰਗ ਅਤੇ ਹੇਮਾਂਗ ਬਦਾਨੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਦਿੱਲੀ ਕੈਪੀਟਲਜ਼ ਦਾ ਪਿਛਲੇ 5 ਸਾਲਾਂ ਵਿੱਚ IPL ਵਿੱਚ ਪ੍ਰਦਰਸ਼ਨ ਬੇਹੱਦ ਖ਼ਰਾਬ ਰਿਹਾ ਹੈ। ਟੀਮ IPL 2022 ਤੋਂ ਗਰੁੱਪ ਸਟੇਜ ਤੋਂ ਅੱਗੇ ਨਹੀਂ ਵੱਧ ਸਕੀ ਹੈ। ਆਖ਼ਰੀ ਵਾਰ ਸਾਲ 2021 ਵਿੱਚ ਟੀਮ ਨੇ ਪਲੇਅ-ਆਫ਼ ਲਈ ਕੁਆਲੀਫ਼ਾਈ ਕੀਤਾ ਸੀ। ਉੱਥੇ ਹੀ, 2020 ਵਿੱਚ ਟੀਮ ਫਾਈਨਲ ਤੱਕ ਪਹੁੰਚੀ ਸੀ, ਪਰ ਖ਼ਿਤਾਬ ਜਿੱਤਣ ਵਿੱਚ ਕਾਮਯਾਬ ਨਹੀਂ ਹੋ ਸਕੀ ਸੀ।

# ਹਰਮਨਪ੍ਰੀਤ ਕੌਰ ਵੱਲੋਂ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨੀ ਤੋਂ ਅਸਤੀਫ਼ਾ




ਭਾਰਤ ਨੂੰ 2025 ਵਿਸ਼ਵ ਕੱਪ ਵਿੱਚ ਜਿੱਤ ਦਿਵਾਉਣ ਵਾਲੀ ਸਟਾਰ ਕ੍ਰਿਕਟਰ ਹਰਮਨਪ੍ਰੀਤ ਕੌਰ ਨੇ ਭਾਰਤੀ ਮਹਿਲਾ ਟੀਮ ਦੀ ਕਪਤਾਨੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹ ਹੁਣ ਕਿਸੇ ਵੀ ਫਾਰਮੈਟ ਵਿੱਚ ਟੀਮ ਦੀ ਕਪਤਾਨੀ ਨਹੀਂ ਕਰੇਗੀ। ਹਾਲ ਹੀ ਵਿੱਚ, ਉਸ ਦੀ ਅਗਵਾਈ ਹੇਠ ਭਾਰਤ ਨੇ ਏਸ਼ੀਆਈ ਖੇਡਾਂ ਵਿੱਚ ਮਹਿਲਾ ਕ੍ਰਿਕਟ ਮੁਕਾਬਲੇ ਵਿੱਚ ਲਗਾਤਾਰ ਦੂਜੀ ਵਾਰ ਸੋਨ ਤਗਮਾ ਜਿੱਤਿਆ ਸੀ।

ਸੋਸ਼ਲ ਮੀਡੀਆ 'ਤੇ ਇੱਕ ਭਾਵੁਕ ਸੰਦੇਸ਼ ਸਾਂਝਾ ਕਰਦਿਆਂ, ਹਰਮਨਪ੍ਰੀਤ ਨੇ ਕਿਹਾ ਕਿ ਇਹ ਫੈਸਲਾ ਉਸ ਲਈ ਆਸਾਨ ਨਹੀਂ ਸੀ, ਪਰ ਹੁਣ ਉਹ ਇੱਕ ਖਿਡਾਰਨ ਵਜੋਂ ਅੱਗੇ ਵਧਣਾ ਚਾਹੁੰਦੀ ਹੈ। ਆਪਣੇ ਸੰਦੇਸ਼ ਵਿੱਚ ਉਸਨੇ ਲਿਖਿਆ, "ਅੱਜ, ਮੈਂ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨੀ ਤੋਂ ਸਾਰੇ ਫਾਰਮੈਟਾਂ ਵਿੱਚ ਅਸਤੀਫਾ ਦੇ ਰਹੀ ਹਾਂ। ਇਹ ਕੋਈ ਆਸਾਨ ਫੈਸਲਾ ਨਹੀਂ ਹੈ। ਇਹ ਸਾਲਾਂ ਦੀਆਂ ਯਾਦਾਂ, ਭਾਵਨਾਵਾਂ, ਕੁਰਬਾਨੀਆਂ ਅਤੇ ਅਜਿਹੇ ਪਲਾਂ ਨਾਲ ਜੁੜਿਆ ਹੋਇਆ ਹੈ ਜੋ ਸਾਰੀ ਉਮਰ ਮੇਰੇ ਨਾਲ ਰਹਿਣਗੇ।"

37 ਸਾਲਾ ਹਰਮਨਪ੍ਰੀਤ ਨੇ ਪੰਜ ਟੈਸਟ, 51 ਵਨ-ਡੇ ਅਤੇ 155 ਟੀ-20 ਅੰਤਰਰਾਸ਼ਟਰੀ ਮੈਚਾਂ ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ ਹੈ। ਕਪਤਾਨ ਵਜੋਂ ਉਨ੍ਹਾਂ ਦੀ ਸਭ ਤੋਂ ਤਾਜ਼ਾ ਪ੍ਰਾਪਤੀ ਪਿਛਲੇ ਮਹੀਨੇ ਨਿਸ਼ਿਨ ਵਿਖੇ ਭਾਰਤੀ ਟੀਮ ਨੂੰ ਲਗਾਤਾਰ ਦੂਜੀ ਵਾਰ ਏਸ਼ੀਆਈ ਖੇਡਾਂ ਵਿੱਚ ਸੋਨ ਤਗਮਾ ਜਿਤਾਉਣਾ ਸੀ। ਹਰਮਨਪ੍ਰੀਤ ਦਾ ਕਪਤਾਨੀ ਛੱਡਣ ਦਾ ਫ਼ੈਸਲਾ ਗੁਹਾਟੀ ਵਿੱਚ ਹੋਈ ਉਸ ਮੀਟਿੰਗ ਦੇ ਇੱਕ ਦਿਨ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਭਾਰਤੀ ਮਹਿਲਾ ਟੀਮ ਦੀ ਉਪ-ਕਪਤਾਨ ਸਮ੍ਰਿਤੀ ਮੰਧਾਨਾ ਅਤੇ ਮੁੱਖ ਕੋਚ ਅਮੋਲ ਮਜ਼ੂਮਦਾਰ ਦੇ ਨਾਲ ਮਿਲ ਕੇ BCCI ਸਕੱਤਰ ਦੇਵਾਜੀਤ ਸੈਕੀਆ ਨਾਲ ਟੀਮ ਦੀ ਅਗਲੀ ਰਣਨੀਤੀ ਬਾਰੇ ਚਰਚਾ ਕੀਤੀ ਸੀ।

ਹਰਮਨਪ੍ਰੀਤ ਨੇ ਕਿਹਾ ਕਿ ਉਸ ਨੇ ਭਾਰਤੀ ਮਹਿਲਾ ਕ੍ਰਿਕਟ ਅਤੇ ਟੀਮ ਲਈ ਆਪਣਾ ਸਭ ਕੁਝ ਦਿੱਤਾ ਹੈ। ਕਈ ਮੌਕਿਆਂ 'ਤੇ, ਉਸ ਨੇ ਟੀਮ ਦੇ ਹਿੱਤ ਵਿੱਚ ਆਪਣੇ ਨਿੱਜੀ ਪ੍ਰਦਰਸ਼ਨ, ਵਿਕਾਸ ਅਤੇ ਨਿੱਜੀ ਇੱਛਾਵਾਂ ਨੂੰ ਵੀ ਪਿੱਛੇ ਰੱਖਿਆ। ਉਸ ਨੇ ਲਿਖਿਆ, "ਮੈਂ ਇਸ ਟੀਮ ਅਤੇ ਭਾਰਤੀ ਮਹਿਲਾ ਕ੍ਰਿਕਟ ਲਈ ਆਪਣਾ ਖ਼ੂਨ-ਪਸੀਨਾ ਅਤੇ ਸਮਾਂ ਦਿੱਤਾ ਹੈ। ਕਈ ਵਾਰ, ਮੈਂ ਆਪਣੀ ਖੇਡ ਦੇ ਪਹਿਲੂਆਂ ਅਤੇ ਨਿੱਜੀ ਇੱਛਾਵਾਂ ਨੂੰ ਵੀ ਪਾਸੇ ਰੱਖਿਆ ਕਿਉਂਕਿ ਮੇਰਾ ਮੰਨਣਾ ਸੀ ਕਿ ਟੀਮ ਸਭ ਤੋਂ ਪਹਿਲਾਂ ਆਉਂਦੀ ਹੈ।"

ਉਨ੍ਹਾਂ ਨੇ ਕਪਤਾਨ ਵਜੋਂ ਲਏ ਗਏ ਫੈਸਲਿਆਂ ਬਾਰੇ ਹੋਈ ਆਲੋਚਨਾ ਦਾ ਵੀ ਜਵਾਬ ਦਿੱਤਾ। ਹਰਮਨਪ੍ਰੀਤ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਫੈਸਲੇ ਮੁਸ਼ਕਲ ਸਨ ਅਤੇ ਹਮੇਸ਼ਾ ਸਮਝੇ ਨਹੀਂ ਗਏ, ਪਰ ਉਨ੍ਹਾਂ ਦਾ ਇੱਕੋ-ਇੱਕ ਮਕਸਦ ਟੀਮ ਨੂੰ ਬਿਹਤਰ ਬਣਾਉਣਾ ਅਤੇ ਹੋਰ ਖਿਡਾਰਨਾਂ ਨੂੰ ਅੱਗੇ ਆਉਣ ਦੇ ਮੌਕੇ ਪ੍ਰਦਾਨ ਕਰਨਾ ਸੀ।

ਹਰਮਨਪ੍ਰੀਤ ਨੇ ਭਾਰਤੀ ਟੀਮ ਦੇ ਨਾਲ ਆਪਣੇ ਸਫ਼ਰ ਦੇ ਉਤਰਾਅ-ਚੜ੍ਹਾਅ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਜਿੱਤਾਂ, ਜਸ਼ਨਾਂ ਅਤੇ ਦੇਸ਼ ਦੀ ਨੁਮਾਇੰਦਗੀ ਕਰਨ ਦੇ ਮਾਣ ਦੇ ਨਾਲ-ਨਾਲ ਨਿਰਾਸ਼ਾ, ਦਿਲ ਟੁੱਟਣ, ਆਲੋਚਨਾ ਅਤੇ ਮੁਸ਼ਕਲ ਦੌਰ ਦਾ ਸਾਹਮਣਾ ਕਰਨ ਬਾਰੇ ਵੀ ਗੱਲ ਕੀਤੀ। ਉਨ੍ਹਾਂ ਨੇ ਲਿਖਿਆ, "ਮੈਂ ਸਭ ਤੋਂ ਮਾੜੇ ਦੌਰ ਵੀ ਦੇਖੇ ਹਨ ਦਿਲ ਟੁੱਟਣਾ, ਆਲੋਚਨਾ ਅਤੇ ਸ਼ੱਕ। ਮੈਂ ਸਭ ਤੋਂ ਸ਼ਾਨਦਾਰ ਪਲ ਵੀ ਦੇਖੇ ਹਨ ਜਿੱਤਾਂ, ਜਸ਼ਨ ਅਤੇ ਦੇਸ਼ ਦੀ ਨੁਮਾਇੰਦਗੀ ਕਰਨ ਦਾ ਮਾਣ।" ਵਿਸ਼ਵ ਕੱਪ ਜਿੱਤਣ ਤੋਂ ਬਾਅਦ ਕਪਤਾਨੀ ਛੱਡਣ ਦਾ ਉਨ੍ਹਾਂ ਦਾ ਫੈਸਲਾ ਖਾਸ ਤੌਰ 'ਤੇ ਅਹਿਮ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਟੀਮ ਹੁਣ ਸਹੀ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ।










